@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 6 May 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 6 ਮਈ 2024, 22 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 166, qpatrika@gmail.com ਫੋਨ : 9971359517 www.qaumipatrika.org


## ਪਾਕਿ ਨੇਤਾ ਕਰ ਰਹੇ ਕਾਂਗਰਸ ਦੇ 'ਸ਼ਹਿਜਾਦੇ' ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਦੁਆ : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਪਲਾਮੂ 5 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਸਰਜੀਕਲ ਅਤੇ ਹਵਾਈ ਹਮਲਿਆਂ ਨੇ ਪਾਕਿਸਤਾਨ ਨੂੰ ਇੰਨਾ ਹਿਲਾ ਦਿੱਤਾ ਹੈ ਕਿ ਗੁਆਂਢੀ ਦੇਸ਼ ਦੇ ਨੇਤਾ ਉਦੋਂ ਦੁਆ ਕਰ ਰਹੇ ਹਨ ਕਿ ਕਾਂਗਰਸ ਦਾ 'ਸ਼ਹਿਜਾਦਾ' ਭਾਰਤ ਦਾ ਪ੍ਰਧਾਨ ਮੰਤਰੀ ਬਣੇ। ਮੋਦੀ ਨੇ ਪਲਾਮੂ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਦਾ ਨਾਂ ਲਏ ਬਿਨਾਂ ਉਨ੍ਹਾਂ ਤੇ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਗੁਆਂਢੀ ਦੇਸ਼ ਭਾਵੇਂ ਹੀ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦਾ ਹੋਵੇ ਪਰ ਭਾਰਤ ਮਜਬੂਤ ਪ੍ਰਧਾਨ ਮੰਤਰੀ ਵਾਲਾ ਮਜਬੂਤ ਦੇਸ਼ ਚਾਹੁੰਦਾ ਹੈ। ਉਨ੍ਹਾਂ ਕਿਹਾ,"ਮਾਂ ਭਾਰਤੀ ਦਾ ਅਪਮਾਨ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਵੇਂ ਭਾਰਤ ਦੇ 'ਸਰਜੀਕਲ ਅਤੇ ਏਅਰ ਸਟ੍ਰਾਈਕ' ਨੇ ਉਸ ਪਾਕਿਸਤਾਨ ਨੂੰ ਹਿਲਾ ਕੇ ਰੱਖ ਦਿੱਤਾ ਸੀ, ਜਿਸ ਨੂੰ ਕਾਂਗਰਸ ਸ਼ਾਸਨ ਦੌਰਾਨ ਭਾਰਤ 'ਤੇ ਅੱਤਵਾਦੀ ਹਮਲਿਆਂ ਦਾ ਸਮਰਥਨ ਕਰਨ ਲਈ ਜਾਣਿਆ ਜਾਂਦਾ ਸੀ।" ਪੀ.ਐੱਮ. ਮੋਦੀ ਨੇ ਕਿਹਾ,"ਨਵਾਂ ਭਾਰਤ ਜਾਣਦਾ ਹੈ ਕਿ ਦੁਸ਼ਮਣ ਦੇ ਇਲਾਕੇ 'ਚ ਕਿਵੇਂ ਦਾਖਲ ਹੋਣਾ ਹੈ ਅਤੇ ਹਮਲਾ ਕਰਨਾ ਹੈ... ਸਰਜੀਕਲ ਸਟ੍ਰਾਈਕ ਅਤੇ ਏਅਰ ਸਟ੍ਰਾਈਕ ਨਾਲ ਹਿਲ ਚੁੱਕੇ ਪਾਕਿਸਤਾਨ ਦੇ ਨੇਤਾ ਦੁਆ ਕਰ ਰਹੇ ਹਨ ਕਿ ਕਾਂਗਰਸ ਦਾ ਸ਼ਹਿਜਾਦਾ ਦੇਸ਼ ਦਾ ਪ੍ਰਧਾਨ ਮੰਤਰੀ ਬਣੇ।" ਉਨ੍ਹਾਂ ਨੇ ਵੋਟਰਾਂ ਨੂੰ ਇਕ ਵੋਟ ਦੇ ਮਹੱਤਵ ਨੂੰ ਪਛਾਣਨ ਦੀ ਅਪੀਲ ਕੀਤੀ,"ਜਿਸ ਨੇ 500 ਸਾਲਾਂ ਤੱਕ ਪੀੜ੍ਹੀਆਂ ਦੇ ਸੰਘਰਸ਼ ਤੋਂ ਬਾਅਦ ਰਾਮ ਮੰਦਰ ਦੇ ਨਿਰਮਾਣ 'ਚ ਯੋਗਦਾਨ ਦਿੱਤਾ, ਨਾਲ ਹੀ ਜੰਮੂ ਕਸ਼ਮੀਰ ਤੋਂ ਧਾਰਾ 370 ਨੂੰ ਰੱਦ ਕੀਤਾ।" ਪੀ.ਐੱਮ. ਮੋਦੀ ਨੇ ਇਹ ਵੀ ਕਿਹਾ ਕਿ ਉਹ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਲਈ ਸੰਵਿਧਾਨ ਬਦਲਣ ਦੇ ਕਾਂਗਰਸ ਦੇ ਕਿਸੇ ਵੀ ਮੰਸੂਬੇ ਨੂੰ ਸਫਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ,"ਪਿਛਲੇ 25 ਸਾਲਾਂ 'ਚ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਮੇਰੇ ਉੱਪਰ ਭ੍ਰਿਸ਼ਟਾਚਾਰ ਦਾ ਕੋਈ ਦਾਗ ਨਹੀਂ ਲੱਗਾ ਹੈ। ਮੇਰੇ ਕੋਲ ਨਾ ਤਾਂ ਘਰ ਹੈ ਅਤੇ ਨਾ ਹੀ ਸਾਈਕਲ... ਪਰ ਭ੍ਰਿਸ਼ਟ ਝਾਮੁਮੋ ਅਤੇ ਕਾਂਗਰਸ ਨੇਤਾਵਾਂ ਨੇ ਆਪਣੇ ਬੱਚਿਆਂ ਲਈ ਜ਼ਿਆਦਾ ਜਾਇਦਾਦ ਬਣਾ ਲਈ ਹੈ।"



## ਅਮਿਤ ਸ਼ਾਹ ਦੀ ਟਿੱਪਣੀ 'ਤੇ ਓਵੈਸੀ ਦਾ ਵੱਡਾ ਬਿਆਨ

ਹੈਦਰਾਬਾਦ 5 ਮਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਦੇ ਬਿਆਨ 'ਤੇ ਜਵਾਬੀ ਹਮਲਾ ਕਰਦਿਆਂ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ (ਏ.ਆਈ.ਐੱਮ.ਆਈ.ਐੱਮ.) ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਹੈ ਕਿ ਜੋ ਰਜਾਕਾਰ ਸਨ, ਉਹ ਪਾਕਿਸਤਾਨ ਭੱਜ ਗਏ ਅਤੇ ਜੋ ਦੇਸ ਦੇ ਵਫਾਦਾਰ ਸਨ, ਉਹ ਇੱਥੇ ਹੀ ਰਹਿ ਗਏ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਕਿਹਾ ਸੀ ਕਿ ਹੈਦਰਾਬਾਦ ਲੋਕ ਸਭਾ ਸੀਟ 'ਤੇ ਰਜਾਕਾਰ 40



ਸਾਲਾਂ ਤੋਂ ਕਾਬਜ ਹਨ। ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਓਵੈਸੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਆਗੂ ਅਕਸਰ ਹੈਦਰਾਬਾਦ ਲੋਕ ਸਭਾ ਸੀਟ ਬਾਰੇ ਬਿਆਨ ਦਿੰਦੇ ਹਨ ਕਿ 'ਰਜਾਕਾਰਾਂ' ਨੇ ਇੱਥੇ 40 ਸਾਲ ਰਾਜ ਕੀਤਾ ਹੈ। ਪੁਰਾਣਾ ਸਹਿਰ ਹੈਦਰਾਬਾਦ ਆਈ. ਐੱਸ. ਆਈ. ਐੱਸ. ਦਾ ਅੱਡਾ ਹੈ। ਇੱਥੇ ਸਰਜੀਕਲ ਸਟ੍ਰਾਈਕ ਕੀਤੀ ਜਾਏਗੀ। ਓਵੈਸੀ ਨੇ ਕਿਹਾ ਕਿ ਇੱਥੇ ਕੋਈ ਰਜਾਕਾਰ ਨਹੀਂ ਹਨ। ਇੱਥੇ ਇਨਸਾਨ ਰਹਿੰਦੇ ਹਨ। ਜਿਹੜੇ ਰਜਾਕਾਰ ਸਨ, ਉਹ ਪਾਕਿਸਤਾਨ ਦੌੜ ਗਏ।

## ਸਕੂਲ ਦੇ ਏਅਰ ਕੰਡੀਸਨਿੰਗ ਦਾ ਖਰਚਾ ਮਾਪੇ ਖੁਦ ਚੁੱਕਣ : ਹਾਈ ਕੋਰਟ

ਨਵੀਂ ਦਿੱਲੀ 5 ਮਈ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਸਕੂਲ ਵਿਚ ਏਅਰ ਕੰਡੀਸਨਿੰਗ ਦਾ ਖਰਚਾ ਮਾਪਿਆਂ ਨੂੰ ਹੀ ਝੱਲਣਾ ਪਵੇਗਾ, ਕਿਉਂਕਿ ਇਹ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਇਕ ਸਹੂਲਤ ਹੈ, ਜੋ ਪ੍ਰਯੋਗਸਾਲਾ ਫੀਸ ਵਰਗੇ ਹੋਰ ਖਰਚਿਆਂ ਤੋਂ ਵੱਖ ਨਹੀਂ ਹੈ। ਐਕਟਿੰਗ ਚੀਫ ਜਸਟਿਸ ਮਨਮੋਹਨ ਦੀ ਪ੍ਰਧਾਨਗੀ ਵਾਲੀ ਡਵੀਜਨ ਬੈਂਚ ਨੇ ਇਕ ਨਿੱਜੀ ਸਕੂਲ ਵੱਲੋਂ ਕਲਾਸਾਂ ਦੇ ਕਮਰਿਆਂ 'ਚ ਏਅਰ ਕੰਡੀਸਨਿੰਗ ਲਈ 2,000 ਰੁਪਏ ਪ੍ਰਤੀ ਮਹੀਨਾ ਵਸੂਲਣ ਖ਼ਿਲਾਫ ਦਾਖਲ ਇਕ




ਜਨਹਿਤ ਪਟੀਸਨ ਖਾਰਜ ਕਰ ਦਿੱਤੀ। ਬੈਂਚ ਨੇ 2 ਮਈ ਨੂੰ ਪਾਸ ਆਪਣੇ ਹੁਕਮਾਂ 'ਚ ਕਿਹਾ ਕਿ ਇਸ ਤਰ੍ਹਾਂ ਦਾ ਵਿੱਤੀ ਬੋਝ ਇਕੱਲੇ ਸਕੂਲ ਪ੍ਰਬੰਧਨ 'ਤੇ ਨਹੀਂ ਪਾਇਆ ਜਾ ਸਕਦਾ ਅਤੇ ਮਾਤਾ-ਪਿਤਾ ਨੂੰ ਸਕੂਲ ਦੀ ਚੋਣ ਕਰਦੇ ਸਮੇਂ ਸਹੂਲਤਾਂ ਅਤੇ ਉਨ੍ਹਾਂ 'ਤੇ ਆਉਣ ਵਾਲੇ ਖਰਚਿਆਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ। ਪਟੀਸਨਰ ਦਾ ਬੱਚਾ ਇਕ ਨਿੱਜੀ ਸਕੂਲ 'ਚ ਨੌਵੀਂ ਜਮਾਤ 'ਚ ਪੜ੍ਹਦਾ ਹੈ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੇ ਕੀਤੀ ਸਖਤ ਨਿੰਦਾ

ਅੰਮ੍ਰਿਤਸਰ 5 ਮਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ ਦਾ ਸਿਲਸਿਲਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਵੱਡੀ ਚਿੰਤਾ ਦਾ ਵਿਸਾ ਬਣ ਰਿਹਾ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਇੱਕ ਧਾਰਮਿਕ ਸਮਾਗਮ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਜਗਬਾਣੀ ਨਾਲ ਗੱਲਬਾਤ ਕਰਦਿਆਂ ਕੀਤਾ । ਉਹਨਾਂ ਨੇ ਕਿਹਾ ਕਿ ਬੀਤੇ ਦਿਨੀਂ ਫਿਰੋਜਪੁਰ ਨੇੜੇ ਪਿੰਡ ਬੰਡਾਲਾ ਦੇ ਇੱਕ ਨੌਜਵਾਨ ਜਿਸਦੀ 20 ਸਾਲ ਉਮਰ ਦੱਸੀ ਜਾ ਰਹੀ ਹੈ, ਉਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅੰਗ ਪਾੜ ਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਬੇਅਦਬੀ ਕੀਤੀ ਹੈ, ਜਿਸ ਨੂੰ ਮੌਕੇ 'ਤੇ ਹੀ ਸੰਗਤਾਂ ਨੇ ਕਾਬੂ ਕਰ ਲਿਆ ਹੈ। ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਇਹ ਵੀ ਕਿਹਾ ਕਿ ਦੇਖਣ ਵਿੱਚ ਆ ਰਿਹਾ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਇਲੈਕਸਨ ਸਮੇਂ ਵੋਟਾਂ ਦੌਰਾਨ ਹੀ ਕਿਉਂ ਜ਼ਿਆਦਾ ਵਾਪਰਦੀਆਂ ਹਨ, ਇਸ ਦੇ ਪਿੱਛੇ ਕਿਸ ਦਾ ਹੱਥ ਹੈ

## ਦੇਸ ਦੇ ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵਗੌੜਾ ਦੇ ਪੁੱਤਰ ਨੂੰ ਐਸਆਈਟੀ ਨੇ ਕੀਤਾ ਗ੍ਰਿਫਤਾਰ

ਨੈਸ਼ਨਲ ਡੈਸਕ 5 ਮਈ। ਦੇਸ ਦੇ ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵਗੌੜਾ ਦੇ ਪੁੱਤਰ ਐਚਡੀ ਰੇਵੰਨਾ ਨੂੰ ਕਰਨਾਟਕ ਪੁਲਸ ਦੀ ਐਸਆਈਟੀ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਨੂੰ ਕਈ ਔਰਤਾਂ ਨਾਲ ਬਲਾਤਕਾਰ ਅਤੇ ਅਗਵਾ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪਿਛਲੇ ਵੀਰਵਾਰ ਨੂੰ ਇੱਕ ਔਰਤ ਨੇ ਮੈਸੂਰ ਵਿੱਚ ਐਚਡੀ ਰੇਵੰਨਾ ਖ਼ਿਲਾਫ ਅਗਵਾ ਦਾ ਕੇਸ ਦਰਜ ਕਰਵਾਇਆ ਸੀ ਅਤੇ ਉਸ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਐਸਆਈਟੀ ਨੇ ਰੇਵੰਨਾ ਨੂੰ ਦੋ ਵਾਰ ਨੋਟਿਸ ਵੀ ਭੇਜਿਆ ਸੀ ਇਸ ਦੇ ਬਾਵਜੂਦ ਵੀ ਉਹ ਪੇਸ ਨਹੀਂ ਹੋਇਆ। ਇਸ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਤੋਂ ਬਚਣ ਲਈ ਐਚਡੀ ਰੇਵੰਨਾ ਨੇ ਅਦਾਲਤ ਵਿੱਚ ਅਗਾਊਂ ਜਮਾਨਤ ਲਈ ਅਰਜੀ ਵੀ ਦਾਇਰ ਕੀਤੀ ਸੀ ਪਰ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ 'ਤੇ ਅਗਲੀ ਸੁਣਵਾਈ 6 ਮਈ ਨੂੰ ਹੋਵੇਗੀ। ਤੁਹਾਨੂੰ ਦੱਸ ਦੇਈਏ ਕਿ ਐਚਡੀ ਰੇਵੰਨਾ ਅਤੇ ਪ੍ਰਜਵਲ ਰੇਵੰਨਾ ਖ਼ਿਲਾਫ ਲੁੱਕ ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ ਅਤੇ ਸੀਬੀਆਈ ਤੋਂ ਇੰਟਰਪੋਲ ਤੋਂ ਬਲੂ ਕਾਰਨਰ ਨੋਟਿਸ ਵੀ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ। ਐਚਡੀ ਰੇਵੰਨਾ ਦੀ ਗ੍ਰਿਫਤਾਰੀ ਤੋਂ ਪਹਿਲਾਂ ਕਰਨਾਟਕ ਦੇ ਗ੍ਰਹਿ ਮੰਤਰੀ ਜੀ ਪਰਮੇਸਵਰ ਨੇ ਕਿਹਾ ਸੀ ਕਿ ਉਸ ਨੂੰ ਇੱਕ ਹੋਰ ਮੌਕਾ ਦਿੱਤਾ ਜਾਵੇਗਾ ਅਤੇ ਧਾਰਾ 41 ਤਹਿਤ ਨੋਟਿਸ ਦਿੱਤਾ ਗਿਆ ਹੈ।

## ਕੰਗਨਾ ਰਨੌਤ ਨੇ ਕਾਂਗਰਸ 'ਤੇ ਕੀਤੇ ਤਿੱਖੇ ਸ਼ਬਦੀ ਹਮਲੇ

**ਏਜੰਸੀਆਂ**

ਸੁੰਦਰਨਗਰ 5 ਮਈ। ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੀ ਉਮੀਦਵਾਰ ਕੰਗਨਾ ਰਨੌਤ ਨੇ ਕਾਂਗਰਸ ਪਾਰਟੀ ਨੂੰ ਅੰਗੇਰਜਾਂ ਦੀ ਛੱਡੀ ਹੋਈ ਬੀਮਾਰੀ ਦੱਸਿਆ ਹੈ। ਰਨੌਤ ਨੇ ਸ਼ੁੱਕਰਵਾਰ ਸ਼ਾਮ ਨੂੰ ਸੁੰਦਰਨਗਰ ਬਾਜਾਰ ਵਿਚ ਰੋਡ ਸ਼ੋਅ ਕੀਤਾ ਅਤੇ ਆਪਣੇ ਲਈ ਵੋਟਾਂ ਮੰਗਣ ਨਾਲ ਹੀ ਕਾਂਗਰਸ ਪਾਰਟੀ ਅਤੇ ਉਸ ਦੇ ਨੇਤਾਵਾਂ 'ਤੇ ਤਿੱਖੇ ਜੁਬਾਨੀ ਹਮਲੇ ਕੀਤੇ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਅੰਗਰੇਜਾਂ ਦੀ ਛੱਡੀ ਹੋਈ ਬੀਮਾਰੀ ਹੈ ਅਤੇ ਇਸ ਨਾਲ ਸਾਡਾ ਦੇਸ਼ ਕਈ ਦਹਾਕਿਆਂ ਤੱਕ ਪੀੜਤ ਰਿਹਾ। ਰਨੌਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਜਨਾਦੇਸ਼ ਸਰਦਾਰ ਪਟੇਲ ਨੂੰ ਮਿਲਿਆ ਪਰ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਬਣਾ ਦਿੱਤਾ ਗਿਆ। ਉਸ ਤੋਂ ਬਾਅਦ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਅਤੇ ਤਾਨਾਸ਼ਾਹੀ ਕਰ ਕੇ ਪੂਰੇ ਦੇਸ਼ ਨੂੰ ਕੈਦ ਕਰ ਦਿੱਤਾ। ਫਿਰ ਇਟਾਲੀਅਨ ਸੋਨੀਆ ਗਾਂਧੀ ਇਸ ਦੇਸ਼ 'ਤੇ ਆਪਣਾ 'ਹੱਥ' ਅਜਮਾਉਣ ਆ ਗਈ। ਰਨੌਤ ਮੁਤਾਬਕ ਕਾਂਗਰਸ ਪਾਰਟੀ ਦੇ ਇਸ ਪਰਿਵਾਰਵਾਦ ਨੇ ਦੇਸ਼ ਨੂੰ ਦੀਮਕ ਵਾਂਗ ਖਾਧਾ ਹੈ ਪਰ 2014 ਵਿਚ ਇਕ ਬਦਲਾਅ ਹੋਇਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਇਕ ਨਵੀਂ ਦਿਸ਼ਾ ਦਿੱਤੀ। ਕੰਗਨਾ ਨੇ ਰਾਹੁਲ ਗਾਂਧੀ, ਤੇਜਸਵੀ ਸੂਰੀਆ ਅਤੇ ਅਖਿਲੇਸ਼ ਯਾਦਵ 'ਤੇ ਵੀ ਤਿੱਖੇ ਜੁਬਾਨੀ ਹਮਲੇ ਬੋਲੇ। ਉਨ੍ਹਾਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਨਾ ਕੋਈ ਚਰਿੱਤਰ ਹੈ ਅਤੇ ਨਾ ਹੀ ਸੰਸਕਾਰ। ਹਿਮਾਚਲ ਵਿਚ ਇਕ ਅਜਿਹਾ ਰਾਜਕੁਮਾਰ ਵੀ ਹੈ ਜਿਸ ਨੂੰ ਦੇਸ ਵਿਚ ਕੋਈ ਨਹੀਂ ਜਾਣਦਾ ਸੀ ਪਰ ਅੱਜ ਉਹ ਮੇਰੇ ਖਿਲਾਫ ਅਸਲੀਲ ਟਿੱਪਣੀਆਂ ਕਰਕੇ ਸੁਰਖੀਆਂ ਵਿਚ ਆ ਰਿਹਾ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਨੂੰ ਪਦਮਸ੍ਰੀ ਵਰਗਾ ਵੱਕਾਰੀ ਸਨਮਾਨ ਮਿਲਿਆ ਹੈ। ਕੰਗਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਹਾਨ ਕਿਰਦਾਰ ਵਾਲਾ ਅਤੇ ਵਿਰੋਧੀ ਪਾਰਟੀਆਂ ਨੂੰ ਕਾਰਟੂਨ ਵੀ ਕਿਹਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿਨ-ਰਾਤ ਦੇਸ ਬਾਰੇ ਸੋਚਦੇ ਰਹਿੰਦੇ ਹਨ ਜਦਕਿ ਦੂਜੇ ਪਾਸੇ ਕਾਰਟੂਨ ਹਰ ਰੋਜ ਹਾਸੋਹੀਣੀ ਗੱਲਾਂ ਕਹਿੰਦੇ ਰਹਿੰਦੇ ਹਨ।




## ਪ੍ਰਧਾਨ ਮੰਤਰੀ ਮੋਦੀ ਭਗਵਾਨ ਰਾਮ ਦੇ ਨਾਂ 'ਤੇ ਮੰਗਣਗੇ ਵੋਟ ਪਰ ਵਿਕਾਸ ਤੇ ਮਹਿੰਗਾਈ 'ਤੇ ਨਹੀਂ ਬੋਲਣਗੇ : ਸੰਜੇ ਰਾਊਤ

ਮੁੰਬਈ 5 ਮਈ। ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਸੰਜੇ ਰਾਊਤ ਨੇ ਐਤਵਾਰ ਨੂੰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਗਵਾਨ ਰਾਮ ਦੇ ਨਾਂ 'ਤੇ ਵੋਟ ਮੰਗਣਗੇ ਪਰ ਵਿਕਾਸ, ਮਹਿੰਗਾਈ ਅਤੇ ਰੁਜਗਾਰ 'ਤੇ ਨਹੀਂ ਬੋਲਣਗੇ। ਰਾਊਤ ਨੇ ਇੱਥੋਂ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਦੇ ਪਹਿਲੇ 2 ਪੜਾਵਾਂ ਤੋਂ ਬਾਅਦ ਭਾਜਪਾ ਪਿੱਛੇ ਚੱਲ ਰਹੀ ਹੈ। ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਦੀ ਵੋਟਿੰਗ 7 ਮਈ ਨੂੰ ਹੋਵੇਗੀ। ਪ੍ਰਧਾਨ ਮੰਤਰੀ ਮੋਦੀ ਦਾ ਐਤਵਾਰ ਨੂੰ ਅਯੁੱਧਿਆ 'ਚ ਰਾਮ ਮੰਦਰ ਦਾ ਦੌਰਾ ਕਰਨ ਅਤੇ ਰੋਡ ਸ਼ੋਅ ਕਰਨ ਦਾ ਪ੍ਰੋਗਰਾਮ ਹੈ। ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਰਾਊਤ ਨੇ ਕਿਹਾ,"ਮੋਦੀ ਦਵਾਰਕਾ, ਮਥੁਰਾ ਅਤੇ ਅਯੁੱਧਿਆ ਜਾਣਗੇ। ਉਹ ਹਰੇਕ ਮੰਦਰ 'ਚ ਜਾਣਗੇ ਪਰ ਵਿਕਾਸ, ਮਹਿੰਗਾਈ ਅਤੇ ਰੁਜਗਾਰ 'ਤੇ ਗੱਲ ਨਹੀਂ ਕਰਨਗੇ। ਉਹ ਇਸ ਬਾਰੇ ਗੱਲ ਨਹੀਂ ਕਰਨਗੇ ਕਿ 2019 'ਚ ਪੁਲਵਾਮਾ ਹਮਲਾ ਕਿਉਂ ਹੋਇਆ।" ਉਨ੍ਹਾਂ ਨੇ ਜੰਮੂ ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਹਵਾਈ ਫੌਜ ਦੇ ਕਾਫਲੇ 'ਤੇ ਹੋਏ ਹਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ,"ਕੱਲ੍ਹ ਦਿਨ-ਦਿਹਾੜੇ ਸਾਡੇ ਜਵਾਨਾਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਮੋਦੀ ਇਸ ਬਾਰੇ ਅਯੁੱਧਿਆ 'ਚ ਗੱਲ ਨਹੀਂ ਕਰਨਗੇ। ਉਹ ਸਿਰਫ ਭਗਵਾਨ ਰਾਮ ਦੇ ਨਾਂ 'ਤੇ ਵੋਟ ਮੰਗਣਗੇ।"



## ਕਾਂਗਰਸ ਵਿਧਾਇਕਾ ਨਿਰਮਲਾ ਸਪਰੇ ਭਾਜਪਾ 'ਚ ਹੋਈ ਸ਼ਾਮਲ

ਭੋਪਾਲ 5 ਮਈ। ਮੱਧ ਪ੍ਰਦੇਸ਼ ਦੀ ਬੀਨਾ ਵਿਧਾਨ ਸਭਾ ਸੀਟ ਤੋਂ ਕਾਂਗਰਸ ਵਿਧਾਇਕ ਨਿਰਮਲਾ ਸਪਰੇ ਐਤਵਾਰ ਨੂੰ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) 'ਚ ਸ਼ਾਮਲ ਹੋ ਗਈ। ਉਹ ਮਾਰਚ 'ਚ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਚੋਣ ਜਾਬਤਾ ਲਾਗੂ ਹੋਣ ਦੇ ਬਾਅਦ ਤੋਂ ਕਾਂਗਰਸ ਤੋਂ ਭਾਜਪਾ 'ਚ ਸ਼ਾਮਲ ਹੋਣ ਵਾਲੀ ਤੀਜੀ ਵਿਧਾਇਕ ਹੈ। ਸਪਰੇ ਸਾਗਰ ਜ਼ਿਲ੍ਹੇ ਦੇ ਰਾਹਤਗੜ੍ਹ 'ਚ ਇਕ ਜਨ ਸਭਾ 'ਚ ਮੁੱਖ ਮੰਤਰੀ ਮੋਹਨ ਯਾਦਵ ਦੀ ਮੌਜੂਦਗੀ 'ਚ ਭਾਜਪਾ 'ਚ ਸ਼ਾਮਲ ਹੋਈ। ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ 'ਚ ਸਪਰੇ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਚੋਣ ਖੇਤਰ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ ਪਰ ਉਹ ਉਨ੍ਹਾਂ ਨੂੰ ਪੂਰਾ ਨਹੀਂ ਕਰ ਪਾ ਰਹੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਅਜੇ ਸੱਤਾ ਤੋਂ ਬਾਹਰ ਹੈ ਅਤੇ ਦਾਅਵਾ ਕੀਤਾ ਕਿ ਵਿਰੋਧੀ ਦਲ ਕੋਲ ਵਿਕਾਸ ਦਾ ਕੋਈ ਏਜੰਡਾ ਵੀ ਨਹੀਂ ਹੈ। ਸਪਰੇ ਨੇ ਕਿਹਾ,"ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਮੋਹਨ ਯਾਦਵ ਦੀ ਅਗਵਾਈ 'ਚ ਵਿਕਾਸ ਦੀ ਧਾਰਾ 'ਚ ਸ਼ਾਮਲ ਹੋ ਗਈ ਹਾਂ।" ਚੋਣ ਕਮਿਸ਼ਨ ਨੇ 16 ਮਾਰਚ ਨੂੰ ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਦਾ ਐਲਾਨ ਕੀਤਾ ਸੀ। ਛਿੰਦਵਾੜਾ ਜ਼ਿਲ੍ਹੇ ਦੇ ਅਮਰਵਾੜਾ ਤੋਂ ਵਿਧਾਇਕ ਕਮਲੇਸ਼ ਸ਼ਾਹ 29 ਮਾਰਚ ਨੂੰ ਕਾਂਗਰਸ ਛੱਡ ਕੇ ਅਤੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਉੱਥੇ ਹੀ ਵਿਧਾਇਕ ਰਾਮਨਿਵਾਸ ਰਾਵਤ 30 ਅਪ੍ਰੈਲ ਨੂੰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸਨ।

## ਭਾਜਪਾ ਉਮੀਦਵਾਰ ਨਵੀਨ ਜਿੰਦਲ ਅਤੇ ਪਤਨੀ ਕੋਲ 1 ਹਜਾਰ ਕਰੋੜ ਰੁਪਏ ਦੀ ਜਾਇਦਾਦ

**ਨਵਦੀਪ ਸਿੰਘ ਸਾਹਨੀ**

ਕੁਰੂਕਸ਼ੇਤਰ 5 ਮਈ। ਹਰਿਆਣਾ ਦਾ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਅਤੇ ਉਦਯੋਗਪਤੀ ਨਵੀਨ ਜਿੰਦਲ ਨੇ ਵੀਰਵਾਰ ਨੂੰ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ। ਉਨ੍ਹਾਂ ਨੇ ਆਪਣੀ ਪਤਨੀ ਸ਼ਾਲੂ ਦੀ ਚੱਲ-ਅਚੱਲ ਜਾਇਦਾਦ ਕਰੀਬ 1,000 ਕਰੋੜ ਐਲਾਨ ਕੀਤਾ। ਕੁਰੂਕਸ਼ੇਤਰ 'ਚ ਚੋਣ ਅਧਿਕਾਰੀ ਦੇ ਸਾਹਮਣੇ ਆਪਣਾ ਨਾਮਜਦਗੀ ਪੱਤਰ ਦਾਖਲ ਕਰਨ ਵਾਲੇ ਜਿੰਦਲ (54) ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦੇ ਅਤੇ ਪਤਨੀ ਸ਼ਾਲੂ ਕੋਲ ਕੋਈ ਵਾਹਨ ਨਹੀਂ ਹੈ। ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਦੇ ਪ੍ਰਧਾਨ ਜਿੰਦਲ ਜਦੋਂ ਨਾਮਜਦਗੀ ਪੱਤਰ ਕਰਨ ਗਏ ਤਾਂ ਉਨ੍ਹਾਂ ਨਾਲ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਸਨ। ਅਮਰੀਕਾ ਦੇ ਡਲਾਸ 'ਚ ਸਥਿਤ ਟੈਕਸਾਸ ਯੂਨੀਵਰਸਿਟੀ ਤੋਂ ਐੱਮ.ਬੀ.ਏ. ਦੀ ਪੜ੍ਹਾਈ ਕਰਨ ਵਾਲੇ ਜਿੰਦਲ ਨੇ ਦੱਸਿਆ ਕਿ ਉਨ੍ਹਾਂ ਦੇ ਅਤੇ ਪਤਨੀ ਸ਼ਾਲੂ ਕੋਲ 40 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ ਸੋਨਾ ਅਤੇ ਹੋਰ ਗਹਿਣੇ ਹਨ। ਚੋਣ ਹਲਫਨਾਮੇ 'ਚ ਜਿੰਦਲ ਨੇ ਆਪਣੀ ਅਚੱਲ ਜਾਇਦਾਦ 88,673.68 ਲੱਖ ਰੁਪਏ (ਕਰੀਬ 886 ਕਰੋੜ ਰੁਪਏ) ਅਤੇ ਪਤਨੀ ਦੀ ਅਚੱਲ ਜਾਇਦਾਦ 11,461.75 ਲੱਖ ਰੁਪਏ (ਕਰੀਬ 114 ਕਰੋੜ ਰੁਪਏ) ਐਲਾਨ ਕੀਤੀ ਹੈ। ਉਨ੍ਹਾਂ ਨੇ ਆਪਣੀ ਚੱਲ ਜਾਇਦਾਦ ਕਰੀਬ 11 ਕਰੋੜ ਰੁਪਏ ਅਤੇ ਕੁੱਲ ਦੇਣਦਾਰੀਆਂ 6.94 ਕਰੋੜ ਰੁਪਏ ਐਲਾਨ ਕੀਤੀ ਹੈ। ਉਨ੍ਹਾਂ ਨੇ ਵਿੱਤ ਸਾਲ 2022-23 ਲਈ ਆਪਣੀ ਕੁੱਲ ਜਾਇਦਾਦ 74.83 ਕਰੋੜ ਰੁਪਏ ਐਲਾਨ ਕੀਤੀ ਹੈ। ਮਾਰਚ 'ਚ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਜਿੰਦਲ 2004 ਤੋਂ 2014 ਤੱਕ ਕੁਰੂਕਸ਼ੇਤਰ ਤੋਂ ਸੰਸਦ ਮੈਂਬਰ ਰਹੇ। ਜਿੰਦਲ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਅਪਰਾਧਕ ਮਾਮਲੇ 'ਚ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ। ਕੁਰੂਕਸ਼ੇਤਰ ਸੀਟ 'ਤੇ ਜਿੰਦਲ ਦਾ ਮੁਕਾਬਲਾ ਇੰਡੀਅਨ ਨੈਸ਼ਨਲ ਲੋਕਦਲ ਦੇ ਅਭੈ ਸਿੰਘ ਚੌਟਾਲਾ ਅਤੇ ਆਮ ਆਦਮੀ ਪਾਰਟੀ ਦੇ ਸੁਸ਼ੀਲ ਗੁਪਤਾ ਨਾਲ ਹੈ। ਵਿਰੋਧੀ ਦਲਾਂ ਦੇ ਗਠਜੋੜ 'ਇੰਡੀਆ' 'ਚ ਸ਼ਾਮਲ 'ਆਪ' ਕੁਰੂਕਸ਼ੇਤਰ ਸੀਟ 'ਤੇ ਚੋਣ ਲੜ ਰਹੀ ਹੈ, ਜਦੋਂ ਕਿ ਬਾਕੀ 9 ਸੀਟਾਂ 'ਤੇ ਕਾਂਗਰਸ ਨੇ ਆਪਣੇ ਉਮੀਦਵਾਰ ਉਤਾਰੇ ਹਨ।



## ਚੋਣ ਕਮਿਸ਼ਨ ਦੇ ਵੋਟਿੰਗ ਫੀਸਦੀ ਅੰਕੜਿਆਂ 'ਤੇ ਬਵਾਲ, ਵਿਰੋਧੀ ਧਿਰ ਨੇ ਨਤੀਜਿਆਂ 'ਚ ਹੇਰਫੇਰ ਦਾ ਖਦਸ਼ਾ ਪ੍ਰਗਟਾਇਆ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 5 ਮਈ। ਚੋਣ ਕਮਿਸਨ ਵੱਲੋਂ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਦੇ 11 ਦਿਨ ਅਤੇ ਦੂਜੇ ਪੜਾਅ ਦੀ ਵੋਟਿੰਗ ਦੇ 4 ਦਿਨ ਬਾਅਦ ਅਧਿਕਾਰਤ ਅੰਕੜੇ ਜਾਰੀ ਕਰਨ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਕਈ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸ਼ੁਰੂਆਤੀ ਅੰਕੜਿਆਂ ਦੇ ਮੁਕਾਬਲੇ ਵੋਟਿੰਗ ਫੀਸਦੀ ਇੰਨੀ ਕਿਵੇਂ ਵਧ ਗਈ ਅਤੇ ਵੋਟਰਾਂ ਦੀ ਗਿਣਤੀ ਕਿਉਂ ਨਹੀਂ ਦਿੱਤੀ ਗਈ। ਸਿਆਸੀ ਪਾਰਟੀਆਂ ਨੇ ਵੀ ਚੋਣ ਨਤੀਜਿਆਂ ਵਿਚ ਹੇਰਫੇਰ ਦਾ ਖਦਸਾ ਪ੍ਰਗਟਾਇਆ ਹੈ। ਕਈ ਨੇਤਾਵਾਂ ਨੇ ਕਿਹਾ ਹੈ ਕਿ 2014 ਤੱਕ ਹਰ ਹਲਕੇ ਦੇ ਵੋਟਰਾਂ ਦੀ ਕੁੱਲ ਗਿਣਤੀ ਚੋਣ ਕਮਿਸਨ ਦੀ ਵੈੱਬਸਾਈਟ 'ਤੇ ਹਮੇਸਾ ਮੌਜੂਦ ਸੀ। ਕਮਿਸਨ ਨੂੰ ਪਾਰਦਰਸੀ ਹੋਣਾ ਚਾਹੀਦਾ ਹੈ ਅਤੇ ਇਸ ਡੇਟਾ ਨੂੰ ਅੱਗੇ ਰੱਖਣਾ ਚਾਹੀਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ ਨੇ ਕਿਹਾ ਕਿ ਭਾਰਤੀ ਚੋਣ ਕਮਿਸਨ (ਈ. ਸੀ. ਆਈ.) ਲਈ ਚੋਣਾਂ ਸਬੰਧੀ ਸਾਰੇ ਅੰਕੜਿਆਂ ਬਾਰੇ ਸਮੇਂ ਸਿਰ ਅਤੇ ਪਾਰਦਰਸੀ ਹੋਣਾ ਜਰੂਰੀ ਹੈ ਅਤੇ ਉਨ੍ਹਾਂ ਨੂੰ ਜਨਤਕ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਐਕਸ 'ਤੇ ਇਕ ਪੋਸਟ 'ਚ ਪੁੱਛਿਆ ਕਿ ਪਹਿਲੇ ਪੜਾਅ ਦੀ ਵੋਟਿੰਗ ਤੋਂ 11 ਦਿਨ ਬਾਅਦ ਅਤੇ ਦੂਜੇ ਪੜਾਅ ਦੇ ਚਾਰ ਦਿਨ ਬਾਅਦ ਵੀ ਈ.ਸੀ.ਆਈ. ਵੱਲੋਂ ਅੰਤਿਮ ਵੋਟ ਫੀਸਦੀ ਜਾਰੀ ਨਹੀਂ ਕੀਤੀ ਗਈ। ਉਨ੍ਹਾਂ ਪੁੱਛਿਆ ਕਿ ਇਸ ਦੇਰੀ ਦਾ ਕੀ ਕਾਰਨ ਹੈ? ਮਮਤਾ ਬੈਨਰਜੀ ਨੇ ਵੋਟਿੰਗ ਦੇ ਸੋਧੇ ਅੰਕੜਿਆਂ 'ਤੇ ਸਵਾਲ ਖੜ੍ਹੇ ਕਰਦਿਆਂ ਭਾਜਪਾ 'ਤੇ ਈ. ਵੀ. ਐੱਮ. ਮਸੀਨ ਨੂੰ ਬਦਲਣ ਦਾ ਦੋਸ ਲਗਾਇਆ। ਮਮਤਾ ਬੈਨਰਜੀ ਨੇ ਚੋਣ ਕਮਿਸਨ ਵੱਲੋਂ ਜਾਰੀ ਨਵੇਂ ਵੋਟਿੰਗ ਅੰਕੜਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਅਸੀਂ ਚੋਣ ਕਮਿਸਨ ਨੂੰ ਕਹਾਂਗੇ ਕਿ ਲੋਕਾਂ ਦੇ ਸੱਕ ਨੂੰ ਦੂਰ ਕੀਤਾ ਜਾਵੇ। ਭਾਜਪਾ ਕਮਿਸਨ ਬਣਨ ਦਾ ਕੋਈ ਮਤਲਬ ਨਹੀਂ ਹੈ। ਭਾਰਤ ਦੇ ਲੋਕ ਤੁਹਾਨੂੰ ਇਕ ਸੁਤੰਤਰ ਚੋਣ ਕਮਿਸਨ ਵਜੋਂ ਕੰਮ ਕਰਦੇ ਦੇਖਣਾ ਚਾਹੁੰਦੇ ਹਨ। ਮਮਤਾ ਨੇ ਦਾਅਵਾ ਕੀਤਾ ਕਿ ਕਮਿਸ਼ਨ , ਜੋ ਵੋਟਿੰਗ ਵਾਲੇ ਦਿਨ ਦੇਰ ਸ਼ਾਮ ਜਾਂ ਅਗਲੀ ਸਵੇਰ ਅੰਤਿਮ ਪੋਲਿੰਗ ਅੰਕੜੇ ਭੇਜਦਾ ਹੈ, ਉਨ੍ਹਾਂ ਨੇ ਕੱਲ ਸਾਮ ਅੰਕੜਿਆਂ ਦਾ ਸੋਧਿਆ ਸੈੱਟ ਭੇਜਿਆ ਹੈ। ਇਸ 'ਚ ਬੰਗਾਲ 'ਚ ਪਹਿਲੇ ਪੜਾਅ ਲਈ ਅੰਤਿਮ ਅੰਕੜਾ 81.91 ਫੀਸਦੀ ਅਤੇ ਦੂਜੇ ਪੜਾਅ ਲਈ 76.58 ਫੀਸਦੀ ਰਿਹਾ ਸੀ। ਇਹ ਵੋਟਾਂ ਵਾਲੇ ਦਿਨ ਦੇ ਅੰਕੜਿਆਂ ਤੋਂ ਵੱਧ ਹੈ। ਪਹਿਲੇ ਪੜਾਅ ਲਈ 19 ਅਪ੍ਰੈਲ ਨੂੰ ਕਵਰੇਜ 77.6 ਫੀਸਦੀ ਸੀ ਅਤੇ ਦੂਜੇ ਪੜਾਅ ਲਈ 26 ਅਪ੍ਰੈਲ ਨੂੰ ਇਹ 71.8 ਫੀਸਦੀ ਸੀ। ਸਿਆਸੀ ਵਿਸਲੇਸਕ ਯੋਗੇਂਦਰ ਯਾਦਵ ਨੇ ਐਕਸ 'ਤੇ ਲਿਖਿਆ ਕਿ ਉਸ ਨੇ 35 ਸਾਲਾਂ ਤੋਂ ਭਾਰਤੀ ਚੋਣਾਂ ਨੂੰ ਦੇਖਿਆ ਅਤੇ ਅਧਿਐਨ ਕੀਤਾ ਹੈ। ਸੁਰੂਆਤੀ (ਪੋਲਿੰਗ ਦਿਨ ਸਾਮ) ਅਤੇ ਅੰਤਿਮ ਪੋਲਿੰਗ ਅੰਕੜਿਆਂ 'ਚ 3 ਤੋਂ 5 ਫੀਸਦੀ ਅੰਕਾਂ ਦਾ ਅੰਤਰ ਅਸਧਾਰਨ ਨਹੀਂ ਸੀ, ਸਾਨੂੰ 24 ਘੰਟਿਆਂ ਦੇ ਅੰਦਰ ਅੰਤਿਮ ਅੰਕੜੇ ਮਿਲ ਜਾਂਦੇ ਹਨ। ਇਸ ਵਾਰ ਅਸਾਧਾਰਨ ਅਤੇ ਚਿੰਤਾਜਨਕ ਇਹ ਹੈ ਕਿ ਪਹਿਲੇ ਅਤੇ ਅੰਤਿਮ ਅੰਕੜੇ ਜਾਰੀ ਕਰਨ ਵਿਚ 11 ਦਿਨਾਂ ਦੀ ਦੇਰੀ ਹੋਈ ਹੈ। ਦੂਜਾ, ਹਰੇਕ ਹਲਕੇ ਅਤੇ ਇਸ ਦੇ ਹਿੱਸੇ ਲਈ ਵੋਟਰਾਂ ਦੀ ਅਸਲ ਗਿਣਤੀ ਅਤੇ ਵੋਟਾਂ ਦਾ ਖੁਲਾਸਾ ਨਾ ਹੋਣਾ ਵੀ ਚਿੰਤਾਜਨਕ ਹੈ। ਕਮਿਸਨ ਨੂੰ ਇਸ ਬੇਲੋੜੀ ਦੇਰੀ ਅਤੇ ਰਿਪੋਰਟਿੰਗ ਫਾਰਮੈਟ ਵਿਚ ਅਚਾਨਕ ਤਬਦੀਲੀ ਦੀ ਵੀ ਵਿਆਖਿਆ ਕਰਨੀ ਚਾਹੀਦੀ ਹੈ। ਚੋਣ ਕਮਿਸਨ ਦੇ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਸੀਤਾਰਾਮ ਯੇਚੁਰੀ ਨੇ 'ਐਕਸ' 'ਤੇ ਲਿਖਿਆ ਕਿ ਆਖ਼ਿਰਕਾਰ ਚੋਣ ਕਮਿਸਨ ਨੇ ਪਹਿਲੇ ਦੋ ਪੜਾਵਾਂ ਲਈ ਵੋਟਾਂ ਦੇ ਅੰਤਿਮ ਅੰਕੜੇ ਪੇਸ ਕਰ ਦਿੱਤੇ ਹਨ, ਜੋ ਆਮ ਵਾਂਗ ਮਾਮੂਲੀ ਨਹੀਂ ਹਨ ਪਰ ਸੁਰੂਆਤੀ ਅੰਕੜਿਆਂ ਤੋਂ ਵੱਧ ਹਨ। ਹਰੇਕ ਸੰਸਦੀ ਹਲਕੇ ਵਿਚ ਵੋਟਰਾਂ ਦੀ ਪੂਰੀ ਗਿਣਤੀ ਕਿਉਂ ਨਹੀਂ ਦੱਸੀ ਜਾਂਦੀ? ਇਕ ਹੋਰ ਪੋਸਟ 'ਚ ਯੇਚੁਰੀ ਨੇ ਲਿਖਿਆ, 'ਮੈਂ ਹਰ ਹਲਕੇ 'ਚ ਰਜਿਸਟਰਡ ਵੋਟਰਾਂ ਦੀ ਸੰਪੂਰਨ ਗਿਣਤੀ ਦੀ ਗੱਲ ਕਰ ਰਿਹਾ ਹਾਂ, ਪੋਲ ਹੋਈਆਂ ਵੋਟਾਂ ਦੀ ਗਿਣਤੀ ਦੀ ਨਹੀਂ, ਜੋ ਪੋਸਟਲ ਬੈਲੇਟ ਦੀ ਗਿਣਤੀ ਤੋਂ ਬਾਅਦ ਹੀ ਪਤਾ ਲੱਗੇਗਾ। ਹਰ ਚੋਣ ਹਲਕੇ 'ਚ ਵੋਟਰਾਂ ਦੀ ਕੁਝ ਗਿਣਤੀ ਕਿਉਂ ਨਹੀਂ ਦੱਸੀ ਜਾ ਰਹੀ ਹੈ ? ਚੋਣ ਕਮਿਸਨ ਨੂੰ ਜਵਾਬ ਦੇਣਾ ਹੋਵੇਗਾ।







# ਫਿਰੋਜ਼ਪੁਰ ਜ਼ਿਲ੍ਹੇ 'ਚ ਪੁਲਸ ਦੀ ਨਾਜਾਇਜ਼ ਸ਼ਰਾਬ ਖਿਲਾਫ ਵੱਡੀ ਕਾਰਵਾਈ

ਫਿਰੋਜ਼ਪੁਰ 5 ਮਈ। ਫਿਰੋਜ਼ਪੁਰ ਪੁਲਸ ਨੇ ਸਤਲੁਜ ਦਰਿਆ ਦੇ ਏਰੀਆ 'ਚ ਛਾਪਾਮਾਰੀ ਕਰਦੇ 7000 ਲੀਟਰ ਸ਼ਰਾਬ ਬਰਾਮਦ ਕੀਤੀ ਹੈ ਅਤੇ ਗੁਪਤ ਸੂਚਨਾ ਦੇ ਆਧਾਰ 'ਤੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਸਬ-ਇੰਸਪੈਕਟਰ ਬਲਵਿੰਦਰ ਸਿੰਘ, ਏ. ਐੱਸ. ਆਈ. ਸ਼ਰਮਾ ਸਿੰਘ ਅਤੇ ਹੈੱਡ ਕਾਂਸਟੇਬਲ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਛਾਪਾਮਾਰੀ ਕਰਦੇ 3 ਵਿਅਕਤੀਆਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਕੋਲੋਂ 270 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸਿਟੀ ਫਿਰੋਜ਼ਪੁਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਪਾਰਟੀ ਏ. ਐੱਸ. ਆਈ. ਵਿਨੋਦ ਕੁਮਾਰ ਦੀ ਅਗਵਾਈ ਹੇਠ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਸਰਹੱਦੀ ਪਿੰਡ ਚਾਂਦੀਵਾਲਾ ਨੇੜੇ ਪਹੁੰਚੀ ਤਾਂ ਉਨ੍ਹਾਂ ਨੂੰ ਇਹ ਗੁਪਤ ਸੂਚਨਾ ਮਿਲੀ ਕਿ ਅਣਪਛਾਤੇ ਵਿਅਕਤੀਆਂ ਨੇ ਸਤਲੁਜ ਦਰਿਆ ਦੀ ਦੂਜੀ ਫਾਟ 'ਤੇ ਪਲਾਸਟਿਕ ਦੀਆਂ ਤਰਪਾਲਾਂ 'ਚ ਭਾਰੀ ਮਾਤਰਾ 'ਚ ਲਾਹਣ ਪਾਈ ਹੋਈ ਹੈ ਅਤੇ ਨਾਜਾਇਜ਼ ਸ਼ਰਾਬ ਤਿਆਰ ਕੀਤੀ ਜਾ ਰਹੀ ਹੈ। ਇਸ ਗੁਪਤ ਸੂਚਨਾ ਦੇ ਆਧਾਰ 'ਤੇ ਜਦੋਂ ਏ. ਐੱਸ. ਆਈ ਵਿਨੋਦ ਕੁਮਾਰ ਅਤੇ ਉਨ੍ਹਾਂ ਦੀ ਪੁਲਸ ਪਾਰਟੀ ਨੇ ਦੱਸੀ ਜਗ੍ਹਾ 'ਤੇ ਛਾਪੇਮਾਰੀ ਕੀਤੀ ਤਾਂ ਪੁਲਸ ਨੂੰ ਦੇਖ ਕੇ ਨਾਜਾਇਜ਼ ਸ਼ਰਾਬ ਤਿਆਰ ਕਰ ਰਹੇ ਵਿਅਕਤੀ ਉੱਥੋਂ ਫਰਾਰ ਹੋ ਗਏ। ਪੁਲਸ ਨੇ ਮੌਕੇ ਤੋਂ 7000 ਲੀਟਰ ਲਾਹਣ,




ਤਰਪਾਲ ਅਤੇ ਹੋਰ ਸਾਮਾਨ ਬਰਾਮਦ ਕੀਤਾ। ਡੀ. ਐੱਸ. ਪੀ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਸਬ-ਇੰਸਪੈਕਟਰ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਬੀਤੀ ਰਾਤ ਬਸਤੀ ਸ਼ੇਖਾਂਵਾਲੀ ਏਰੀਆ 'ਚ ਗੁਪਤ ਸੂਚਨਾ ਦੇ ਆਧਾਰ 'ਤੇ ਛਾਪਾਮਾਰੀ ਕਰਦੇ ਸਾਗਰ ਉਰਫ ਬੋਬੀ ਪੁੱਤਰ ਰਾਜਿੰਦਰ ਨੂੰ 85 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਏ. ਐੱਸ. ਆਈ. ਸ਼ਰਮਾ ਸਿੰਘ ਦੀ ਅਗਵਾਈ ਹੇਠ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਹੀਰਾ ਪੁੱਤਰ ਬੂਟਾ ਵਾਸੀ ਬਸਤੀ ਸ਼ੇਖਾਂ ਨਾਜਾਇਜ਼ ਸ਼ਰਾਬ ਤਿਆਰ ਕਰ ਕੇ ਵੇਚਣ ਦਾ ਧੰਦਾ ਕਰਦਾ ਹੈ, ਜੇ ਇਸ ਸਮੇਂ ਵੀ ਨਾਜਾਇਜ਼ ਸ਼ਰਾਬ ਵੇਚ ਰਿਹਾ ਹੈ ਤਾਂ ਪੁਲਸ ਪਾਰਟੀ ਵੱਲੋਂ ਦੱਸੇ ਗਏ ਸਥਾਨ 'ਤੇ ਛਾਪਾਮਾਰੀ ਕਰਦੇ ਹੋਏ ਹੀਰਾ ਨਾਂ ਦੇ ਵਿਅਕਤੀ ਨੂੰ 90 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹੈੱਡ ਕਾਂਸਟੇਬਲ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਗੁਪਤ ਸੂਚਨਾ ਦੇ ਆਧਾਰ 'ਤੇ ਥਾਣਾ ਸਿਟੀ ਦੀ ਪੁਲਸ ਨੇ ਛਾਪਾਮਾਰੀ ਕਰਦੇ ਵੀਰੂ ਪੁੱਤਰ ਨੱਥੂ ਵਾਸੀ ਬਸਤੀ ਸ਼ੇਖਾਂ ਵਾਲੀ ਨੂੰ 95 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਫੜੇ ਗਏ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਦਰ ਅਤੇ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲੇ ਦਰਜ ਕੀਤੇ ਗਏ ਹਨ ਅਤੇ ਫਰਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਵੱਲੋਂ ਛਾਪਾਮਾਰੀ ਕੀਤੀ ਜਾ ਰਹੀ ਹੈ।

## ਚੋਰਾਂ ਨੂੰ ਨਹੀਂ ਰਿਹਾ ਕੋਈ ਡਰ, ਦਿਨ-ਦਿਹਾੜੇ ਦੁਕਾਨ 'ਤੇ ਕੀਤਾ ਹੱਥ ਸਾਫ

ਦੀਨਾਨਗਰ 5 ਮਈ। ਚੋਰਾਂ ਦੇ ਹੌਸਲੇ ਦਿਨੋਂ-ਦਿਨ ਬੁਲੰਦ ਹੁੰਦੇ ਜਾ ਰਹੇ ਹਨ। ਹੁਣ ਇਕ ਚੋਰੀ ਦਾ ਮਾਮਲਾ ਦੀਨਾਨਗਰ ਦੇ ਨਲਕਾ ਚੌਕ ਇਲਾਕੇ ਤੋਂ ਸਾਹਮਣੇ ਆਇਆ ਹੈ, ਜਿੱਥੇ ਚੋਰਾਂ ਨੇ ਦਿਨ-ਦਿਹਾੜੇ ਇਕ ਦੁਕਾਨ ਨੂੰ ਨਿਸ਼ਾਨਾ ਬਣਾਇਆ ਹੈ ਤੇ 50 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਕੇ ਫਰਾਰ ਹੋ ਗਏ। ਦੁਕਾਨ ਮਾਲਕ ਸੁਭਾਸ਼ ਚੰਦਰ ਨੇ ਦੱਸਿਆ ਕਿ ਨਲਕਾ ਚੌਕ ਨੇੜੇ ਉਸ ਦੀ ਕਰਿਆਨੇ ਦੀ ਦੁਕਾਨ ਹੈ ਅਤੇ ਦੁਪਹਿਰ 2 ਵਜੇ ਦੇ ਕਰੀਬ ਉਹ ਨੇੜੇ ਆਪਣੇ ਹੀ ਲੜਕੇ ਦੀ ਦੁਕਾਨ 'ਤੇ ਗਿਆ ਸੀ। ਆਪਣੇ ਲੜਕੇ ਨੂੰ ਖਾਣਾ ਲੈਣ ਲਈ ਘਰ ਭੇਜ ਕੇ 10 ਮਿੰਟ ਬਾਅਦ ਜਿਵੇਂ ਹੀ ਉਸ ਦਾ ਲੜਕਾ ਘਰੋਂ ਵਾਪਸ ਆਇਆ ਤਾਂ ਉਸ ਨੇ ਆ ਕੇ ਦੇਖਿਆ ਕਿ ਦੁਕਾਨ ਦਾ ਗੱਲਾ ਟੁੱਟਿਆ ਹੋਇਆ ਸੀ। ਗੱਲੇ 'ਚ ਰੱਖੇ 50 ਹਜਾਰ ਰੁਪਏ ਵੀ ਉੱਥੋਂ ਗਾਇਬ ਸਨ। ਬਾਅਦ ਵਿਚ ਮਾਰਕੀਟ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਚੋਰ ਦੋ-ਤਿੰਨ ਮਿੰਟ ਦੁਕਾਨ ਦੇ ਬਾਹਰ ਗੇੜੀ ਮਾਰ ਕੇ ਅੰਦਰ ਚਲਾ ਗਿਆ ਅਤੇ ਉਸ ਦੇ ਗੱਲੇ 'ਚੋਂ ਪੈਸੇ ਕੱਢ ਕੇ ਤੁਰੰਤ ਬਾਜ਼ਾਰ ਵਿੱਚੋਂ ਨਿਕਲ ਗਿਆ।

## ਰੇਲਵੇ ਨੇ 50 ਟਰੇਨਾਂ ਕੀਤੀਆਂ ਰੱਦ, ਦੇਰੀ ਨਾਲ ਚੱਲ ਰਹੀਆਂ ਪੰਜਾਬ 'ਚ ਚੱਲਣ ਵਾਲੀਆਂ ਕਈ ਟਰੇਨਾਂ

ਨੈਸ਼ਨਲ ਡੈਸਕ 5 ਮਈ। ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੇ ਚੱਲਦੇ ਕਈ ਟਰੇਨਾਂ ਪ੍ਰਭਾਵਿਤ ਹੋਈਆਂ ਹਨ। ਇੰਨਾ ਹੀ ਨਹੀਂ, ਪੰਜਾਬ 'ਚ ਚੱਲਣ ਵਾਲੀਆਂ ਕਈ ਟੇਰਨਾਂ ਫਿਲਹਾਲ ਆਪਣੇ ਸਮੇਂ ਤੋਂ ਦੇਰੀ ਨਾਲ ਚੱਲ ਰਹੀਆਂ ਹਨ। ਸ਼ਤਾਬਦੀ ਸਮੇਤ ਕਈ ਸੁਪਰਫਾਸਟ ਟਰੇਨਾਂ ਇਸ ਸਮੇਂ ਦੇਰੀ ਨਾਲ ਚੱਲ ਰਹੀਆਂ ਹਨ। ਸ਼ਤਾਬਦੀ ਐਕਸਪ੍ਰੈੱਸ ਤੈਅ ਸਮੇਂ ਤੋਂ ਕਈ ਘੰਟੇ ਦੇਰੀ ਨਾਲ ਸਿਟੀ ਸਟੇਸ਼ਨ ਪਹੁੰਚੇਗੀ। ਫਿ਼ਲਹਾਲ ਸਵਰਾਜ ਐਕਸਪ੍ਰੈੱਸ 3.25 ਘੰਟੇ, ਹੀਰਾਕੁੰਡ ਐਕਸਪ੍ਰੈੱਸ 3 ਘੰਟੇ, ਸਚਖੰਡ ਐਕਸਪ੍ਰੈੱਸ 4 ਘੰਟੇ ਅਤੇ ਆਮਰਪਾਲੀ ਐਕਸਪ੍ਰੈਸ 3.30 ਮਿੰਟ ਦੀ ਦੇਰੀ ਨਾਲ ਚੱਲ ਰਹੀਆਂ ਹਨ। ਭਾਰਤੀ ਰੇਲਵੇ ਨੇ ਕਰੀਬ 50 ਟਰੇਨਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ 'ਚ ਕਰੀਬ 2 ਟਰੇਨਾਂ ਜਲੰਧਰ ਅਤੇ ਜਲੰਧਰ ਕੈਂਟ ਦੀਆਂ ਹਨ, ਜੋ 5 ਮਈ ਤੱਕ ਰੱਦ ਰਹਿਣਗੀਆਂ। ਵਿਭਾਗ ਵਲੋਂ ਭੇਜੀ ਗਈ ਸੂਚੀ ਮੁਤਾਬਕ 3 ਅਤੇ 5 ਮਈ ਨੂੰ ਰੱਦ ਹੋਣ ਵਾਲੀਆਂ ਟਰੇਨਾਂ ਵਿਚ ਇਹ ਟਰੇਨਾਂ ਸ਼ਾਮਲ ਹਨ।

## ਫ਼ਰੀਦਕੋਟ ਜਿਲ੍ਹੇ 'ਚ ਲਗਾਈਆਂ ਗਈਆਂ ਵਿਸ਼ੇਸ਼ ਪਾਬੰਦੀਆਂ, ਉਲੰਘਣਾ ਕਰਨ 'ਤੇ ਹੋਵੇਗੀ ਕਾਰਵਾਈ

ਫ਼ਰੀਦਕੋਟ 5 ਮਈ। ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਲੋਂ ਜਾਰੀ ਹੋਏ ਹੁਕਮਾਂ ਦੇ ਮੱਦੇਨਜਰ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਵਿਨੀਤ ਕੁਮਾਰ, ਆਈ.ਏ.ਐਸ., ਜਿ਼ਲ੍ਹਾ ਮੈਜਿਸਟ੍ਰੇਟ, ਫਰੀਦਕੋਟ ਨੇ ਜਿ਼ਲ੍ਹੇ 'ਚ ਵਿਸ਼ੇਸ਼ ਪਾਬੰਦੀਆਂ ਲਗਾਈਆਂ ਹਨ। ਜਿਨ੍ਹਾਂ ਮੁਤਾਬਕ ਜਨਤਕ ਇਕੱਠਾ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਜਾਣ, ਪ੍ਰਦਰਸਨ ਕਰਨ ਅਤੇ ਹਥਿਆਰ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਮਨ ਅਤੇ




ਕਾਨੂੰਨ ਦੀ ਸਥਿਤੀ ਅਤੇ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਆਪਸੀ ਭਾਈਚਾਰੇ ਅਤੇ ਮਿਲਵਰਤਣ ਨੂੰ ਕਾਇਮ ਰੱਖਣਾ ਜਰੂਰੀ ਹੈ। ਇਸ ਲਈ ਕਿਸੇ ਵੀ ਭਾਈਚਾਰੇ ਵਿਰੁੱਧ ਨਫਰਤ ਭਰਿਆ ਭਾਸਣ ਦੇਣ ਵਾਲੇ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਿ਼ਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਹਥਿਆਰਾਂ ਦਾ ਸਸਤੀ ਸੌਹਰਤ ਲਈ ਵਿਖਾਵਾ ਕਰਨ ਅਤੇ ਹਥਿਆਰਾਂ ਦੇ ਜਨਤਕ ਪ੍ਰਦਰਸਨ/ਸੋਸਲ ਮੀਡੀਆ ਤੇ ਵੀਡੀਓ ਅਪਲੋਡ ਕਰਨ ਜਾਂ ਹਥਿਆਰਾਂ ਨੂੰ ਉਤਸਾਹਿਤ ਕਰਨ ਵਾਲੀਆਂ ਵੀਡੀਓਜ ਪਾਉਣ ਅਤੇ ਹੋਰ ਕਿਸੇ ਵੀ ਤਰੀਕੇ ਹਥਿਆਰਾਂ ਦੇ ਜਨਤਕ ਪ੍ਰਦਰਸਨ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਜਿ਼ਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਕੋਈ ਵੀ ਆਮ ਅਤੇ ਖਾਸ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿਚ ਲਿਆਂਦੀ ਜਾਵੇਗੀ। ਇਹ ਹੁਕਮ 28-06-2024 ਤੱਕ ਲਾਗੂ ਰਹਿਣਗੇ।

## ਪਸ਼ੂਆਂ ਦੀ ਹਵੇਲੀ 'ਚ ਅਚਾਨਕ ਲੱਗੀ ਅੱਗ, ਇੱਕ ਗਾਂ ਸਣੇ ਤੂੜੀ ਅਤੇ ਹੋਰ ਸਮਾਨ ਸੜ ਕੇ ਹੋਇਆ ਸੁਆਹ

ਦੀਨਾਨਗਰ 5 ਮਈ। ਵਿਧਾਨ ਸਭਾ ਹਲਕਾ ਦੀਨਾਨਗਰ ਦੇ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਦੇ ਪਿੰਡ ਜਾਗੋਚੱਕ ਟਾਂਡਾ ਵਿਖੇ ਬੀਤੀ ਰਾਤ ਅਚਾਨਕ ਬਿਜਲੀ ਦੇ ਸਾਰਟ ਸਰਕਟ ਕਾਰਨ ਇੱਕ ਹਵੇਲੀ ਨੂੰ ਅੱਗ ਲੱਗ ਜਾਣ ਦੀ ਸੂਚਨਾ ਮਿਲੀ ਹੈ। ਅੱਗ ਲੱਗਣ ਕਾਰਨ ਹਵੇਲੀ ਵਿੱਚ ਗਾਂ ਸਮੇਤ ਤੂੜੀ ਅਤੇ ਹੋਰ ਸਮਾਨ ਸੜ ਕੇ ਸੁਆਹ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਖਦੇਵ ਸਿੰਘ, ਅਵਤਾਰ ਸਿੰਘ, ਪ੍ਰੋਫੈਸਰ ਦਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਰਾਤ 9 ਵਜੇ ਦੇ



ਕਰੀਬ ਅਚਾਨਕ ਬਿਜਲੀ ਦਾ ਸਾਰਟ ਸਰਕਟ ਹੋਣ ਕਾਰਨ ਕਮਰੇ ਵਿੱਚ ਬੰਨੀ ਗਾਂ ਅਤੇ ਤੂੜੀ ਨੂੰ ਅਚਾਨਕ ਅੱਗ ਲੱਗ ਗਈ। ਇਸ ਘਟਨਾ ਦੀ ਸੂਚਨਾ ਗੁਆਂਢੀਆਂ ਵਲੋਂ ਉਹਨਾਂ ਨੂੰ ਦਿੱਤੀ ਗਈ। ਜਦੋਂ ਅਸੀਂ ਹਵੇਲੀ ਵਿੱਚ ਪਹੁੰਚੇ ਤਾਂ ਅੱਗ ਕਾਫੀ ਮਚੀ ਹੋਈ ਸੀ, ਜਿਸ ਉਪਰੰਤ ਸਮੂਹ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਅੱਗ 'ਤੇ ਕਰੀਬ ਦੋ ਘੰਟੇ ਬਾਅਦ ਕਾਬੂ ਪਾ ਲਿਆ। ਹਵੇਲੀ ਦੇ ਕਮਰੇ ਵਿਚ ਬੰਨ੍ਹੀ ਗਾਂ ਸੜ ਗਈ ਸੀ। ਉਹਨਾਂ ਨੇ ਦੱਸਿਆ ਕਿ ਇਹ ਗਾਂ ਕਰੀਬ ਇੱਕ ਹਫਤੇ ਤੱਕ ਸੂਣ ਵਾਲੀ ਸੀ, ਜਿਸ ਕਾਰਨ ਸਾਡਾ ਇਕ ਲੱਖ ਤੋਂ ਵੱਧ ਦਾ ਨੁਕਸਾਨ ਹੋ ਗਿਆ। ਅੱਗ 'ਤੇ ਕਾਬੂ ਪਾਉਂਦੇ ਸਮੇਂ ਘਰ ਦਾ ਇਕ ਪਰਿਵਾਰ ਮੈਂਬਰ ਅੱਗ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਉਸ ਦਾ ਚਿਹਰਾ ਝੁਲਸ ਗਿਆ। ਪੀੜਤ ਪਰਿਵਾਰ ਵਲੋਂ ਜਿ਼ਲ੍ਹਾ ਪ੍ਰਸਾਸਨ ਕੋਲੋਂ ਮੁਆਵਜਾ ਦੀ ਗੁਹਾਰ ਲਗਾਈ ਜਾ ਰਹੀ ਹੈ।

## ਨਾਕੇਬੰਦੀ ਦੌਰਾਨ ਕਾਰ ਸਵਾਰ 3 ਨਸ਼ਾ ਸਮੱਗਲਰਾਂ ਤੋਂ ਪੁਲਸ ਨੇ ਬਰਾਮਦ ਕੀਤੀ ਕਰੋੜਾਂ ਦੀ ਹੈਰੋਇਨ

ਫਿਰੋਜ਼ਪੁਰ/ਤਲਵੰਡੀ ਭਾਈ 5 ਮਈ। ਜ਼ਿਲ੍ਹਾ ਫਿਰੋਜ਼ਪੁਰ ਵਿਖੇ ਐੱਸ. ਐੱਸ. ਪੀ. ਸੌਮਿਆ ਮਿਸ਼ਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਸਮੱਗਲਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਥਾਣਾ ਤਲਵੰਡੀ ਭਾਈ ਪੁਲਸ ਨੇ ਐੱਸ. ਐੱਚ. ਓ. ਸਬ-ਇੰਸਪੈਕਟਰ ਚਰਨ ਸਿੰਘ ਦੀ ਅਗਵਾਈ ਹੇਠ ਕਾਰ 'ਤੇ ਆਉਂਦੇ 3 ਕਥਿਤ ਨਸ਼ਾ ਸਮੱਗਲਰਾਂ ਨੂੰ ਇਕ ਕਿੱਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਥਾਣਾ ਤਲਵੰਡੀ ਭਾਈ ਦੀ ਪੁਲਸ ਸਬ ਇੰਸਪੈਕਟਰ ਚਰਨ ਸਿੰਘ ਦੀ ਅਗਵਾਈ ਹੇਠ ਪਿੰਡ ਹਰਾਜ ਨੇੜੇ ਇੱਕ ਬੰਦ ਗੋਦਾਮ ਕੋਲ ਨਾਕਾਬੰਦੀ ਕਰਕੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਪੁਲਸ ਪਾਰਟੀ ਨੇ ਪੰਜਾਬ ਨੰਬਰ ਦੀ ਹੌਂਡਾ ਸਿਟੀ ਕਾਰ ਆਉਂਦੀ ਦੇਖੀ ਅਤੇ ਪੁਲਸ ਪਾਰਟੀ ਨੇ ਕਾਰ ਚਾਲਕ ਨੂੰ ਰੁਕਣ ਦਾ ਇਸ਼ਾਰਾ ਕੀਤਾ। ਇਸ ਦੌਰਾਨ ਕਾਰ ਚਾਲਕ ਨੇ ਕਾਰ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਪਾਰਟੀ ਨੇ ਮੌਕੇ 'ਤੇ ਉਸ ਨੂੰ ਕਾਬੂ ਕਰ ਲਿਆ। ਇਸ ਦੌਰਾਨ ਪੁਲਸ ਨੇ ਕਾਰ 'ਚ



ਬੈਠੇ 3 ਵਿਅਕਤੀਆਂ ਤੋਂ ਪੁੱਛਗਿੱਛ ਕੀਤੀ, ਜਿਨ੍ਹਾ ਨੇ ਆਪਣੇ ਨਾਂ ਨਛੱਤਰ ਸਿੰਘ ਉਰਫ਼ ਸੱਤੀ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਦੂੰਨੇ ਕੇ, ਪ੍ਰਦੀਪ ਸਿੰਘ ਉਰਫ਼ ਨੂਰੀ ਵਾਸੀ ਗੱਜਣ ਵਾਲਾ ਅਤੇ ਗੁਰਮੀਤ ਸਿੰਘ ਉਰਫ਼ ਗੋਲੂ ਵਾਸੀ ਬਾਬਾ ਜੀਵਨ ਸਿੰਘ ਨਗਰ ਮੋਗਾ ਦੱਸਿਆ। ਪੁਲਸ ਨੇ ਜਦੋਂ ਉਕਤ ਵਿਅਕਤੀਆਂ ਦੀ ਤਲਾਸ਼ੀ ਲਈ ਤਾਂ ਉਹਨਾਂ ਤੋਂ ਇੱਕ ਕਿੱਲੋ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਫੜੇ ਗਏ ਨਸ਼ਾ ਤਸਕਰਾਂ ਖਿ਼ਲਾਫ ਥਾਣਾ ਤਲਵੰਡੀ ਭਾਈ ਵਿੱਚ ਐੱਨ.ਡੀ.ਪੀ.ਐੱਸ.ਐਕਟ ਤਹਿਤ ਮਾਮਲਾ ਦਰਜ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਫਾਰਵਡ ਤੇ ਬੈਕਵਰਡ ਲਿੰਕ ਦੀ ਜਾਂਚ ਕਰਕੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਉਹ ਇਹ ਹੈਰੋਇਨ ਕਿਥੋਂ ਲੈ ਕੇ ਆਏ ਸਨ ਅਤੇ ਅੱਗੇ ਕਿੱਥੇ ਸਪਲਾਈ ਕੀਤੀ ਜਾਣੀ ਸੀ? ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਕਰੋੜਾਂ ਰੁਪਏ ਦੱਸੀ ਜਾਂਦੀ ਹੈ।

## ਫਿਰੋਜਪੁਰ ਜੇਲ੍ਹ 'ਚ ਹੋਈ ਕੈਦੀਆਂ ਦੀ ਲੜਾਈ, ਹਸਪਤਾਲ ਲਿਆਂਦਾ ਜਖਮੀ ਕੈਦੀ ਹੋਇਆ ਫਰਾਰ

ਫਿਰੋਜਪੁਰ 5 ਮਈ। ਫਿਰੋਜਪੁਰ ਵਿਚ ਜੇਲ੍ਹ ਪ੍ਰਸ਼ਾਸਨ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਇੱਥੇ ਸਿਵਲ ਹਸਪਤਾਲ ਵਿਚ ਇਲਾਜ ਦੇ ਦੌਰਾਨ ਕੈਦੀ ਫਰਾਰ ਹੋ ਗਿਆ। ਇਹ ਘਟਨਾ ਅੱਜ ਸਵੇਰ ਦੀ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਕੈਦੀ ਜੇਲ੍ਹ ਵਿਚੋਂ ਇਲਾਜ ਕਰਾਉਣ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ, ਹਾਲਾਂਕਿ ਪੁਲਸ ਵੱਲੋਂ ਉਕਤ ਕੈਦੀ ਨੂੰ ਕੁਝ ਦੇਰ ਵਿਚ ਹੀ ਮੁੜ ਕਾਬੂ ਕਰ ਲਿਆ ਗਿਆ। ਮੁੱਢਲੀ ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਜੇਲ੍ਹ ਦੇ ਅੰਦਰ ਕੈਦੀਆਂ ਦਾ ਲੜਾਈ ਝਗੜਾ ਹੋ ਗਿਆ ਸੀ। ਇਸ ਦੌਰਾਨ ਇਸ ਕੈਦੀ ਦੀ ਉਂਗਲ ਟੁੱਟ ਗਈ ਸੀ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਦੀ ਟੁੱਟੀ ਹੋਈ ਉਂਗਲ ਦਾ ਆਪ੍ਰੇਸਨ ਹੋਣਾ ਸੀ, ਪਰ ਮੌਕੇ 'ਤੇ ਜਾ ਕੇ ਦੇਖਿਆ ਤਾਂ ਕੈਦੀ ਬੈਡ 'ਤੇ ਨਹੀਂ ਸੀ। ਦੂਜੇ ਪਾਸੇ ਜੇਲ੍ਹ ਪੁਲਸ ਸਿਕਿਉਰਟੀ ਦੀ ਵੀ ਇਸ ਵਿਚ ਲਾਪਰਵਾਹੀ ਸਾਹਮਣੇ ਆ ਰਹੀ ਹੈ। ਦੂਸਰੇ ਪਾਸੇ ਜਦੋਂ ਇਸ ਸਬੰਧੀ ਪੁਲਸ ਨਾਲ ਗੱਲਬਾਤ ਕੀਤੀ ਗਈ ਤਾਂ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਸੁਖਵਿੰਦਰ ਸਿੰਘ ਨੇ ਕਿਹਾ ਕਿ ਰਿਸ਼ੂ ਵਾਸੀ ਬਗਦਾਦੀ ਗੇਟ ਨਾਮਕ ਕੈਦੀ ਜੋ ਜੇਲ੍ਹ ਅੰਦਰ ਬੰਦ ਸੀ। ਉਸ ਦੀ ਸਿਹਤ ਵਿਗੜਨ ਕਾਰਨ ਉਸ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਪਰ ਉਹ ਬਾਥਰੂਮ ਦਾ ਬਹਾਨਾ ਬਣਾ ਫਰਾਰ ਹੋ ਗਿਆ ਸੀ। ਜਦ ਪੁਲਸ ਨੂੰ ਪਤਾ ਚੱਲਿਆ ਤਾਂ ਪੁਲਸ ਨੇ ਬੜੀ ਮੁਸਤੈਦੀ ਨਾਲ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਦੇ ਖਿ਼ਲਾਫ਼ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

## ਚੰਡੀਗੜ੍ਹ 'ਚ ਵਾਪਰਿਆ ਭਿਆਨਕ ਹਾਦਸਾ

ਚੰਡੀਗੜ੍ਹ 5 ਮਈ। ਚੰਡੀਗੜ੍ਹ 'ਚ ਅੱਜ ਸਵੇਰੇ ਵਾਪਰੇ ਭਿਆਨਕ ਹਾਦਸੇ ਦੌਰਾਨ 1 ਵਿਦਿਆਰਥਣ ਅਤੇ ਆਟੋ ਡਰਾਈਵਰ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਅੱਜ ਸਵੇਰੇ ਇਕ ਆਟੋ ਨਵਾਂਗਾਓਂ ਤੋਂ ਸੈਕਟਰ-26 ਸਥਿਤ ਖਾਲਸਾ ਕਾਲਜ ਨੂੰ ਜਾ ਰਿਹਾ ਸੀ। ਇਸ ਆਟੋ 'ਚ ਕਾਲਜ ਦੀਆਂ 5 ਵਿਦਿਆਰਥਣਾਂ ਮੌਜੂਦ ਸਨ ਅਤੇ ਇਕ ਔਰਤ ਵੀ ਆਟੋ 'ਚ ਬੈਠੀ ਹੋਈ ਸੀ। ਅਚਾਨਕ ਆਟੋ ਨੂੰ ਤੇਜ ਰਫਤਾਰ ਇਕ ਸਕਾਰਪੀਓ ਕਾਰ ਨੇ ਟੱਕਰ ਮਾਰ ਦਿੱਤੀ। ਟੱਕਰ ਕਾਰਨ ਆਟੋ ਪਲਟ ਗਿਆ ਅਤੇ ਇਸ ਭਿਆਨਕ ਹਾਦਸੇ ਦੌਰਾਨ ਬੀ. ਏ. ਦੀ ਵਿਦਿਆਰਥਣ ਅੰਜਲੀ ਦੀ ਮੌਤ ਹੋ ਗਈ, ਜਿਸ ਦੀ ਉਮਰ 21 ਸਾਲ ਦੱਸੀ ਜਾ ਰਹੀ ਹੈ।

## ਸੋਸ਼ਲ ਮੀਡੀਆ 'ਤੇ ਬਣੇ ਨਿੱਜੀ ਚੈਨਲਾਂ 'ਤੇ ਲੁਟੇਰਿਆ ਨੂੰ ਗੈਂਗਸਟਰ ਦੱਸ ਸ਼ਹਿਰ 'ਚ ਫੈਲਾਈ ਦਹਿਸ਼ਤ

ਗੁਰੂਹਰਸਹਾਏ 5 ਮਈ। ਬੀਤੇ ਐਤਵਾਰ ਦੀ ਦੇਰ ਸ਼ਾਮ ਨੂੰ ਗੁਰੂਹਰਸਹਾਏ ਦੇ ਨਾਲ ਲੱਗਦੇ ਪਿੰਡ ਲਖਮੀਰਪੁਰਾ ਦੇ ਮੋੜ 'ਤੇ ਪੁਲਸ ਅਤੇ 3 ਲੁਟੇਰਿਆਂ ਵਿਚਕਾਰ ਹੋਈ ਫਾਈਰਿੰਗ ਤੋਂ ਬਾਅਦ ਪੁਲਸ ਨੇ ਇਕ ਚੋਰ-ਲੁਟੇਰੇ ਨੂੰ ਗ੍ਰਿਫਤਾਰ ਕੀਤਾ ਹੈ। ਜਦ ਕਿ ਉਸ ਦੇ ਦੋ ਸਾਥੀ ਉਥੋਂ ਭੱਜਣ 'ਚ ਕਾਮਯਾਬ ਹੋ ਗਏ, ਜਿਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਵੱਲੋਂ ਛਾਪਾਮਾਰੀ ਕੀਤੀ ਜਾ ਰਹੀ ਹੈ। ਇਹ ਖਬਰ ਜਿਵੇਂ ਹੀ ਇਲਾਕੇ ਦੇ ਵੱਖ-ਵੱਖ ਸੋਸ਼ਲ ਮੀਡੀਆ, ਜਿਨ੍ਹਾਂ ਨੇ ਆਪਣੇ ਨਿਜੀ ਚੈਨਲ ਬਣਾਏ ਹੋਏ ਹਨ, 'ਤੇ ਵੱਡੀ ਬ੍ਰੇਕਿੰਗ ਖਬਰ ਦੱਸ ਕੇ ਕਿਹਾ ਕਿ ਦੇਰ ਸ਼ਾਮ ਪੁਲਸ ਅਤੇ ਗੈਂਗਸਟਰਾ ਵਿਚ ਗੋਲੀਬਾਰੀ ਚਲੀ ਹੈ, ਜਿਸ ਦੇ ਨਾਲ ਹੀ ਇਲਾਕਾ ਨਿਵਾਸੀ ਸਹਿਮ ਦੇ ਮਾਹੌਲ ਵਿਚ ਆ ਗਏ ਕਿ ਸਾਡੇ ਇਲਾਕੇ ਵਿਚ ਵੀ ਗੈਂਗਸਟਰ ਪੈਦਾ ਹੋ ਚੁੱਕੇ ਹਨ। ਉਨ੍ਹਾਂ ਨੇ ਜਦ ਇਲਾਕੇ ਦੇ ਕਈ ਪ੍ਰਿੰਟ ਮੀਡੀਆ ਦੇ ਪੱਤਰਕਾਰਾਂ ਨੂੰ ਇਸ ਸਬੰਧੀ ਫੋਨ ਕਰ ਕੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਗੈਂਗਸਟਰਾਂ ਦੀ ਇਲਾਕੇ 'ਚ ਕੋਈ ਗੱਲ ਨਹੀਂ ਹੈ। ਇਹ ਜੋ ਮੁਕਾਬਲਾ ਹੋਇਆ ਹੈ, ਇਹ ਨੌਜਵਾਨ ਕਿਸੇ ਲੁੱਟ-ਖੋਹ ਦੀ ਵਾਰਦਤ ਨੂੰ ਅੰਜਾਮ ਦੇਣ ਵਾਲੇ ਸਨ ਨਾ ਕਿ ਇਹ ਗੈਂਗਸਟਰ ਸਨ। ਇਲਾਕੇ ਦੇ ਲੋਕਾਂ ਨੇ ਪੁਲਸ ਪ੍ਰਸ਼ਾਸਨ ਅਤੇ ਮੀਡੀਆ



ਨਾਲ ਸਬੰਧਤ ਸਰਕਾਰੀ ਅਦਾਰੇ ਨੂੰ ਪੁਰਜੋਰ ਮੰਗ ਕੀਤੀ ਹੈ ਕਿ ਜਿਸ ਕਿਸੇ ਨੇ ਵੀ ਸੋਸ਼ਲ ਮੀਡੀਆ 'ਤੇ ਬਣੇ ਆਪਣੇ ਨਿਜੀ ਚੈਨਲਾਂ 'ਤੇ ਇਨ੍ਹਾਂ ਲੁੱਟਾਂ-ਖੋਹਾਂ ਕਰਨ ਵਾਲਿਆਂ ਨੂੰ ਗੈਂਗਸਟਰ ਜਾਂ ਕੋਈ ਹੋਰ ਵੱਡਾ ਕ੍ਰਿਮੀਨਲ ਦੱਸ ਕੇ ਇਲਾਕੇ ਵਿਚ ਦਹਿਸ਼ਤ ਫੈਲਾਈ ਹੈ, ਉਨ੍ਹਾਂ ਦੇ ਸੋਸ਼ਲ ਮੀਡੀਆ 'ਤੇ ਬਣੇ ਨਿੱਜੀ ਚੈਨਲਾਂ ਦੀ ਜਾਂਚ ਕੀਤੀ ਜਾਵੇ। ਗਲਤ ਪਾਏ ਜਾਣ 'ਤੇ ਉਨ੍ਹਾਂ ਖਿ਼ਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਕੋਈ ਵੀ ਸੋਸ਼ਲ ਮੀਡੀਆ 'ਤੇ ਝੂਠੀਆਂ ਖਬਰਾਂ ਤੇ ਅਫਵਾਹ ਨਾ ਫੈਲਾਅ ਸਕੇ। ਦੱਸ ਦੇਈਏ ਕਿ ਝੂਠੀਆਂ ਖਬਰਾਂ ਅਤੇ ਅਫਵਾਵਾਂ ਫੈਲਾਣ ਨਾਲ ਕਈ ਵਾਰ ਵੱਡੇ ਹਾਦਸੇ ਹੋ ਜਾਂਦੇ ਹਨ। ਇਲਾਕੇ ਦੇ ਪੁਲਸ ਉੱਚ ਅਧਿਕਾਰੀਆਂ ਵੱਲੋਂ ਵੀ ਇਨ੍ਹਾਂ ਦੀਆਂ ਪੋਸਟਾਂ ਦੇਖੀਆਂ ਗਈਆਂ ਹਨ ਪਰ ਪੁਲਸ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਕੋਈ ਵੀ ਕਮੈਂਟ ਨਹੀਂ ਕੀਤਾ ਕਿ ਇਹ ਗੈਂਗਸਟਰ ਨਹੀਂ, ਬਲਕਿ ਲੁੱਟ-ਖੋਹ ਕਰਨ ਵਾਲਾ ਗਿਰੋਹ ਹੈ।

## ਮੋਟਰਸਾਈਕਲ ਬੇਕਾਬੂ ਹੋਣ ਕਾਰਨ ਸੜਕ 'ਤੇ ਡਿੱਗਿਆ ਨੌਜਵਾਨ

ਅਬੋਹਰ 5 ਮਈ। ਨੇੜਲੇ ਪਿੰਡ ਖੁੱਬਣ ਦੇ ਵਸਨੀਕ ਅਤੇ ਦੋ ਕੁੜੀਆਂ ਦੇ ਪਿਤਾ ਦੀ ਅੱਜ ਸਵੇਰੇ ਮੋਟਰਸਾਈਕਲ ਬੇਕਾਬੂ ਹੋ ਜਾਣ ਕਾਰਨ ਸੜਕ 'ਤੇ ਡਿੱਗਣ ਨਾਲ ਮੌਤ ਹੋ ਜਾਣ ਦੀ ਦੁੱਖਦ ਖਬਰ ਮਿਲੀ ਹੈ। ਮ੍ਰਿਤਕ ਕਬਾੜ ਦਾ ਕੰਮ ਕਰਦਾ ਸੀ ਅਤੇ ਸਥਾਨਕ ਕੰਧਵਾਲਾ ਰੋਡ 'ਤੇ ਉਸ ਦਾ ਮੋਟਰਸਾਈਕਲ ਅਚਾਨਕ ਡਿੱਗ ਜਾਣ ਕਾਰਨ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਵਿਜੇ ਕੁਮਾਰ ਉਰਫ ਬੰਟੀ ਪੁੱਤਰ ਸਮਰਪਾਲ ਉਮਰ ਕਰੀਬ 28 ਸਾਲ ਦੋ ਧੀਆਂ ਦਾ ਪਿਤਾ ਸੀ ਅਤੇ ਕਬਾੜ ਖਰੀਦਣ ਦਾ ਕੰਮ ਕਰਦਾ ਸੀ। ਅੱਜ ਸਵੇਰੇ ਉਹ ਮੋਟਰਸਾਈਕਲ 'ਤੇ ਕੰਧਵਾਲਾ ਰੋਡ ਰਾਹੀਂ ਸ਼ਹਿਰ ਵੱਲ ਆ ਰਿਹਾ ਸੀ ਕਿ ਅਚਾਨਕ ਉਸ ਦਾ ਮੋਟਰਸਾਈਕਲ ਬੇਕਾਬੂ ਹੋਣ ਕਾਰਨ ਉਹ ਸੜਕ ਕਿਨਾਰੇ ਡਿੱਗ ਪਿਆ। ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਟੈਂਪੋ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸਿਟੀ ਥਾਣਾ ਨੰਬਰ 2 ਦੀ ਪੁਲਸ ਨੇ ਉਸ ਦੀ ਲਾਸ਼ ਨੂੰ ਮੁਰਦਾਘਰ ਵਿੱਚ ਰਖਵਾ ਦਿੱਤਾ ਹੈ।

## ਨੈਸਨਲ ਕਲੋਨੀ ਨੇੜੇ ਬਠਿੰਡਾ ਨਹਿਰ 'ਚੋਂ ਬਰਾਮਦ ਹੋਈ ਨੌਜਵਾਨ ਦੀ ਲਾਸ

ਬਠਿੰਡਾ 5 ਮਈ। ਨੈਸਨਲ ਕਲੋਨੀ ਨੇੜੇ ਬਠਿੰਡਾ ਨਹਿਰ ਵਿਚੋਂ ਬੁੱਧਵਾਰ ਨੂੰ ਇੱਕ ਨੌਜਵਾਨ ਦੀ ਲਾਸ ਬਰਾਮਦ ਹੋਣ ਦੀ ਸੂਚਨਾ ਮਿਲੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪਹੁੰਚੀ ਪੁਲਸ ਵਲੋਂ ਇਸ ਮਾਮਲੀ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਨਹਿਰ 'ਚ ਲਾਸ ਮਿਲਣ ਦੀ ਸੂਚਨਾ ਮਿਲਣ 'ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਦੀ ਹੈਲਪਲਾਈਨ ਟੀਮ ਸੰਦੀਪ ਗਿੱਲ, ਸੰਦੀਪ ਗੋਇਲ, ਰਾਕੇਸ ਕੁਮਾਰ ਮੌਕੇ 'ਤੇ ਪਹੁੰਚ ਗਏ। ਦੱਸ ਦੇਈਏ ਕਿ ਸਹਾਰਾ ਟੀਮ ਦੇ ਵਰਕਰਾਂ ਨੇ ਨਹਿਰ ਵਿੱਚ ਛਾਲ ਮਾਰ ਕੇ ਲਾਸ ਨੂੰ ਬਾਹਰ ਕੱਢਿਆ। ਲਾਸ ਇੱਕ ਨੌਜਵਾਨ ਦੀ ਸੀ। ਨੌਜਵਾਨ ਦੀ ਜੇਬ 'ਚੋਂ ਮਿਲੇ ਆਧਾਰ ਕਾਰਡ ਤੋਂ ਉਸ ਦੀ ਪਛਾਣ ਸੰਕਰ ਪਾਸਵਾਨ (25) ਵਾਸੀ ਦਰਭੰਗਾ ਵਜੋਂ ਹੋਈ ਹੈ, ਜੋ ਬਠਿੰਡਾ ਦੇ ਬਾਬਾ ਫਰੀਦ ਨਗਰ



'ਚ ਰਹਿੰਦਾ ਸੀ। ਇਸ ਦੌਰਾਨ ਰੋਡ ਸੇਫਟੀ ਟੀਮ ਦੇ ਇੰਚਾਰਜ ਏ.ਐੱਸ. ਆਈ ਪਰਮਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਦਕਿ ਥਾਣਾ ਥਰਮਲ ਦੀ ਪੁਲਸ ਨੇ ਵੀ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ। ਇਸ ਦੌਰਾਨ ਹੋਈ ਪੁਲਸ ਜਾਂਚ ਤੋਂ ਬਾਅਦ ਸੰਸਥਾ ਦੇ ਮੈਂਬਰਾਂ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਇਆ। ਪਤਾ ਲੱਗਾ ਹੈ ਕਿ ਮ੍ਰਿਤਕ ਨਸੇ ਦਾ ਆਦੀ ਸੀ ਪਰ ਉਸ ਦੀ ਮੌਤ ਦੇ ਕਾਰਨਾਂ ਦਾ ਖੁਲਾਸਾ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਹੋਵੇਗਾ। ਪੁਲਸ ਘਟਨਾ ਦੀ ਅਗਲੇਰੀ ਜਾਂਚ ਕਰ ਰਹੀ ਹੈ।

## ਪਟਿਆਲਾ ਵਾਸੀਆਂ ਲਈ ਖਤਰੇ ਦੀ ਘੰਟੀ, ਨਾਜੁਕ ਬਣੇ ਹਾਲਾਤ

ਪਟਿਆਲਾ 5 ਮਈ। ਪਟਿਆਲਾ ਦੇ ਨੇੜਲੇ ਪਿੰਡ ਜੱਸੋਵਾਲ ਦੇ ਕੋਲ ਪੈਂਦੇ ਰੋਂਗਲਾ ਹੈੱਡ ਨੇੜੇ ਭਾਖੜਾ ਨਹਿਰ ਵਿਚ ਪਾੜ ਪੈ ਰਿਹਾ ਹੈ ਜੇਕਰ ਇਸ ਪਾੜ ਨੂੰ ਸਮੇਂ ਰਹਿੰਦੇ ਨਾ ਪੂਰਿਆ ਗਿਆ ਤਾਂ ਹਾਲਾਤ ਬੇਹੱਦ ਗੰਭੀਰ ਹੋ ਸਕਦੇ ਹਨ। ਜੇਕਰ ਇਹ ਪਾੜ ਵੱਧਦਾ ਹੈ ਤਾਂ ਪਟਿਆਲਾ ਤੱਕ ਇਸ ਦੀ ਮਾਰ ਪੈਣ ਦਾ ਖਦਸ਼ਾ ਹੈ। ਇਸ ਪਾੜ ਨੇ



ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ 10 ਫੁੱਟ ਦੇ ਕਰੀਬ ਮਿੱਟੀ ਦੀਆਂ ਢਿੱਗਾਂ ਡਿੱਗਣੀਆਂ ਸੁਰੂ ਹੋ ਗਈਆਂ ਜਿਸ ਦੇ ਚੱਲਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਕਾਫੀ ਖੌਫ ਦਾ ਮੰਜਰ ਹੈ ਪਿੰਡ ਵਾਸੀਆਂ ਨੇ ਦੱਸਿਆ ਕਿ ਜੇਕਰ ਸਮੇਂ ਰਹਿੰਦੇ ਹਾਲਾਤ 'ਤੇ ਕਾਬੂ ਨਾ ਪਾਇਆ ਗਿਆ ਤਾਂ ਭਾਰੀ ਨੁਕਸਾਨ ਹੋ ਸਕਦਾ ਹੈ। ਦੂਜੇ ਪਾਸੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਬੀਤੀ ਰਾਤ ਮੌਕੇ 'ਤੇ ਪਹੁੰਚੇ ਅਤੇ ਹਾਲਾਤ ਦਾ ਜਾਇਜਾ ਲਿਆ। ਇਸ ਦੌਰਾਨ ਉਨ੍ਹਾਂ ਨੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਪਾੜ ਭਰਨ ਦੇ ਹੁਕਮ ਦਿੱਤੇ। ਅਧਿਕਾਰੀਆਂ ਨੇ ਕਿਹਾ ਕਿ ਪਾੜ ਭਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜਲਦੀ ਹੀ ਸਾਰਾ ਕੰਮ ਮੁਕੰਮਲ ਹੋ ਜਾਵੇਗਾ।

## ਭੜਕਾਊ ਗੀਤਾਂ ਕਾਰਨ ਪੰਜਾਬ 'ਚ ਵਧ ਰਿਹੈ 'ਗੈਂਗਵਾਰ', ਗਾਇਕਾਂ ਵਲੋਂ ਸ਼ਰੇਆਮ ਹਥਿਆਰਾਂ ਦੀ ਕੀਤੀ ਜਾਂਦੀ ਨੁਮਾਇਸ਼

ਮਜੀਠਾ/ਕੱਥੂਨੰਗਲ 5 ਮਈ। 'ਪੰਜਾਬ' ਜੋ ਕਦੇ ਆਪਣੇ ਹੀ ਪੰਜਾਬੀ ਅਮੀਰ ਸੱਭਿਆਚਾਰ ਤੇ ਵਿਰਸੇ ਨਾਲ ਭਰਪੂਰ ਹੁੰਦਾ ਸੀ, ਨੂੰ ਲੱਗਦਾ ਹੈ ਕਿ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੋਵੇ ਕਿਉਂਕਿ ਅਜੋਕੇ ਦੌਰ ਵਿਚ ਜਿਥੇ ਪਹਿਲਾਂ ਹੀ ਸਾਡੀ ਨੌਜਵਾਨ ਪੀੜ੍ਹੀ 'ਨੰਗੇਜ਼' ਨੂੰ ਤਰਜ਼ੀਹ ਦਿੰਦੀ ਹੋਈ, ਜਿਥੇ ਪੱਛਮੀ ਸੱਭਿਅਤਾ ਦੇ ਵਹਾਅ 'ਚ ਵਹੀ ਤੁਰੀ ਜਾ ਰਹੀ ਹੈ, ਉਥੇ ਨਾਲ ਹੀ ਹੁਣ ਰਹਿੰਦੀ ਖੂਹਿਦੀ ਕਸਰ ਪੰਜਾਬ ਦੇ ਨਵੇਂ ਉੱਭਰ ਰਹੇ ਅਤੇ ਉੱਭਰ ਚੁੱਕੇ ਗਾਇਕਾਂ ਨੇ ਕੱਢ ਕੇ ਰੱਖ ਦਿੱਤੀ ਹੈ ਕਿਉਂਕਿ ਇਹ ਗਾਇਕ ਜਿਥੇ ਆਪਣੇ ਸ਼ੂਟਿੰਗਾਂ ਦੌਰਾਨ ਸ਼ਰੇਆਮ ਹਥਿਆਰਾਂ ਦੀ ਨੁਮਾਇਸ਼ ਕਰਦੇ ਅਕਸਰ ਗੀਤਾਂ ਵਿਚ ਦਿਖਾਈ ਦਿੰਦੇ ਹਨ, ਉਥੇ ਨਾਲ ਹੀ ਇਨ੍ਹਾਂ ਵਲੋਂ ਹਥਿਆਰਾਂ ਨੂੰ ਲੈ ਕੇ ਗਾਏ ਜਾਂਦੇ ਭੜਕਾਊ ਗੀਤਾਂ ਨੂੰ ਦੇਖ ਕੇ ਜਿਥੇ ਅਜੋਕੀ ਸਾਡੀ ਨੌਜਵਾਨ ਪੀੜ੍ਹੀ ਜੋ ਕਿ ਆਪਣੇ ਹੀ ਪੰਜਾਬੀ ਕਲਚਰ ਤੋਂ ਦੂਰ ਹੁੰਦੀ ਜਾ ਰਹੀ ਹੈ, ਦੀ ਤ੍ਰਾਸਦੀ ਹੁਣ ਇਹ ਹੋ ਗਈ ਹੈ ਕਿ ਇਸ ਵੇਲੇ ਪੰਜਾਬ 'ਚ ਦਿਨੋਂ-ਦਿਨ 'ਗੈਂਗਸਟਰਾਂ' ਦੀ ਗਿਣਤੀ ਵਧਦੀ ਜਾ ਰਹੀ ਹੈ, ਜਿਸ ਨਾਲ 'ਗੈਂਗਵਾਰ' ਦੀਆਂ ਘਟਨਾਵਾਂ ਵਿਚ ਵਾਧਾ ਹੋਣਾ ਸੁਭਾਵਿਕ ਹੋਣ ਦੀਆਂ ਕਥਿਤ ਚਰਚਾਵਾਂ ਹਨ। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਤਰ੍ਹਾਂ ਨਾਲ ਸੂਬੇ ਅੰਦਰ ਇੰਨ੍ਹੀਂ ਗੈਂਗਵਾਰ, ਕਤਲੋਗਾਰਤ, ਲੁੱਟਾਂ-ਖੋਹਾਂ, ਡਰੱਗ ਸਮਗਲਿੰਗ, ਨਸ਼ਾ ਸਮੱਗਲਿੰਗ, ਅਗਵਾ ਕਾਂਡ, ਗੋਲੀਕਾਂਡ, ਫਿਰੌਤੀ ਅਤੇ ਡਕੈਤੀ ਆਦਿ ਵਰਗੀਆਂ ਵਾਰਦਾਤਾਂ ਵਿਚ ਪ੍ਰਸ਼ਾਸ਼ਨ ਦੀ ਨਾਲਾਇਕੀ ਕਾਰਨ ਵਾਧਾ ਹੋ ਰਿਹਾ ਹੈ, ਉਹ ਜੱਗ ਜ਼ਾਹਿਰ ਹੈ ਅਤੇ ਕਿਸੇ ਤੋਂ ਵੀ ਲੁਕਿਆ ਨਹੀਂ। ਇਸ ਸਭ ਦੇ ਮੱਦੇਨਜ਼ਰ ਜੇਕਰ ਇਹ ਕਹਿ ਲਿਆ ਜਾਵੇ ਕਿ ਇਸ ਵੇਲੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਆਊਟ ਆਫ ਕੰਟਰੋਲ ਹੋ ਚੁੱਕੀ ਹੈ ਕਿਉਂਕਿ ਸੂਬੇ ਦੇ ਮਾਝਾ, ਮਾਲਵਾ ਤੇ ਦੁਆਬਾ ਇਲਾਕੇ 'ਚ ਗੈਂਗਵਾਰ, ਗੋਲੀਕਾਂਡ ਅਤੇ ਕਤਲੋਗਾਰਤ ਦੀਆਂ ਵਾਰਦਾਤਾਂ ਅਕਸਰ ਅਖਬਾਰਾਂ ਦੀਆਂ ਸੁਰਖੀਆਂ ਵਿਚ ਪੜ੍ਹਨ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਸੁਣਨ ਨੂੰ ਮਿਲ ਰਹੀਆਂ ਹਨ। ਇਥੇ ਇਹ ਗੱਲ ਵੀ ਨਹੀਂ ਝੁਠਲਾਈ ਜਾ ਸਕਦੀ ਕਿ ਇਨ੍ਹਾਂ ਭਿਆਨਕ ਵਾਰਦਾਤਾਂ ਦਾ ਨਤੀਜਾ ਹਮੇਸ਼ਾ ਸਮਾਜ ਨੂੰ ਮੌਤ ਦੇ ਰੂਪ ਵਿਚ ਹੀ ਮਿਲਿਆ ਹੈ ਕਿਉਂਕਿ ਜੇਕਰ ਕਿਤੇ ਦੋ ਗੈਂਗਸਟਰਾਂ 'ਚ ਆਪਸੀ ਦੁਸ਼ਮਣੀ ਕਾਰਨ ਗੈਂਗਵਾਰ ਹੁੰਦੀ ਹੈ ਤਾਂ ਹੋ ਸਕਦਾ ਹੈ ਕਿ ਦੋਵੇਂ ਗੈਂਗਸਟਰ ਮਾਰੇ ਜਾਣ ਜਾਂ ਫਿਰ ਇਕ ਗੈਂਗਸਟਰ ਨੂੰ ਮੌਤ ਦੇ ਘਾਟ ਉਤਾਰ ਕੇ ਦੂਜਾ ਗੈਂਗਸਟਰ ਮੌਕੇ ਤੋਂ ਫਰਾਰ ਹੋ ਜਾਵੇ। ਇਸ ਸਭ ਦੇ ਪਿੱਛੇ ਜੇਕਰ ਗੀਤਾਂ ਦੀ ਵੀਡੀਓ 'ਚ ਹੁੰਦੀ ਅਸਲੇ ਦੀ ਨੁਮਾਇਸ਼ ਨੂੰ ਜ਼ਿੰਮੇਵਾਰ ਠਹਿਰਾਅ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਪਿਛਲੀਆਂ ਸਰਕਾਰਾਂ ਸਮੇਂ ਬਹੁਤ ਸਾਰੇ ਲੋਕਾਂ, ਨੌਜਵਾਨਾਂ ਤੇ ਹੋਰਨਾਂ ਦੇ ਅਸਲਾ ਲਾਈਸੈਂਸ ਬਣਾਏ ਗਏ, ਜਿਸ ਕਰ ਕੇ ਅੱਜ ਹਰ ਕਿਸੇ ਦੇ ਡੱਬ ਵਿਚ ਅਸਲਾ ਪਾ ਕੇ ਰੱਖਣ ਦੀਆਂ ਕਥਿਤ ਚਰਚਾਂਵਾਂ ਨੇ ਵੀ ਜ਼ੋਰ ਫੜਿਆ ਹੋਇਆ ਹੈ। ਓਧਰ ਦੂਜੇ ਪਾਸੇ ਗੀਤ ਗਾਉਣ ਵੇਲੇ ਕੁਝ ਗਾਇਕਾਂ ਵਲੋਂ ਸੂਬੇ ਦੀ ਜਵਾਨੀ ਨੂੰ ਭੜਕਾਉਣ ਜਾਂ ਫਿਰ ਉਨ੍ਹਾਂ ਅੰਦਰ ਦਲੇਰੀ ਪੈਦਾ ਕਰਨ ਦੇ ਮਨਸੂਬੇ ਨਾਲ ਗਾਏ ਜਾਂਦੇ ਭੜਕਾਊ ਗੀਤਾਂ ਵਿਚ ਵਰਤੇ ਜਾਂਦੇ ਹਥਿਆਰ ਕਿਸ ਵਲੋਂ ਮੁਹੱਈਆ ਕਰਵਾਏ ਜਾਂਦੇ ਹਨ, ਇਸ ਬਾਰੇ ਵੀ ਮੌਜੂਦਾ ਪੰਜਾਬ ਸਰਕਾਰ ਨੂੰ ਘੋਖ ਕਰਨ ਦੀ ਲੋੜ ਹੈ ਕਿਉਂਕਿ ਭੜਕਾਊ ਗੀਤਾਂ ਦੇ ਕਾਰਨ ਅੱਜ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਵਰਗ ਵਲੋਂ ਬੇਰੋਜ਼ਗਾਰ ਹੋਣ ਕਰ ਕੇ ਕਿਸੇ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਨੂੰ ਅੰਜਾਮ ਦੇਣ ਤੋਂ ਰਤੀ ਭਰੀ ਵੀ ਗੁਰੇਜ਼ ਨਾ ਕੀਤੇ ਜਾਣ ਦੀਆਂ ਕਥਿਤ ਚਰਚਾਵਾਂ ਸੁਣਨ ਨੂੰ ਮਿਲ ਰਹੀਆਂ ਹਨ। ਇਸ ਲਈ ਮੁਖ ਮੰਤਰੀ ਭਗਵੰਤ ਸਿੰਘ ਮਾਨ ਜੋ ਕਿ ਖੁਦ ਹੀ ਇਕ ਸਮਝਦਾਰ, ਸੂਝਵਾਨ ਤੇ ਘਾਗ ਸਿਆਸਦਾਨ ਹਨ

## ਹਸ਼ਿਆਰਪੁਰ ਕੇਂਦਰੀ ਜੇਲ੍ਹ 'ਚ ਕੈਦੀ ਨੇ ਕੀਤੀ ਖੁਦਕੁਸ਼ੀ

ਹੁਸ਼ਿਆਰਪੁਰ 5 ਮਈ। ਹੁਸ਼ਿਆਰਪੁਰ ਦੀ ਕੇਂਦਰੀ ਜੇਲ੍ਹ 'ਚ ਬੰਦ ਇਕ ਕੈਦੀ ਵੱਲੋਂ ਖੁਦਕੁਸ਼ੀ ਕਰ ਲੈਣ ਦੀ ਖਬਰ ਮਿਲੀ ਹੈ। ਜੇਲ੍ਹ ਵਿਚ ਬੰਦ ਕੈਦੀ ਨੇ ਅੱਜ ਫਾਹਾ ਲੈ ਕੇ ਆਪਣੀ ਜੀਵਨਲੀਲਾ ਖਤਮ ਕਰ ਲਈ। ਮ੍ਰਿਤਕ ਦੀ ਪਛਾਣ ਸਚਿਨ (25) ਪੁੱਤਰ ਰਾਮ ਸਿੰਘ ਵਾਸੀ ਦਸੂਹਾ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਸਚਿਨ 363, 366 ਏ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸੀ। ਅੱਜ ਉਸ ਨੇ ਬੈਰਕ ਨੰਬਰ ਦੋ ਦੇ ਬਾਥਰੂਮ ਵਿਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮੌਕੇ ਉਤੇ ਨੌਜਵਾਨ ਦੀ ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਪਹੁੰਚਾਇਆ ਗਿਆ ਹੈ। ਪੁਲਸ ਵੱਲੋਂ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਖੁਦਕੁਸ਼ੀ ਕਰਨ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪਤੀ-ਪਤਨੀ ਦੇ ਝਗੜੇ ਨੂੰ ਸ਼ਾਂਤ ਕਰਵਾਉਣਾ ਪਿਆ ਮਹਿੰਗਾ, ਵਿਅਕਤੀ ਨੂੰ ਮੌਤ ਦੇ ਘਾਟ ਉਤਾਰਿਆ

ਤਰਨਤਾਰਨ 5 ਮਈ। ਜ਼ਿਲ੍ਹੇ ਦੇ ਥਾਣਾ ਸਰਹਾਲੀ ਅਧੀਨ ਪੈਂਦੇ ਪਿੰਡ ਜੱਟਾਂ ਵਿਖੇ ਦੇਰ ਸਾਮ ਗੁਆਂਢ 'ਚ ਹੁੰਦੇ ਪਤੀ-ਪਤਨੀ ਦੇ ਝਗੜੇ ਨੂੰ ਸ਼ਾਂਤ ਕਰਵਾਉਣ ਗਏ ਇਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ। ਪਿੰਡ ਜੱਟਾਂ ਦੀ ਸਾਬਕਾ ਮੈਂਬਰ ਪੰਚਾਇਤ ਸੁਖਰਾਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਲਜਿੰਦਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਜੱਟਾਂ ਜੋ ਰਾਜ ਗਿਰੀ ਦਾ ਕੰਮ-ਕਾਜ ਕਰਦਾ ਹੈ ਦੇ ਸਰੀਕੇ 'ਚ ਗੁਆਂਢ ਰਹਿੰਦੇ ਸਰਬਜੀਤ ਸਿੰਘ ਵੱਲੋਂ ਸੋਮਵਾਰ ਦੇਰ ਸਾਮ ਆਪਣੀ ਪਤਨੀ ਦੀ ਕੁੱਟਮਾਰ ਕੀਤੀ ਜਾ ਰਹੀ ਸੀ। ਜਿਸ ਨੂੰ ਸ਼ਾਂਤ ਕਰਵਾਉਣ ਲਈ ਬਲਜਿੰਦਰ ਸਿੰਘ ਉਨ੍ਹਾਂ ਦੇ ਘਰ ਜਾ ਪੁੱਜਾ। ਬਲਜਿੰਦਰ ਸਿੰਘ ਵੱਲੋਂ ਇਸ ਦੌਰਾਨ ਸਰਬਜੀਤ ਸਿੰਘ ਨੂੰ ਮਾੜਾ-ਚੰਗਾ ਬੋਲਣ ਤੋਂ ਬਾਅਦ ਆਪਣੇ ਘਰ ਵਾਪਸ ਪਰਤ ਗਿਆ। ਕੁਝ ਸਮੇਂ ਬਾਅਦ ਸਰਬਜੀਤ ਸਿੰਘ ਆਪਣੇ 2 ਭਰਾਵਾਂ ਅਤੇ 4 ਭਤੀਜਿਆਂ ਸਣੇ ਬਲਜਿੰਦਰ ਸਿੰਘ ਦੇ ਘਰ ਦਾਖਲ ਹੋਏ ਤੇ ਤੇਜ਼ਧਾਰ ਹਥਿਆਰਾਂ ਨਾਲ ਬਲਜਿੰਦਰ ਸਿੰਘ 'ਤੇ ਹਮਲਾ ਕਰਦੇ ਹੋਏ ਉਸ ਨੂੰ ਜਖਮੀ ਕਰ ਦਿੱਤਾ ਗਿਆ। ਜਖਮੀ ਹਾਲਤ 'ਚ ਜਦੋਂ ਬਲਜਿੰਦਰ ਸਿੰਘ ਨੂੰ ਹਸਪਤਾਲ ਵਿਖੇ ਇਲਾਜ ਲਈ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਆਪਣੇ ਪਿੱਛੇ ਧਰਮ ਪਤਨੀ ਪ੍ਰਭਜੀਤ ਕੌਰ ,9 ਸਾਲਾ ਲੜਕਾ ਅਤੇ 11 ਸਾਲਾ ਲੜਕੀ ਨੂੰ ਛੱਡ ਗਿਆ ਹੈ। ਥਾਣਾ ਸਰਹਾਲੀ ਦੇ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈਂਦੇ ਹੋਏ ਮੁਲਜਮਾਂ ਖਿਲਾਫ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

# ਸਿਹਤ ਨਾਲ ਖਿਲਵਾੜ: ਛਾਪੇਮਾਰੀ ਦੌਰਾਨ ਹਜਾਰ ਲੀਟਰ ਨਕਲੀ ਦੁੱਧ ਬਰਾਮਦ, ਮੁਲਜਮ 24 ਸਾਲਾਂ ਤੋਂ ਕਰ ਰਿਹੈ ਇਹ ਕੰਮ

ਮਲੋਟ 5 ਮਈ। ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਵੱਡੀ ਕਾਰਵਾਈ ਕਰਦਿਆਂ ਮਲੋਟ ਐਡਵਰਡਗੰਜ ਗੈਸਟ ਹਾਊਸ ਨੇੜੇ ਸਿੰਥੈਟਿਕ ਦੁੱਧ ਤਿਆਰ ਕਰਨ ਵਾਲੀ ਫੈਕਟਰੀ ਤੇ ਛਾਪੇਮਾਰੀ ਕਰਕੇ ਕਈ ਸੈਂਕੜੇ ਲੀਟਰ ਨਕਲੀ ਦੁੱਧ ਅਤੇ ਕਰੀਮ ਬਰਾਮਦ ਕੀਤੀ ਹੈ। ਉਕਤ ਵਿਅਕਤੀ ਪਿਛਲੇ 24 ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ। ਜਾਣਕਾਰੀ ਮੁਤਾਬਕ ਸਿਹਤ ਅਧਿਕਾਰੀ ਡਾ.ਅਭਿਨਵ ਖੋਸਲ ਨੇ ਟੀਮ ਦੇ ਨਾਲ ਛਾਪੇਮਾਰੀ ਕੀਤੀ, ਜਿਥੇ ਟੀਮ ਨੂੰ ਨਕਲੀ ਦੁੱਧ ਤਿਆਰ ਕਰਨ ਦਾ ਸਾਜੋ-ਸਾਮਾਨ ਬਰਾਮਦ ਹੋਇਆ। ਬਾਅਦ ਵਿਚ ਡੀ. ਐੱਚ. ਓ. ਊਸਾ ਗੋਇਲ ਸਮੇਤ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਕਾਰਵਾਈ ਨੂੰ ਅੰਜਾਮ ਦਿੱਤਾ। ਇਸ ਸਬੰਧੀ ਜ਼ਿਲ੍ਹਾ ਸਿਹਤ ਅਧਿਕਾਰੀ ਊਸਾ ਗੋਇਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸਹਿਰ ਅੰਦਰ ਸੁਨਾਮ ਜ਼ਿਲ੍ਹੇ ਨਾਲ ਸਬੰਧਤ ਬਹਾਦਰ ਸਿੰਘ ਨਾਂ ਦਾ ਵਿਅਕਤੀ ਡੇਅਰੀ ਦੀ ਆੜ ਹੇਠ ਦੁੱਧ ਤਿਆਰ ਕਰਨ ਅਤੇ ਅੱਗੇ ਵੇਚਣ ਦਾ ਕੰਮ ਕਰਦਾ ਹੈ। ਸਿਹਤ ਵਿਭਾਗ ਨੇ ਪੁਲਸ ਦੀ ਮਦਦ ਨਾਲ ਕਾਰਵਾਈ ਕਰਕੇ ਛਾਪੇਮਾਰੀ ਕਰਕੇ ਕੈਂਟਰਾਂ ਵਿਚ 1000 ਲੀਟਰ ਦੇ ਕਰੀਬ ਤਿਆਰ ਦੁੱਧ ਅਤੇ ਕਰੀਮ ਬਰਾਮਦ ਕੀਤੀ ਹੈ। ਇਹ ਵਿਅਕਤੀ ਇਕ ਲੀਟਰ ਰਿਫਾਇੰਡ ਵਿਚ ਥੋੜਾ ਜਿਹਾ ਦੁੱਧ ਪਾ ਕੇ 20 ਲੀਟਰ



ਦੁੱਧ ਤਿਆਰ ਕਰਕੇ ਅੱਗੇ ਭੇਜਦਾ ਹੈ। ਉਕਤ ਵਿਅਕਤੀ ਨੇ ਟੀਮ ਨੂੰ ਦੁੱਧ ਤਿਆਰ ਕਰਕੇ ਵੀ ਦਿਖਾਇਆ। ਸਿਹਤ ਅਧਿਕਾਰੀ ਨੇ ਦੱਸਿਆ ਕਿ ਇਹ ਵਿਅਕਤੀ ਸੁਨਾਮ ਤੋਂ ਹਰ ਸਾਲ ਸਰਦੀਆਂ ਵਿਚ ਆਕੇ ਇਹ ਕੰਮ ਕਰਦਾ ਹੈ ਅਤੇ ਹਰ ਸਾਲ ਆਪਣਾ ਟਿਕਾਣਾ ਬਦਲ ਲੈਂਦਾ ਹੈ। ਉਨ੍ਹਾਂ ਕਿਹਾ ਸੈਂਪਲ ਤੋਂ ਬਾਅਦ ਪੁਲਸ ਕਾਰਵਾਈ ਕੀਤੀ ਜਾਵੇਗੀ। ਉਧਰ ਉਕਤ ਵਿਅਕਤੀ ਨੇ ਦੱਸਿਆ ਕਿ ਉਹ ਉਸ ਕੋਲ ਲਾਈਸੰਸ ਨਹੀਂ ਪਰ ਦੁੱਧ ਅੱਗੇ ਭੇਜਣ ਦਾ ਕੰਮ ਕਰਦਾ ਹੈ। ਪਹਿਲਾਂ ਵੀ ਉਸ ਦਾ ਸੈਂਪਲ ਕਈ ਵਾਰ ਭਰਿਆ ਗਿਆ ਹੈ। ਉੱਧਰ ਸਿਟੀ ਮਲੋਟ ਪੁਲਸ ਵੱਲੋਂ ਨਕਲੀ ਦੁੱਧ ਦਾ ਕਾਰੋਬਾਰ ਕਰਨ ਵਾਲੇ ਇਸ ਵਿਅਕਤੀ ਵਿਰੁੱਧ ਕਨੂੰਨੀ ਕਾਰਵਾਈ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲਾ ਦਰਜ ਕਰਕੇ ਉਕਤ ਵਿਅਕਤੀ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਹ ਵੀ ਜ਼ਿਕਰਯੋਗ ਹੈ ਕਿ ਕੁਝ ਦੋਧੀਆਂ ਵੱਲੋਂ ਨਕਲੀ ਦੁੱਧ ਤਿਆਰ ਕਰਕੇ ਘਰਾਂ ਵਿਚ ਸਪਲਾਈ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਸਹਿਰ ਵਿਚ ਕਾਫੀ ਰੌਲਾ ਹੈ . ਅੱਜ ਸਿਹਤ ਅਧਿਕਾਰੀ ਨੇ ਮਲੋਟ ਅੰਦਰ ਛਾਪੇਮਾਰੀ ਦੌਰਾਨ ਇਹ ਵੀ ਅਪੀਲ ਕੀਤੀ ਕਿ ਅਗਰ ਕਿਸੇ ਵਿਅਕਤੀ ਦੇ ਧਿਆਨ ਵਿਚ ਅਜਿਹਾ ਮਾਮਲਾ ਆਉਂਦਾ ਹੈ ਤਾਂ ਉਹ ਇਸ ਦੀ ਜਾਣਕਾਰੀ ਸਿਹਤ ਵਿਭਾਗ ਨੂੰ ਦੇਵੇ। ਸ਼ਿਕਾਇਤ ਕਰਨ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ।

### ਅਜਨਾਲਾ ਵਿਖੇ ਨਸ਼ਾ ਤਸਕਰ ਤੇ ਪੁਲਸ ਵਿਚਾਲੇ ਮੁਕਾਬਲਾ, ਚੱਲੀਆਂ ਗੋਲੀਆਂ

ਅਜਨਾਲਾ 5 ਮਈ। ਨਸ਼ਾ ਤਸਕਰਾਂ ਅਤੇ ਪੁਲਸ ਵਿਚਾਲੇ ਵੱਡਾ ਮੁਕਾਬਲਾ ਹੋਇਆ ਹੈ। ਗੋਲੀਆਂ ਦੀ ਆਵਾਜ ਨਾਲ ਪਿੰਡ ਦੇ ਲੋਕ ਸਹਿਮ ਚੁੱਕੇ ਹਨ। ਪੁਲਸ ਅਤੇ ਨਸ਼ਾ ਤਸਕਰਾਂ ਵਿਚਾਲੇ ਗੋਲੀਆਂ ਵੀ ਚਲਾਇਆ ਗਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਐੱਸ.ਟੀ.ਐੱਫ ਦੀ ਟੀਮ ਕਾਫੀ ਸਮੇਂ ਤੋਂ ਨਸ਼ਾ ਤਸਕਰਾਂ ਦੇ ਪਿੱਛੇ ਲੱਗੀ ਹੋਈ ਸੀ ਤਾਂ ਜਦੋਂ ਐੱਸ.ਟੀ.ਐੱਫ ਦੀ ਟੀਮ ਨੇ ਆਪਣੀਆਂ ਗੱਡੀਆਂ ਨਸ਼ਾ ਤਸਕਰਾਂ ਦੇ ਪਿੱਛੇ ਲਗਾਈਆਂ ਤਾਂ ਮੁਲਜਮਾਂ ਨੇ ਗੱਡੀਆਂ ਨੂੰ ਅਚਾਨਕ ਖੇਤਾਂ 'ਚ ਮੋੜ ਲਿਆ। ਜਿੱਥੇ ਪੁਲਸ ਅਤੇ ਨਸ਼ਾ ਤਸਕਰਾਂ ਵਿਚਲੇ ਜਬਰਦਸਤ ਮੁਕਾਬਲਾ ਹੋਇਆ। ਇਸ ਦੌਰਾਨ ਨਸ਼ਾ ਤਸਕਰਾਂ ਦੀ ਗੱਡੀ ਆਈ-20 ਦੱਸੀ ਜਾ ਰਹੀ ਹੈ ਜੋ ਪੂਰੀ ਤਰ੍ਹਾਂ ਨਾਲ ਟੁੱਟ ਗਈ ਸੀ। ਗੱਡੀ ਦੀ ਜਾਂਚ ਦੌਰਾਨ ਉਸ 'ਚੋਂ 1 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ।

# 'ਅਸ਼ੀਰਵਾਦ' ਸਕੀਮ ਦੇ ਲਾਭਪਾਤਰੀਆਂ ਲਈ ਅਹਿਮ ਖਬਰ, ਮੰਤਰੀ ਬਲਜੀਤ ਕੌਰ ਨੇ ਕੀਤਾ ਵੱਡਾ ਐਲਾਨ

ਚੰਡੀਗੜ੍ਹ- 5 ਮਈ। 'ਅਸ਼ੀਰਵਾਦ' ਸਕੀਮ ਦੇ ਲਾਭਪਾਤਰੀਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਜਾਰੀ ਕੀਤੀ ਜਾਵੇਗੀ। ਇਸ ਦਾ ਪ੍ਰਗਟਾਵਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਕੈਬਨਿਟ ਮੰਤਰੀ ਨੇ ਹੋਰ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਰਾਜ ਵਿੱਚ ਅਸੀਰਵਾਦ ਸਕੀਮ ਤਹਿਤ ਮਾਰਚ 2022 ਤੋਂ ਅਨੁਸੂਚਿਤ ਜਾਤੀਆਂ ਦੇ 21662 ਲਾਭਪਾਤਰੀ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾ ਦੇ 13385 ਲਾਭਪਾਤਰੀ, ਕੁੱਲ 35047 ਲਾਭਪਾਤਰੀਆਂ ਦੀਆਂ ਦਰਖਾਸਤਾਂ ਪੈਂਡਿੰਗ ਸਨ, ਜਿਨ੍ਹਾਂ ਦੀ ਕੁੱਲ 17849.37 ਲੱਖ ਰੁਪਏ ਦੇਣਦਾਰੀ ਬਣਦੀ ਸੀ। ਮੌਜੂਦਾ ਸਰਕਾਰ ਵੱਲੋਂ ਫਰਵਰੀ 2022 ਤੱਕ ਕੁੱਲ 35047 ਲਾਭਪਾਤਰੀਆਂ ਨੂੰ 17849.37 ਲੱਖ ਰੁਪਏ ਦਾ ਲਾਭ ਦੇ ਦਿਤਾ ਗਿਆ ਹੈ। ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ ਦੇ 33983 ਲਾਭਪਾਤਰੀਆਂ ਲਈ 17331.33 ਲੱਖ ਰੁਪਏ ਅਤੇ ਪੱਛੜੀਆਂ ਸ੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 16206 ਰਹਿੰਦੇ ਲਾਭਪਾਤਰੀਆਂ 8265.06 ਲੱਖ ਰੁਪਏ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਦਿੱਤੀ ਜਾ ਰਹੀ ਹੈ। ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਸਬੰਧੀ ਲਾਭਪਾਤਰੀ ਘਰ ਬੈਠੇ ਹੀ ਵਿੱਤੀ ਲਾਭ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਅਸੀਰਵਾਦ ਸਕੀਮ ਸਬੰਧੀ ਪੋਰਟਲ ਦੀ 15 ਨਵੰਬਰ 2022 ਨੂੰ ਸ਼ੁਰੂਆਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਹ ਪੋਰਟਲ ਬਿਨਾਂ ਹਾਜ਼ਰ ਹੋਏ ਸੰਪਰਕ ਰਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਵੇਗਾ। ਆਸ਼ੀਰਵਾਦ ਸਕੀਮ ਸਬੰਧੀ ਪੋਰਟਲ ਸ਼ੁਰੂ



ਹੋਣ ਨਾਲ ਸਿਸਟਮ ਵਿੱਚ ਪਾਰਦਰਸ਼ਤਾ ਅਤੇ ਤੇਜੀ ਨੂੰ ਯਕੀਨੀ ਬਣਾਇਆ ਜਾ ਸਕੇਗਾ। ਲਾਭਪਾਤਰੀਆਂ ਆਫਲਾਈਨ/ਆਨਲਾਈਨ ਦੋਨੋ ਢੰਗਾਂ ਨਾਲ 31 ਮਾਰਚ 2023 ਤੱਕ ਦਰਖਾਸਤਾਂ ਦੇ ਸਕਦੇ ਹਨ। ਆਨਲਾਈਨ ਦਰਖਾਸਤਾਂ ਪ੍ਰਾਪਤ ਕਰਨ ਦੀ ਮੁਕੰਮਲ ਪ੍ਰਕਿਰਿਆ ਅਪ੍ਰੈਲ 2023 ਤੋਂ ਸੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸਗਨ ਵਜੋਂ ਦਿੱਤੀ ਜਾਂਦੀ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਵਿੱਤੀ ਸਹਾਇਤਾ ਇਕ ਪਰਿਵਾਰ ਦੀਆਂ ਦੋ ਲੜਕੀਆਂ ਜੋ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਉਨ੍ਹਾਂ ਦੀ ਸਲਾਨਾ ਆਮਦਨ 32790 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ, ਨੂੰ ਦਿੱਤੀ ਜਾਂਦੀ ਹੈ।

### ਲੋਕ ਸਭਾ ਚੋਣਾਂ ਦੇ ਮੱਦੇਨਜਰ ਮੰਤਰੀ ਮੀਤ ਹੇਅਰ ਨੇ ਕੱਢਿਆ ਰੋਡ ਸੋਅ

ਲਹਿਰਾਗਾਗਾ 5 ਮਈ। ਲੋਕ ਸਭਾ ਹਲਕਾ ਸੰਗਰੂਰ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੀ ਚੁਣਾਵੀਂ ਮੁਹਿੰਮ ਨੂੰ ਭਖਾਉਂਦਿਆਂ ਹਲਕਾ ਲਹਿਰਾ 'ਚ ਵਿਧਾਇਕ ਗੋਇਲ ਅਤੇ ਹਜਾਰਾਂ ਸਮਰਥਕਾਂ ਦੇ ਨਾਲ ਦਰਜਨਾਂ ਪਿੰਡਾਂ 'ਚ ਰੋਡ ਸੋਅ ਕੱਢਿਆ। ਇਸ ਦੌਰਾਨ ਉਨ੍ਹਾਂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਤੁਸੀਂ ਮੈਨੂੰ ਜਿਤਾਓ, ਮੈਂ ਸੰਸਦ 'ਚ ਤੁਹਾਡੀ ਆਵਾਜ ਬਣਦਿਆਂ ਤੁਹਾਡੇ ਹਰ ਮਸਲੇ ਨੂੰ ਸੰਸਦ 'ਚ ਉਠਾ ਕੇ ਹੱਲ ਕਰਵਾਉਣ ਦਾ ਹਰ ਸੰਭਵ ਯਤਨ ਕਰਾਂਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਸੂਬੇ ਦੀ 'ਆਪ' ਸਰਕਾਰ ਹਰ ਵਰਗ ਦੀ ਬਿਹਤਰੀ ਲਈ ਕੰਮ ਕਰ ਰਹੀ ਹੈ, ਜੋ ਕਿ ਵਿਰੋਧੀਆਂ ਨੂੰ ਹਜਮ ਨਹੀਂ ਹੋ ਰਹੀ। ਵੱਖ-ਵੱਖ ਪਿੰਡਾਂ 'ਚ ਉਨ੍ਹਾਂ ਦੇ ਰੋਡ ਸੋਅ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਥਾਵਾਂ 'ਤੇ ਮੀਤ ਹੇਅਰ ਨੂੰ ਲੱਡੂਆਂ ਨਾਲ ਤੋਲਿਆ ਗਿਆ।

## ਨਸ਼ਿਆਂ ਨੇ ਬੁਝਾਇਆ ਇਕ ਹੋਰ ਘਰ ਦਾ ਚਿਰਾਗ, ਚਿੱਟੇ ਦੀ ਓਵਰਡੋਜ ਨਾਲ 26 ਸਾਲਾ ਨੌਜਵਾਨ ਦੀ ਮੌਤ

ਜੋਧਾਂ 5 ਮਈ। ਭਿਆਨਕ ਨਸ਼ੇ ਚਿੱਟੇ ਦੀ ਵਰਤੋਂ ਕਾਰਨ ਨੌਜਵਾਨ ਆਏ ਦਿਨ ਮੌਤ ਦੇ ਮੂੰਹ 'ਚ ਜਾ ਰਹੇ ਹਨ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਜਿਹੀ ਹੀ ਘਟਨਾ ਬੀਤੀ ਰਾਤ ਨੇੜਲੇ ਪਿੰਡ ਲੋਹਗੜ੍ਹ ਵਿਖੇ ਵਾਪਰੀ, ਜਿਸ 'ਚ 26 ਸਾਲਾ ਨੌਜਵਾਨ ਦੀ ਚਿੱਟੇ ਦਾ ਸੇਵਨ ਕਰਨ ਨਾਲ ਮੌਤ ਹੋ ਗਈ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮ੍ਰਿਤਕ ਦੀ ਲਾਸ਼ ਥਾਣੇ 'ਚ ਰੱਖ ਕੇ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਗੁਰਦਾਸ ਸਿੰਘ ਅਤੇ ਉਸ ਦੇ ਰਿਸ਼ਤੇਦਾਰ ਜਸਕਰਨ ਸਿੰਘ ਖ਼ਿਲਾਫ ਕਾਰਵਾਈ ਕਰਨ ਲਈ ਜੋਧਾਂ ਪੁਲਸ ਥਾਣੇ 'ਚ ਰੋਸ ਪ੍ਰਦਰਸ਼ਨ ਵੀ ਕੀਤਾ। ਇਸ ਸਬੰਧੀ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦੇ ਪਿਤਾ ਹਰਜਿੰਦਰ ਸਿੰਘ ਅਤੇ ਚਾਚਾ ਜਗਜੀਤ ਸਿੰਘ ਵਾਸੀ ਲੋਹਗੜ੍ਹ ਨੇ ਦੱਸਿਆ ਕਿ ਪਿੰਡ 'ਚ ਹੀ ਗੁਰਦਾਸ ਸਿੰਘ ਦੇ ਘਰ ਲੋਹੜੀ ਸਮਾਗਮ 'ਤੇ ਡੀ. ਜੇ. ਲੱਗਿਆ ਹੋਇਆ ਸੀ। ਰਾਤ ਸਮੇਂ ਪਿੰਡ ਵਾਸੀ ਗੁਰਦਾਸ ਸਿੰਘ ਅਤੇ ਉਸ ਦਾ ਰਿਸ਼ਤੇਦਾਰ ਜਸਕਰਨ ਸਿੰਘ ਮੇਰੇ ਪੁੱਤਰ ਗੁਰਪ੍ਰੀਤ ਸਿੰਘ ਨੂੰ ਸਾਡੀ ਟਾਟਾ ਏਸ ਗੱਡੀ ਸਮੇਤ ਲੈ ਗਏ ਪਰ ਕੁਝ ਸਮੇਂ ਬਾਅਦ ਹੀ ਘਰ ਕੋਲ ਹੀ ਖਾਲੀ ਪਲਾਟ 'ਚ ਨਸ਼ੇ ਦਾ ਟੀਕਾ ਲਗਾਉਣ ਕਾਰਨ ਮੇਰੇ ਪੁੱਤ ਦੀ ਮੌਤ ਹੋ ਗਈ। ਹਰਜਿੰਦਰ ਸਿੰਘ ਨੇ ਦੱਸਿਆ ਕਿ ਮੇਰੇ ਬੇਟੇ ਗੁਰਪ੍ਰੀਤ ਸਿੰਘ ਦਾ ਕੁਝ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ, ਉਸ ਦੇ ਡੇਢ ਕੁ ਸਾਲ ਦਾ ਬੇਟਾ ਵੀ ਹੈ। ਪਰਿਵਾਰ ਵਾਲਿਆਂ ਅਤੇ ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਗੁਰਪ੍ਰੀਤ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਦੋਵਾਂ ਹੀ ਵਿਅਕਤੀਆਂ ਗੁਰਦਾਸ ਸਿੰਘ ਅਤੇ ਜਸਕਰਨ ਸਿੰਘ ਖਿਲਾਫ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇ। ਏ. ਐੱਸ. ਆਈ. ਬਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਹਰਜਿੰਦਰ ਸਿੰਘ ਦੇ ਬਿਆਨਾਂ 'ਤੇ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ, ਜੋ ਵੀ ਵਿਅਕਤੀ ਇਸ 'ਚ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮ੍ਰਿਤਕ ਗੁਰਪ੍ਰੀਤ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਪ੍ਰੇਮਜੀਤ ਹਸਪਤਾਲ ਸੁਧਾਰ ਭੇਜ ਦਿੱਤਾ ਗਿਆ।

### ਪੰਜਾਬ ਦੇ ਅਧਿਆਪਕਾਂ ਲਈ ਚੰਗੀ ਖਬਰ, ਜਲਦ ਮਿਲ ਸਕਦੀ ਹੈ ਇਹ ਵੱਡੀ ਖੁਸ਼ਖਬਰੀ

ਪਟਿਆਲਾ 5 ਮਈ। ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ 'ਚ ਕੰਮ ਕਰਦੇ ਅਧਿਆਪਕਾਂ ਅਤੇ ਸੇਵਾ-ਮੁਕਤ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦਾ ਲਾਭ ਜਲਦ ਮਿਲੇਗਾ। ਇਹ ਭਰੋਸਾ ਸਿੱਖਿਆ ਵਿਭਾਗ ਪੰਜਾਬ ਦੇ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਪੰਜਾਬ ਸਟੇਟ ਏਡਿਡ ਸਕੂਲ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ 'ਚ ਦਿੱਤਾ, ਜੋ ਮਿੰਨੀ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ। ਮੀਟਿੰਗ 'ਚ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ, ਆਈ. ਏ. ਐੱਸ., ਮੈਡਮ ਗੌਰੀ ਪਰਾਸ਼ਰ ਜੋਸ਼ੀ ਆਈ. ਏ. ਐੱਸ. ਵਿਸ਼ੇਸ਼ ਸਿੱਖਿਆ ਸਕੱਤਰ, ਸਹਾਇਕ ਡਾਇਰੈਕਟਰ ਮਹੇਸ਼ ਕੁਮਾਰ, ਸੁਪਰਡੈਂਟ ਸਿੱਖਿਆ-3 ਅਤੇ ਹੋਰ ਅਧਿਕਾਰੀ ਹਾਜਰ ਸਨ ਜਦਕਿ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਐੱਨ. ਐੱਨ. ਸੈਣੀ ਅਤੇ ਸੂਬਾ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਦੀ ਅਗਵਾਈ ਵਾਲੇ ਪ੍ਰਤੀਨਿਧੀ ਮੰਡਲ ਨੇ ਹਿੱਸਾ ਲਿਆ। ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਹਰਦੀਪ ਸਿੰਘ ਰੂਪਨਗਰ ਨੇ ਦੱਸਿਆ ਕਿ ਮੀਟਿੰਗ 'ਚ ਸਿੱਖਿਆ ਸਕੱਤਰ ਨੇ ਛੇਵਾਂ ਤਨਖਾਹ ਕਮਿਸ਼ਨ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ ਕਿਉਂਕਿ ਵਿੱਤ ਮੰਤਰੀ ਵੱਲੋਂ ਪਹਿਲਾਂ ਹੀ ਸਿਧਾਂਤਕ ਤੌਰ 'ਤੇ ਇਸ ਸਬੰਧੀ ਸਹਿਮਤੀ ਦੇ ਦਿੱਤੀ ਗਈ ਹੈ। ਏਡਿਡ ਸਕੂਲਾਂ 'ਚ ਕੰਮ ਕਰਦੇ ਸੀ ਐਂਡ ਵੀ. ਕੇਡਰ ਦੇ ਅਧਿਆਪਕਾਂ ਦੀ ਦਸੰਬਰ 2023 ਤੱਕ ਰੁਕੀ ਤਨਖਾਹ ਨੂੰ 4400 ਰੁਪਏ ਗਰੇਡ ਪੇਅ ਨਾਲ ਜਾਰੀ ਕਰਨ ਦੇ ਆਦੇਸ਼ ਵੀ ਕੀਤੇ ਗਏ। ਏਡਿਡ ਸਕੂਲਾਂ ਦੇ ਅਧਿਆਪਕਾਂ ਦੀ ਤਬਾਦਲਾ ਨੀਤੀ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ। ਇਸ ਸਬੰਧੀ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ, ਜਦਕਿ ਏਡਿਡ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਮੁਫਤ ਵਰਦੀਆਂ ਦੇਣ, ਸੀ. ਪੀ. ਐੱਫ. ਦੇ ਪੋਸਟ ਆਡਿਟ ਇਤਰਾਜ਼ਾ ਅਤੇ ਹੋਰ ਮਸਲਿਆਂ ਬਾਰੇ ਵੀ ਲੋੜੀਂਦੇ ਆਦੇਸ਼ ਜਾਰੀ ਕੀਤੇ ਗਏ।

### 15 ਸਾਲਾ ਧੀ ਨੂੰ ਘਰ ਛੱਡ ਸਬਜੀ ਲੈਣ ਗਿਆ ਪਿਓ, ਵਾਪਸ ਪਰਤਦਿਆਂ ਹੀ ਉੱਡੇ ਹੋਸ਼

ਭਵਾਨੀਗੜ੍ਹ 5 ਮਈ। ਸਬਜੀ ਵੇਚਣ ਵਾਲੇ ਵਿਅਕਤੀ ਦੀ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਵਰਗਲਾ ਕੇ ਲੈ ਜਾਣ ਦੇ ਦੋਸ ਹੇਠ ਸਥਾਨਕ ਪੁਲਸ ਨੇ ਇਕ ਜਣੇ ਖ]ਲਾਫ ਮਾਮਲਾ ਦਰਜ ਕੀਤਾ। ਇਸ ਸਬੰਧੀ ਨੇੜਲੇ ਪਿੰਡ ਕਿਰਾਏ ਦੇ ਮਕਾਨ ਵਿਚ ਰਹਿੰਦੇ ਇਕ ਵਿਅਕਤੀ ਨੇ ਪੁਲਸ ਨੂੰ ਦੱਸਿਆ ਕਿ ਉਹ ਸਬਜੀ ਵੇਚਣ ਦਾ ਕੰਮ ਕਰਦਾ ਹੈ ਤੇ ਉਹ 15 ਸਾਲਾ ਲੜਕੀ ਦਾ ਪਿਤਾ ਹੈ। ਉਕਤ ਵਿਅਕਤੀ ਨੇ ਦੱਸਿਆ ਕਿ ਹਰ ਰੋਜ ਦੀ ਤਰ੍ਹਾਂ ਬੀਤੇ ਦਿਨ ਵੀ ਉਹ ਸਵੇਰੇ ਜਲਦੀ ਸਬਜੀ ਲੈਣ ਲਈ ਨਾਭਾ ਮੰਡੀ ਗਿਆ ਸੀ ਤੇ ਦੁਪਹਿਰ ਬਾਅਦ ਜਦੋਂ ਉਹ ਘਰ ਪਰਤਿਆ ਤਾਂ ਉਸ ਦੀ ਲੜਕੀ ਘਰ ਨਹੀਂ ਸੀ। ਇਸ ਸਬੰਧੀ ਆਸ-ਪਾਸ ਕਾਫੀ ਭਾਲ ਕੀਤੀ ਗਈ ਪਰੰਤੂ ਉਸ ਦੀ ਲੜਕੀ ਦਾ ਕੁਝ ਪਤਾ ਨਹੀਂ ਲੱਗਾ। ਜਾਂਚ ਕਰਨ 'ਤੇ ਪਤਾ ਚੱਲਿਆ ਕਿ ਲੜਕੀ ਘਰ 'ਚ ਰੱਖੇ 10 ਹਜਾਰ ਰੁਪਏ ਵੀ ਨਾਲ ਲੈ ਗਈ ਹੈ। ਸ਼ਿਕਾਇਤਕਰਤਾ ਨੇ ਦੋਸ ਲਗਾਇਆ ਕਿ ਉਸ ਦੇ ਕਿਰਾਏ ਦੇ ਮਕਾਨ ਦੇ ਨਾਲ ਵਾਲੇ ਕਮਰੇ ਵਿਚ ਰਹਿੰਦਾ ਸੰਤੋਸ਼ ਵਾਸੀ ਅਲੀਗੜ੍ਹ (ਆਗਰਾ) ਉਸ ਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਉਕਤ ਸੰਤੋਸ ਖ਼ਿਲਾਫ ਥਾਣਾ ਭਵਾਨੀਗੜ੍ਹ ਵਿਖੇ ਮਾਮਲਾ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ।

### ਭਿਆਨਕ ਹਾਦਸੇ ਨੇ ਘਰ 'ਚ ਪੁਆਏ ਵੈਣ, ਵਿਆਹ ਸਮਾਗਮ ਤੋਂ ਪਰਤ ਰਹੇ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ

ਤਲਵੰਡੀ ਭਾਈ 5 ਮਈ। ਬੀਤੀ ਦੇਰ ਰਾਤ ਸ਼ੇਰ ਖਾਂ ਵਿਖੇ ਵਾਪਰੇ ਭਿਆਨਕ ਹਾਦਸੇ 'ਚ ਇਕ ਨੌਜਵਾਨ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਸ਼ੇਰ ਖਾਂ ਦੇ ਬੱਸ ਸਟੈਂਡ ਨੇੜੇ ਵਾਪਰਿਆ। ਮ੍ਰਿਤਕ ਦੀ ਪਛਾਣ ਜਸ਼ਨਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਸਾਂਦੇ ਹਾਸ਼ਮ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਜਸ਼ਨਪ੍ਰੀਤ ਬੀਤੀ ਰਾਤ ਵਿਆਹ ਦੇ ਜਾਗੋ ਸਮਾਗਮ ਤੋਂ ਵਾਪਸ ਪਰਤ ਰਿਹਾ ਸੀ। ਇਸ ਦੌਰਾਨ ਜਦੋਂ ਉਹ ਪਿੰਡ ਸ਼ੇਰ ਖਾਂ ਦੇ ਬੱਸ ਸਟੈਂਡ ਕੋਲ ਪੁੱਜਾ ਤਾਂ ਉਸਦੀ ਕਾਰ ਅਚਾਨਕ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਇਕ ਦਰਖੱਤ ਨਾਲ ਟਕਰਾਉਂਦਿਆਂ ਖੇਤਾਂ 'ਚ ਜਾ ਵੜੀ। ਜਿਸ ਕਾਰਨ ਗੰਭੀਰ ਸੱਟਾਂ ਵੱਜਣ ਕਾਰਨ ਉਸ ਦੀ ਮੌਤ ਹੋ ਗਈ। ਦੁਖਦਾਇਕ ਗੱਲ ਇਹ ਹੈ ਕਿ ਮ੍ਰਿਤਕ ਨੌਜਵਾਨ ਜਸ਼ਨਪ੍ਰੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ। ਪੁੱਤ ਦੀ ਮੌਤ ਦੀ ਖਬਰ ਮਿਲਣ ਤੋਂ ਬਾਅਦ ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੈ।

### ਘਰ ਦੇ ਬਾਹਰ ਗੱਡੀਆਂ ਖੜ੍ਹੀਆਂ ਕਰਨ ਵਾਲੇ ਹੋ ਜਾਣ ਸਾਵਧਾਨ, ਰਾਤੋ-ਰਾਤ ਹੋ ਗਿਆ ਕਾਰਾ

ਗੁਰਦਾਸਪੁਰ 5 ਮਈ। ਬਟਾਲਾ ਪੁਲਸ ਅਧੀਨ ਪੈਂਦੇ ਕਸਬਾ ਕਾਦੀਆਂ ਵਿਖੇ ਸ਼ਾਤਰ ਚੋਰਾਂ ਨੇ ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਨਿਸਾਨਾ ਬਣਾ ਕੇ ਦੇਰ ਰਾਤ 5 ਗੱਡੀਆਂ ਦੇ ਟਾਇਰ ਅਤੇ ਮਿਊਜ਼ਿਕ ਸਿਸਟਮ ਚੋਰੀ ਕਰ ਲਏ, ਜਿਸ ਤੋਂ ਬਾਅਦ ਗੱਡੀਆਂ ਨੂੰ ਇੱਟਾਂ ਦੇ ਸਹਾਰੇ ਖੜ੍ਹਾ ਕਰਕੇ ਫਰਾਰ ਹੋ ਗਏ। ਇਹ ਸਾਰੀ ਘਟਨਾ ਸੀਸੀਟੀਵੀ 'ਚ ਕੈਦ ਹੋ ਗਈ। ਕਾਦੀਆਂ ਦੇ ਰਹਿਣ ਵਾਲੇ ਗੱਡੀਆਂ ਦੇ ਮਾਲਕ ਗਿੰਨੀ ਭਾਟੀਆ ਸਾਬਕਾ ਐੱਮਸੀ ਤੇ ਨਿਖਿਲ ਭਾਟੀਆ ਨੇ ਦੱਸਿਆ ਕਿ ਬੀਤੀ ਰਾਤ ਐਕਟਿਵਾ 'ਤੇ ਆਏ 2 ਚੋਰ ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਨਿਸਾਨਾ ਬਣਾਉਂਦਿਆਂ ਗੱਡੀਆਂ ਦੇ ਟਾਇਰ, ਅਲੋਏ ਵ੍ਹੀਲ ਅਤੇ ਮਿਊਜ਼ਿਕ ਸਿਸਟਮ ਚੋਰੀ ਕਰਕੇ ਲਏ ਅਤੇ ਗੱਡੀਆਂ ਨੂੰ ਇੱਟਾਂ ਦੇ ਸਹਾਰੇ ਖੜ੍ਹਾ ਕਰਕੇ ਫਰਾਰ ਹੋ ਗਏ। ਘਟਨਾ ਬੀਤੀ ਰਾਤ 3 ਵਜੇ ਦੇ ਕਰੀਬ ਦੀ ਹੈ, ਜੋ ਕਿ ਸੀਸੀਟੀਵੀ 'ਚ ਰਿਕਾਰਡ ਹੋ ਗਈ ਹੈ। ਪੀੜਤਾਂ ਨੇ ਅਪੀਲ ਕੀਤੀ ਕਿ ਪੁਲਸ ਨੂੰ ਇਨ੍ਹਾਂ ਚੋਰਾਂ 'ਤੇ ਨਕੇਲ ਕੱਸਦਿਆਂ ਇਨ੍ਹਾਂ ਨੂੰ ਕਾਬੂ ਕਰਨਾ ਚਾਹੀਦਾ ਹੈ ਤਾਂ ਕਿ ਆਮ ਜਨਤਾ ਨੂੰ ਅਜਿਹੀਆਂ ਵਾਰਦਾਤਾਂ ਤੋਂ ਨਿਜਾਤ ਮਿਲ ਸਕੇ।

## ਵਿਆਹ ਦਾ ਦਬਾਅ ਬਣਾਉਣ 'ਤੇ ਸੋਸਾਇਟੀ ਦੇ ਗਾਰਡ ਨੇ ਔਰਤ ਦਾ ਕਤਲ ਕਰ ਝਾੜੀਆਂ 'ਚ ਸੁੱਟੀ ਲਾਸ਼

ਠਾਣੇ 5 ਮਈ। ਨਵੀਂ ਮੁੰਬਈ 'ਚ ਇਕ ਰਿਹਾਇਸ਼ੀ ਸੋਸਾਇਟੀ 'ਚ ਕੰਮ ਕਰਨ ਵਾਲੇ 40 ਸਾਲਾ ਸੁਰੱਖਿਆ ਗਾਰਡ ਨੇ ਇਕ ਵਿਆਹੁਤਾ ਔਰਤ ਦਾ ਕਤਲ ਕੇ ਲਾਸ਼ ਝਾੜੀਆਂ 'ਚ ਸੁੱਟ ਦਿੱਤੀ। ਪੁਲਸ ਨੇ ਵੀਰਵਾਰ ਨੂੰ ਦੱਸਿਆ ਕਿਹਾ ਕਿ ਉਸ ਦੇ ਪਤੀ ਨੇ ਪੁਲਸ ਨੂੰ ਦੱਸਿਆ ਕਿ ਉਹ ਮੁੰਬਈ ਦੇ ਮਾਨਖੁਰਦ ਇਲਾਕੇ 'ਚ ਸਫਾਈ ਕਰਮੀ ਦਾ ਕੰਮ ਕਰਦੀ ਸੀ ਅਤੇ ਲਾਪਤਾ ਹੋ ਗਈ ਸੀ। ਪੁਲਸ ਨੂੰ ਬਾਅਦ 'ਚ ਪੀੜਤਾ ਦਾ ਮੋਬਾਇਲ ਫੋਨ ਮਿਲਿਆ ਅਤੇ ਪਤਾ




ਕਿ ਦੋਸ਼ੀ ਦੇ ਔਰਤ ਨਾਲ ਨਾਜਾਇਜ ਸੰਬੰਧ ਸਨ। ਦੋਸ਼ੀ ਰਾਜਕੁਮਾਰ ਬਾਬੂਰਾਮ ਪਾਲ ਨੂੰ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਨੇ ਦੱਸਿਆ ਕਿ ਨਵੀਂ ਮੁੰਬਈ 'ਚ ਮਿਲੀ ਲਾਸ਼ ਅਤੇ ਮੁੰਬਈ ਨਾਲ ਲੱਗਦੇ ਟਰਾਂਬੇ ਥਾਣੇ 'ਚ ਇਕ ਔਰਤ ਦੀ ਗੁੰਮਸ਼ੁਦਗੀ ਦੀ ਰਿਪੋਰਟ ਤੋਂ ਮਿਲੀ ਸੂਚਨਾ ਦੇ ਮੇਲ ਖਾਣ ਤੋਂ ਬਾਅਦ ਪੁਲਸ ਨੇ ਆਪਣੀ ਜਾਂਚ ਤੇਜ ਕੀਤੀ। ਪੁਲਸ ਨੇ ਲਾਪਤਾ ਔਰਤ ਦੇ ਪਰਿਵਾਰ ਦੇ ਮੈਂਬਰਾਂ ਤੋਂ ਪੁੱਛ-ਗਿੱਛ ਕੀਤੀ। ਅਧਿਕਾਰੀ ਨੇ ਲੱਗਾ ਕਿ ਔਰਤ ਦਾ ਸੁਰੱਖਿਆ ਗਾਰਡ ਪਾਲ ਨਾਲ ਪ੍ਰੇਮ ਸੰਬੰਧ ਸੀ। ਅਧਿਕਾਰੀ ਨੇ ਦੱਸਿਆ ਕਿ ਫੜੇ ਜਾਣ 'ਤੇ ਪਾਲ ਨੇ ਪੁੱਛ-ਗਿੱਛ ਗਿਆ। ਉਨ੍ਹਾਂ ਦੱਸਿਆ ਕਿ ਔਰਤ ਪਾਲ 'ਤੇ ਵਾਰ-ਵਾਰ ਵਿਆਹ ਲਈ ਦਬਾਅ ਬਣਾ ਰਹੀ ਸੀ, ਜਿਸ ਤੋਂ ਤੰਗ ਆ ਕੇ ਉਹ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਸੀਨੀਅਰ ਪੁਲਸ ਇੰਸਪੈਕਟਰ ਵਿਸ਼ਵਨਾਥ ਕੋਲੇਕਰ ਨੇ ਕਿਹਾ ਕਿ 12 ਫਰਵਰੀ ਨੂੰ ਅਣਪਛਾਤੀ ਔਰਤ ਦੀ ਲਾਸ਼ ਮਿਲੀ ਸੀ, ਜਿਸ ਦੀ ਉਮਰ ਕਰੀਬ 35 ਤੋਂ 40 ਸਾਲ ਵਿਚਾਲੇ ਸੀ। ਔਰਤ ਦੀ ਲਾਸ਼ ਠਾਣੇ ਜ਼ਿਲ੍ਹੇ 'ਚ ਨਵੀਂ ਮੁੰਬਈ ਸ਼ਹਿਰ ਦੇ ਕੋਪਰਖੈਰਨ ਇਲਾਕੇ 'ਚ ਇਕ ਸੋਸਾਇਟੀ ਕੋਲ ਝਾੜੀਆਂ 'ਚ ਅਤੇ ਸਬੂਤ ਮਿਟਾਉਣ ਲਈ ਲਾਸ਼ ਝਾੜੀਆਂ 'ਚ ਸੁੱਟ ਦਿੱਤੀ ਗਈ ਸੀ। ਕੋਪਰਖੈਰਨ ਪੁਲਸ ਨੇ ਲਾਸ਼ ਪੋਸਟਮਾਰਟਮ ਲਈ ਭੇਜੀ ਅਤੇ ਅਣਪਛਾਤੇ ਵਿਅਕਤੀ ਖ਼ਿਲਾਫ ਭਾਰਤੀ ਦੰਡਾਵਲੀ ਦੀ ਧਾਰਾ (302 ਕਤਲ) ਅਤੇ 201 (ਅਪਰਾਧ ਦਾ ਸਬੂਤ ਮਿਟਾਉਣ) ਦੇ ਅਧੀਨ ਮਾਮਲਾ ਦਰਜ ਕੀਤਾ। ਅਧਿਕਾਰੀ ਨੇ ਦੱਸਿਆ ਕਿ ਨਵੀਂ ਮੁੰਬਈ 'ਚ ਮਿਲੀ ਲਾਸ਼ ਅਤੇ ਮੁੰਬਈ ਨਾਲ ਲੱਗਦੇ ਟਰਾਂਬੇ ਥਾਣੇ 'ਚ ਇਕ ਔਰਤ ਦੀ ਗੁੰਮਸ਼ੁਦਗੀ ਦੀ ਰਿਪੋਰਟ ਤੋਂ ਮਿਲੀ ਸੂਚਨਾ ਦੇ ਮੇਲ ਖਾਣ ਤੋਂ ਬਾਅਦ ਪੁਲਸ ਨੇ ਆਪਣੀ ਜਾਂਚ ਤੇਜ ਕੀਤੀ। ਪੁਲਸ ਨੇ ਲਾਪਤਾ ਔਰਤ ਦੇ ਪਰਿਵਾਰ ਦੇ ਮੈਂਬਰਾਂ ਤੋਂ ਪੁੱਛ-ਗਿੱਛ ਕੀਤੀ। ਅਧਿਕਾਰੀ ਨੇ ਕਿਹਾ ਕਿ ਉਸ ਦੇ ਪਤੀ ਨੇ ਪੁਲਸ ਨੂੰ ਦੱਸਿਆ ਕਿ ਉਹ ਮੁੰਬਈ ਦੇ ਮਾਨਖੁਰਦ ਇਲਾਕੇ 'ਚ ਸਫਾਈ ਕਰਮੀ ਦਾ ਕੰਮ ਕਰਦੀ ਸੀ ਅਤੇ ਲਾਪਤਾ ਹੋ ਗਈ ਸੀ।

ਪੁਲਸ ਨੂੰ ਬਾਅਦ 'ਚ ਪੀੜਤਾ ਦਾ ਮੋਬਾਇਲ ਫੋਨ ਮਿਲਿਆ ਅਤੇ ਪਤਾ ਲੱਗਾ ਕਿ ਔਰਤ ਦਾ ਸੁਰੱਖਿਆ ਗਾਰਡ ਪਾਲ ਨਾਲ ਪ੍ਰੇਮ ਸੰਬੰਧ ਸੀ।

### ਰੈਸਟੋਰੈਂਟ 'ਚ ਨਾਬਾਲਗ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਹੁੱਕਾ, ਦੋ ਗ੍ਰਿਫਤਾਰ

ਅੰਮ੍ਰਿਤਸਰ 5 ਮਈ। ਲਾਰੈਂਸ ਰੋਡ ਸਥਿਤ ਰੀਚ ਮਿਕਸ ਰੈਸਟੋਰੈਂਟ ਵਿਚ ਚੱਲ ਰਹੀ ਚੁੱਕਾ ਬਾਰ ਦਾ ਪਰਦਾਫਾਸ਼ ਕਰ ਕੇ ਪੁਲਸ ਨੇ ਰਾਜੇਸ਼ ਅਰੋੜਾ ਅਤੇ ਮੋਹਿਕ ਅਰੋੜਾ ਨੂੰ ਗ੍ਰਿਫਤਾਰ ਕੀਤਾ ਹੈ। ਦੋਨੋਂ ਮੁਲਜ਼ਮ ਆਪਣੇ ਰੈਸਟੋਰੈਂਟ ਵਿਚ ਨਾਬਾਲਗ ਬੱਚਿਆਂ ਨੂੰ ਹੁੱਕਾ ਸਰਵ ਕਰ ਰਹੇ ਸਨ। ਇਹ ਖੁਲਾਸਾ ਏ. ਸੀ. ਪੀ. ਨਾਰਥ ਵਰਿੰਦਰ ਸਿੰਘ ਖੋਸਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸਬ-ਇੰਸਪੈਕਟਰ ਨੂੰ ਸੂਚਨਾ ਮਿਲੀ ਸੀ ਕਿ ਰੈਸਟੋਰੈਂਟ ਵਿਚ ਹੁੱਕਾ ਬਾਰ ਚੱਲ ਰਿਹਾ ਹੈ, ਜਿਸ 'ਤੇ ਏ. ਐੱਸ. ਆਈ. ਰਾਜ ਕੁਮਾਰ, ਏ. ਐੱਸ. ਆਈ. ਜਸਵੀਰ ਸਿੰਘ ਅਤੇ ਏ. ਐੱਸ. ਆਈ. ਰਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕੀਤੀ ਗਈ। ਹੁਣ ਇਹ ਰੇਲ ਗੱਡੀਆਂ 24 ਫਰਵਰੀ ਤੱਕ ਰੱਦ ਰਹਿਣਗੀਆਂ। ਰੇਲਵੇ ਵਿਭਾਗ ਵਲੋਂ ਜਾਰੀ ਸੂਚਨਾ ਦੇ ਮੁਤਾਬਕ ਇਸ ਰੱਦੀਕਰਨ 'ਚ ਰੇਲ ਮੰਡਲ ਫਿਰੋਜ਼ਪੁਰ ਦੀਆਂ 12 ਰੇਲਗੱਡੀਆਂ ਫਿਰੋਜ਼ਪੁਰ-ਜਲੰਧਰ-ਫਿਰੋਜ਼ਪੁਰ ਸਪੈਸ਼ਲ, ਫਾਜ਼ਿਲਕਾ-ਕੋਟਕਪੂਰਾ-ਫਾਜ਼ਿਲਕਾ ਸਪੈਸ਼ਲ, ਜਲੰਧਰ ਸਿਟੀ-ਹੁਸ਼ਿਆਰਪੁਰ-ਜਲੰਧਰ ਸਿਟੀ ਸਪੈਸ਼ਲ, ਅੰਮ੍ਰਿਤਸਰ-ਡੇਰਾ ਬਾਬਾ ਨਾਨਕ-ਅੰਮ੍ਰਿਤਸਰ ਸਪੈਸ਼ਲ ਸ਼ਾਮਲ ਹਨ।

## ਹਵਸ 'ਚ ਅੰਨ੍ਹੇ ਵਿਅਕਤੀ ਦੀ ਸ਼ਰਮਨਾਕ ਕਰਤੂਤ ! ਸਾਢੇ 8 ਸਾਲਾ ਬੱਚੇ ਨਾਲ ਕੀਤੀ ਘਿਨੌਣੀ ਹਰਕਤ

ਭਵਾਨੀਗੜ੍ਹ 5 ਮਈ। ਸਥਾਨਕ ਸ਼ਹਿਰ 'ਚ ਇਕ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਇੱਥੇ ਹਵਸ 'ਚ ਅੰਨ੍ਹੇ ਵਿਅਕਤੀ ਵੱਲੋਂ ਸਾਢੇ ਅੱਠ ਸਾਲ ਦੀ ਉਮਰ ਦੇ ਬੱਚੇ ਨਾਲ ਘਿਨੌਣੀ ਹਰਕਤ ਕੀਤੀ ਗਈ ਹੈ। ਉਹ ਬੱਚੇ ਨੂੰ ਵਰਗਲਾ ਕੇ ਆਪਣੇ ਨਾਲ ਲੈ ਗਿਆ ਤੇ ਕਮਰੇ ਵਿਚ ਲਿਜਾ ਕੇ ਉਸ ਨਾਲ ਗਲਤ ਹਰਕਤਾਂ ਕੀਤੀਆਂ। ਬੱਚੇ ਦੀ ਮਾਂ ਦੀ ਸ਼ਿਕਾਇਤ ਉੱਪਰ ਸਥਾਨਕ ਪੁਲਸ ਵੱਲੋਂ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਕਿ ਪੀੜਤ ਬੱਚੇ ਦੀ ਮਾਂ ਨੇ ਸਥਾਨਕ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਸਾਢੇ ਅੱਠ ਸਾਲ ਦਾ ਬੱਚਾ ਬੀਤੇ ਦਿਨ ਜਦੋਂ ਸਕੂਲੋਂ ਪੜ੍ਹ ਕੇ ਘਰ ਵਾਪਸ ਨਹੀਂ ਪਰਤਿਆਂ ਤਾਂ ਉਸ ਨੇ ਆਪਣੇ ਬੱਚੇ ਦੀ ਕਾਫ਼ੀ ਭਾਲ ਕੀਤੀ। ਇਸ ਦੌਰਾਨ ਉਸ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੇ ਮੁਹੱਲੇ 'ਚ ਕਿਰਾਏ ਦੇ ਮਕਾਨ 'ਚ ਰਹਿੰਦਾ ਜਸਨਪ੍ਰੀਤ ਸਿੰਘ ਪੁੱਤਰ ਭਗਵੰਤ ਸਿੰਘ ਵਾਸੀ ਹੰਡਿਆਇਆ ਹਾਲ ਅਬਾਦ ਭਵਾਨੀਗੜ੍ਹ ਉਸ ਦੇ ਬੱਚੇ ਨੂੰ ਸਕੂਟਰੀ 'ਤੇ ਬਿਠਾ ਕੇ ਆਪਣੇ ਨਾਲ ਲੈ ਗਿਆ ਹੈ। ਬੱਚੇ ਦੀ ਤਲਾਸ਼ ਦੌਰਾਨ ਹੀ ਉਕਤ ਔਰਤ ਨੂੰ ਉਸ ਦਾ ਬੱਚਾ ਰੋਂਦੇ ਹੋਏ ਗਲੀ 'ਚ ਪੈਦਲ ਤੁਰਿਆ ਆਉਂਦਾ ਦਿਖਾਈ ਦਿੱਤਾ। ਉਸ ਨੇ ਆਪਣੀ ਮਾਤਾਂ ਨੂੰ ਦੱਸਿਆ ਕਿ ਜਸਨਪ੍ਰੀਤ ਸਿੰਘ ਉਸ ਨੂੰ ਟੌਫ਼ੀਆ ਦਿਵਾਉਣ ਦਾ ਲਾਲਚ ਦੇ ਕੇ ਆਪਣੇ ਨਾਲ ਆਪਣੇ ਕਮਰੇ 'ਚ ਲੈ ਗਿਆ ਤੇ ਉੱਥੇ ਲਿਜਾਕੇ ਉਸ ਨਾਲ ਗਲਤ ਹਰਕਤਾਂ ਕੀਤੀਆਂ। ਜਦੋਂ ਬੱਚੇ ਨੇ ਜਸਨਪ੍ਰੀਤ ਦੀ ਇਸ ਗਲਤ ਹਰਕਤ ਦਾ ਵਿਰੋਧ ਕਰਦਿਆਂ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ ਤਾਂ ਉਹ ਉਸ ਨੂੰ ਉਸ ਦੇ ਘਰ ਨਜ਼ਦੀਕ ਗਲੀ 'ਚ ਛੱਡ ਦੇ ਫਰਾਰ ਹੋ ਗਿਆ। ਪੁਲਸ ਨੇ ਪੀੜਤ ਬੱਚੇ ਦੀ ਮਾਂ ਦੇ ਬਿਆਨਾਂ ਨੂੰ ਕਲਮਬੱਧ ਕਰਦਿਆਂ ਜਸਨਪ੍ਰੀਤ ਸਿੰਘ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Shabana w/o Mohammad Tasleem R/o H.No-3873, 2nd Floor, Khirki Tafazzul Hussain, Kalan Mahal, Darya Ganj, Delhi-110002, have changed my name to Shabana Begum for all future purposes

**PUBLIC NOTICE**
It is for general information that I Jitender Singh S/o Surta residing at H.N.80, Moti Bagh Village, Delhi-110021 declare that name of mine has been wrongly written as Jitendar Singh in my minor daughter namely Bhumi Bhakar aged 17 years in her 10th Class Certificate. The actual name of mine is Jitender Singh which may be amended accordingly.

**NAME CHANGE**
I, Tasleem s/o Naeem R/o H.No-3873, 2nd Floor, Khirki Tafazzul Hussain, Kalan Mahal, Darya Ganj, Delhi-110002, have changed my name to Mohammad Tasleem for all future purposes

**NAME CHANGE**
I, Sushil Kumar s/o Shyam Sunder Saini R/o 788, Saini Mohalla, Shahabad Mohammadpur, New Delhi-110061, have changed my name to Sushil Kumar Saini for all future purposes

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I Parmanand S/o Hira Nand R/o House No-116,Gadaipur, South Delhi,Delhi-110030, Have Changed My Name To Parmanand Sachwani For All Purpose

**NAME CHANGE**
I, Furqan Ul Haq Faruqi S/O Salman Ul Haq Faruqi Residing At House No B-3, 2nd Floor , Jamia Apartment, Nai Basti Abul Fazal Enclave Part-1, Jamia Nagar, Okhla, South Delhi, 110025. Have Changed My Name From Furqan Ul Haq Faruqi to Furqan Ul Haq Farooqui for all future Purposes.

**NAME CHANGE**
I, SANDYA K W/O NO-15348651Y HAV GAURAV CHAUHAN R/O NEAR RAILWAY STATION ROAD, VPO+TEH-CHANDAUSI, DIST-SAMBAL, UTTAR PRADESH-244412, have changed my name from SANDYA K to K SANDHYA for all future purposes vide affidavit dated 15/12/2022 before Notary Public, Delhi.

**NAME CHANGE**
I, ISHA AJAY AGRAWAL D/O AJAY SHYAMSUNDER AGRAWAL R/O 61-D, MASJID MOTH DDA FLATS PHASE-2, GREATER KAILASH, DELHI-110048 have changed my name to ISHA AGRAWAL.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, Gulshan Kumar S/O Nobet Rai Pahwa R/O House No-1167/23 DLF Colony Rohtak Haryana -124001 have changed my name from Gulshan Kumar to Gulshan Kumar Pahwa for all future purpose.

**NAME CHANGE**
I, Shyam Sunder s/o Late Balwant Singh Saini R/o 788, Saini Mohalla, Shahabad Moham mad-pur, New Delhi-110061, have changed my name to Shyam Sunder Saini for all future purposes

**NAME CHANGE**
I, PRATIMA DEVI wife of NO-14648339Y HAV PARMESHWAR MAHTO R/O VPO-RELADIH, TEH-BUNDU, DISTT-RANCHI, JHARKHAND-835204 have changed my name from PRATIMA DEVI to PRATIMA MAHTO for all future purposes vide Affidavit dated 15/12/2022 Before Notary Public, Delhi.

**NAME CHANGE**
I, TARUN KUMAR S/O KHAN CHAND GOGIA residing at B-40, 1ST FLOOR, OPP RANA PRATAP BAGH, CC COLONY, MALKA GANJ, DELHI-110007 have changed my name to TARUN KUMAR GOGIA for all future purposes.

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**NAME CHANGE**
I, Rashida W/o Mohammad Shabbir Residing At House Noroyal Apartment, Plot No-L3, G/F 4565/16, Ansari Road, Darya Ganj, New Delhi-110002. Have Changed My Name From Rashida to Rashida Begum for all future purposes.

**PUBLIC NOTICE**
**TO WHOMSOVER IT MAY CONCERN**
This is to inform the general public that my clients Smt. Rajesh Pawar w/o Sh. Suresh Pawar along with her husband namely Sh. Suresh Pawar both are resident of 280/24, Naharpur, Sector-7, Rohini, Delhi- 110085, have disowned and severed all their relations with their Son and Daughter-in-law namely Mr. Sanjay Pawar and Ms. Sonia Kaur Pawar respectively, due to their disrespectful conducts and not disclosing the Mental Disorder of Ms. Sonia Kaur before the marriage by the Ms. Sonia Kaur & her Family to the Mr. Sanjay Pawar & my clients. Anybody dealing with them shall do so at his/her own risk and my clients shall not be responsible for the same, in any manner, whatsoever.
**YOGITA SHIWAL ADVOCATE**
DELHI HIGH COURT
M.NO: 8700614973

# ਜੁਗਰਾਜ ਮੰਡ 'ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ' ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇ: ਤਰਨਜੀਤ ਸਿੰਘ ਨਿਮਾਣਾ ਦੀ ਪ੍ਰਧਾਨਗੀ ਹੇਠ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੀ ਕੋਰ ਕਮੇਟੀ ਮੈਂਬਰਾਂ ਦੀ ਮੀਟਿੰਗ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਹੋਈ। ਜਿਸ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਦੇਸ਼ ਦੇ ਮਿਹਨਤਕਸ਼ ਕਿਸਾਨਾਂ,ਮਜ਼ਦੂਰਾਂ ਦੇ ਹਕ ਵਿਚ ਆਪਣੀ ਜ਼ੋਰਦਾਰ ਆਵਾਜ਼ ਨੂੰ ਬੁਲੰਦ ਕਰਨ ਵਾਲੀ ਸ਼ਖ਼ਸੀਅਤ ਯੂਥ ਆਗੂ ਜੁਗਰਾਜ ਸਿੰਘ ਮੰਡ ਦੀਆਂ ਵਡਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖ ਹੋਇਆ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਯੂਥ ਵਿੰਗ ਦਾ ਰਸਮੀ ਤੌਰ ਤੇ ਕੌਮੀ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ । ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋ ਜਿਸ ਸੁਹਿਰਦਤਾ ਭਰੀ ਸੋਚ ਦੇ ਢੰਗ ਨਾਲ ਕਿਸਾਨਾਂ ਦੇ ਹੱਕ ਵਿੱਚ ਆਪਣੇ ਸਾਥੀਆਂ ਦੇ ਨਾਲ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਦਿੱਲੀ ਦੇ ਬਾਰਡਰਾਂ ਤੇ ਚਲੇ ਸ਼ਾਂਤਮਈ ਅੰਦੋਲਨ ਦੌਰਾਨ ਅਤੇ ਮੌਜੂਦਾ ਸੰਘਰਸ਼ ਦੌਰਾਨ ਪਾਇਆ ਯੋਗਦਾਨ ਉਹ ਕਾਬਲ ਏ ਤਾਰੀਫ਼ ਕਾਰਜ ਸੀ। ਇਸ ਮੌਕੇ ਤੇ ਕੋਰ ਕਮੇਟੀ ਮੈਂਬਰਾਂ ਹਰਪ੍ਰੀਤ ਸਿੰਘ ਮਖੂ, ਭਾਈ ਮਨਜੀਤ ਸਿੰਘ ਬੁਟਾਹਰੀ, ਭਾਈ ਹਰਪਾਲ ਸਿੰਘ ਨਿਮਾਣਾ,ਭੁਪਿੰਦਰ ਸਿੰਘ, ਮਨਜੀਤ ਸਿੰਘ ਤੂਰ ਪਿੰਡ ਬਾਜੜਾ, ਸਰਪੰਚ ਨਿਰਮਲ ਸਿੰਘ ਬੇਰਕਲਾਂ ਕੌਮੀ ਜਨਰਲ ਸਕੱਤਰ ਤੇ ਕੋਰ ਕਮੇਟੀ ਮੈਬਰ, ਪਰਮਜੀਤ ਸਿੰਘ ਨੱਤ ਕੌਮੀ ਜਨਰਲ ਸਕੱਤਰ ਤੇ ਕੋਰ ਕਮੇਟੀ ਮੈਂਬਰ, ਮਨਜੀਤ ਸਿੰਘ ਲੋਟੇ ਕੋਰ ਕਮੇਟੀ ਮੈਂਬਰ, ਕੈਪਟਨ ਸੁਦੇਸ਼ ਕੁਮਾਰ ਕੋਰ ਕਮੇਟੀ ਮੈਂਬਰਾਂ ਨੇ ਯੂਥ ਆਗੂ ਜੁਗਰਾਜ ਸਿੰਘ ਮੰਡ ਨੂੰ ਆਪਣੀ ਦਿਲੀ ਆਸੀਸ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਬਣਨ ਨਾਲ ਕਿਸਾਨੀ ਸ਼ੰਘਰਸ਼ ਨੂੰ ਹੋਰ ਮਜ਼ਬੂਤੀ ਪ੍ਰਦਾਨ ਹੋਵੇਗੀ। ਇਸ ਮੌਕੇ ਜੁਗਰਾਜ ਸਿੰਘ ਮੰਡ ਨੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇ:ਤਰਨਜੀਤ ਸਿੰਘ ਨਿਮਾਣਾ ਅਤੇ ਕੋਰ ਕਮੇਟੀ ਨੂੰ ਭਰੋਸਾ ਦਿਵਾਉਦਿਆ ਹੋਇਆ ਕਿਹਾ ਕਿ ਯੂਨੀਅਨ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਸ਼ੰਘਰਸ਼ੀਲ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਰਹਿਣਗੇ।

ਜੁਗਰਾਜ ਸਿੰਘ ਮੰਡ ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਬਣਨ ਤੇ ਉਨ੍ਹਾਂ ਦੇ ਸਾਥੀਆਂ ਗੁਰਮੀਤ ਸਿੰਘ ਢੀਡਸਾ,ਪਰਦੀਪ ਸਿੰਘ ਗਰੇਵਾਲ, ਕਰਨਦੀਪ ਸਿੰਘ,ਪਰਗਟ ਸਿੰਘ ਗਿੱਲ,ਜਸਪ੍ਰੀਤ ਸਿੰਘ ਲੇਲ, ਦਵਿੰਦਰ ਸਿੰਘ,ਸੁਖਵਿੰਦਰ ਸਿੰਘ,ਅਮ੍ਰਿਤਪਾਲ ਸਿੰਘ, ਅਮਨਪ੍ਰੀਤ ਸਿੰਘ ਅਤੇ ਦਵਿੰਦਰਪਾਲ ਸਿੰਘ ਨੇ ਵਧਾਈ ਦਿੱਤੀ ਅਤੇ ਜੁਗਰਾਜ ਸਿੰਘ ਮੰਡ ਨਾਲ ਹਮੇਸ਼ਾ ਡੱਟ ਕੇ ਖੜ੍ਹਨ ਦਾ ਭਰੋਸਾ ਦਿੱਤਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੂਬੇ ਦੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐਸਐਸਪੀਜ਼ ਨਾਲ ਮੀਟਿੰਗ

## ➢ ਚੋਣ ਜ਼ਾਬਤੇ ਦੀ ਉਲੰਘਣਾ ਅਤੇ 'ਫੇਕ ਨਿਊਜ਼' ਉੱਤੇ ਰੱਖੀ ਜਾਵੇ ਤਿੱਖੀ ਨਜ਼ਰ : ਸਿਬਿਨ ਸੀ
## ➢ 7 ਮਈ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਨੋਟੀਫਿਕੇਸ਼ਨ ਹੋਵੇਗਾ ਜਾਰੀ : ਮੁੱਖ ਚੋਣ ਅਧਿਕਾਰੀ

**ਚੰਡੀਗੜ੍ਹ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਬੁੱਧਵਾਰ ਨੂੰ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ, ਪੁਲਿਸ ਕਮਿਸ਼ਨਰਾਂ ਅਤੇ ਐਸਐਸਪੀਜ਼ ਨਾਲ ਵੀਡੀਓ ਕਾਨਫ਼ਰੰਸਿੰਗ ਰਾਹੀਂ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਸਿਬਿਨ ਸੀ ਨੇ ਪੋਲਿੰਗ ਸਟੇਸ਼ਨਾਂ ਉੱਤੇ ਪ੍ਰਬੰਧਾਂ, ਪੋਲਿੰਗ ਸਟਾਫ ਦੀ ਤਾਇਨਾਤੀ, ਸੰਵੇਦਨਸ਼ੀਲ ਮੈਪਿੰਗ, ਸਵੀਪ (ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ) ਗਤੀਵਿਧੀਆਂ, ਵੈਬਕਾਸਟਿੰਗ, ਸੀਆਰਪੀਐਫ ਦੀ ਤਾਇਨਾਤੀ, ਸੰਚਾਰ ਯੋਜਨਾ, ਅੰਤਰਰਾਜੀ ਸਰਹੱਦਾਂ ਉੱਤੇ ਸੁਰੱਖਿਆ ਪ੍ਰਬੰਧਾਂ ਦੇ ਨਾਲ-ਨਾਲ ਸੂਬੇ ਵਿੱਚ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਕਾਨੂੰਨ-ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲਿਆ।



ਮੀਟਿੰਗ ਦੌਰਾਨ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਚੋਣ ਪਹਿਚਾਣ ਪੱਤਰ, ਵੋਟਰਾਂ ਦੀ ਜਾਣਕਾਰੀ, ਵੈਬਕਾਸਟਿੰਗ, ਈ.ਵੀ.ਐਮ. ਸਟੋਰੇਜ ਅਤੇ ਟਰਾਂਸਪੋਰਟਿੰਗ, ਫੇਕ ਨਿਊਜ਼ ਦੀ ਜਾਂਚ, ਸੰਵੇਦਨਸ਼ੀਲ ਪੋਲਿੰਗ ਖੇਤਰਾਂ ਦੀ ਪਛਾਣ, ਹੋਰ ਮਾਡਲ ਪੋਲਿੰਗ ਬੂਥਾਂ ਦੀ ਸਥਾਪਨਾ, ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਅਤੇ ਹਰੇਕ ਜ਼ਿਲ੍ਹੇ ਤੋਂ ਤਿਆਰੀਆਂ ਸਬੰਧੀ ਜਾਣਕਾਰੀ ਲਈ ਗਈ।

ਜ਼ਿਲ੍ਹਾ ਅਧਿਕਾਰੀਆਂ ਨੇ ਮੁੱਖ ਚੋਣ ਅਧਿਕਾਰੀ ਨੂੰ ਚੋਣਾਂ ਵਿੱਚ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਪਹਿਲਕਦਮੀਆਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਪਾਰਦਰਸ਼ੀ ਅਤੇ ਨਿਰਵਿਘਨ ਚੋਣਾਂ ਕਰਵਾਉਣ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਸਿਬਿਨ ਸੀ ਨੇ ਸਬੰਧਤ ਅਧਿਕਾਰੀਆਂ ਨੂੰ ਸਿਖਲਾਈ ਸਥਾਨਾਂ, ਡਿਸਪਰਸਲ ਸੈਂਟਰਾਂ, ਪੋਲਿੰਗ ਸਟੇਸ਼ਨਾਂ ਅਤੇ ਕੁਲੈਕਸ਼ਨ ਕੇਂਦਰਾਂ 'ਤੇ ਵੱਖ-ਵੱਖ ਤਰੀਕਿਆਂ ਰਾਹੀਂ ਪੋਲਿੰਗ ਸਟਾਫ਼ ਨੂੰ ਗਰਮੀ ਤੋਂ ਬਚਾਉਣ ਲਈ ਲੋੜੀਂਦੇ ਉਪਾਅ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਪੋਲਿੰਗ ਸਟੇਸ਼ਨਾਂ ਅਤੇ ਗਿਣਤੀ ਕੇਂਦਰਾਂ 'ਤੇ ਸਟਾਫ਼ ਲਈ ਛਾਂ, ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਵਧੀਆ ਕੁਆਲਿਟੀ ਦੇ ਪਖਾਨਿਆਂ ਦਾ ਪ੍ਰਬੰਧ ਕਰਨ ਲਈ ਵੀ ਕਿਹਾ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਸੱਤਵੇਂ ਅਤੇ ਆਖਰੀ ਪੜਾਅ ਦੀ ਵੋਟਿੰਗ 1 ਜੂਨ ਨੂੰ ਹੋਵੇਗੀ ਅਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ 7 ਮਈ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਉਨ੍ਹਾਂ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਦੱਸਿਆ ਕਿ ਚੋਣ ਕਮਿਸ਼ਨ ਸਾਰੇ ਪ੍ਰਬੰਧਾਂ ਦੀਆਂ ਤਿਆਰੀਆਂ ਦੀ ਪ੍ਰਗਤੀ 'ਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਚੋਣਾਂ ਨਾਲ ਸਬੰਧਿਤ ਸਾਰੇ ਕਾਰਜਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਲਈ ਪੂਰੇ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ। ਮੀਟਿੰਗ ਦੌਰਾਨ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਵਧੀਕ ਡੀਜੀਪੀ-ਕਮ-ਰਾਜ ਪੁਲਿਸ ਨੋਡਲ ਅਫ਼ਸਰ ਮੁਹੰਮਦ ਫਾਰੂਕੀ, ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਤੇ ਅਭਿਜੀਤ ਕਪਲਿਸ਼, ਜੁਆਇੰਟ ਮੁੱਖ ਚੋਣ ਅਧਿਕਾਰੀ ਸਕੱਤਰ ਸਿੰਘ ਬੱਲ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ 12ਵੀਂ ਵਿੱਚ ਚੰਗੇ ਅੰਕ ਹਾਸਲ ਕੀਤੇ




**ਸੁਨਾਮ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਨੇੜਲੇ ਪਿੰਡ ਜਖੇਪਲ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ 206 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਜਿਸ ਵਿੱਚ ਸਾਰੇ ਹੀ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਪ੍ਰੀਖਿਆ ਪਾਸ ਕੀਤੀ ਹੈ।

ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਮਮਤਾ ਗੱਖੜ ਅਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਦੱਸਿਆ ਕਿ ਉਹਨਾਂ ਦਾ ਸਕੂਲ ਪਿਛਲੇ 22 ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਆ ਰਿਹਾ ਹੈ ਅਤੇ ਪਿਛਲੇ ਸਾਲਾਂ ਦੌਰਾਨ 12ਵੀਂ ਜਮਾਤ ਤੋਂ ਇਲਾਵਾ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਆਪਣਾ ਨਾਂਅ ਰੋਸ਼ਨ ਕੀਤਾ ਹੈ। ਉਹਨਾਂ ਦੱਸਿਆ ਕਿ ਇਸ ਵਰ੍ਹੇ 12ਵੀਂ ਜਮਾਤ ਵਿੱਚ 206 ਵਿਦਿਆਰਥੀਆਂ ਵਿੱਚੋਂ 9 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕੀਤੇ ਹਨ ਜਦਕਿ 84% ਤੋਂ 90% ਅੰਕ ਹਾਸਲ ਕਰਨ ਵਾਲੇ 46 ਵਿਦਿਆਰਥੀ ਰਹੇ ਹਨ। ਉਹਨਾਂ ਦੱਸਿਆ ਕਿ ਇਹਨਾਂ ਵਿੱਚੋਂ ਬਹੁਤੇ ਵਿਦਿਆਰਥੀ ਅਜਿਹੇ ਵੀ ਹਨ ਜਿਹਨਾਂ ਬਿਨ੍ਹਾਂ ਕਿਸੇ ਟਿਊਸ਼ਨ ਜਾਂ ਕਿਸੇ ਵੀ ਕੋਚਿੰਗ ਸੈਂਟਰ ਵਿੱਚ ਗਏ ਸਕੂਲ ਅਧਿਆਪਕਾਂ ਅਤੇ ਸੈਲਫ ਸਟਡੀ ਕਰਕੇ ਹੀ ਇਸ ਉਪਲਬਧੀ ਨੂੰ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਵਿਦਿਆਰਥਣ ਜਸਲੀਨ ਕੌਰ ਨੇ ਬਾਇਓਲੋਜੀ ਦੀ ਪ੍ਰੀਖਿਆ ਵਿੱਚੋਂ 100 ਵਿੱਚੋਂ 100 ਅੰਕ, ਫਿਜੀਕਸ ਵਿੱਚੋਂ 99 ਅਤੇ ਕੈਮਿਸਟਰੀ ਵਿੱਚੋਂ 98 ਅੰਕ ਹਾਸਲ ਕੀਤੇ ਹਨ ਅਤੇ ਕਾਮਰਸ ਗਰੁੱਪ ਵਿੱਚੋਂ ਮਨਦੀਪ ਕੌਰ ਪੁੱਤਰ ਗੁਰਮੀਤ ਸਿੰਘ ਨੇ ਈ-ਬਿਜਨਸ ਵਿੱਚ 99 ਅੰਕ ਹਾਸਲ ਕੀਤੇ ਹਨ ਅਤੇ ਹੀਨਾ ਸ਼ਰਮਾ ਨੇ ਸਸ਼ੋਲੋਜੀ ਦੀ ਪ੍ਰੀਖਿਆ ਵਿੱਚੋਂ 99 ਅੰਕ ਹਾਸਲ ਕਰਕੇ 95.2 ਅੰਕ ਹਾਸਲ ਕਰਕੇ ਸਕੂਲ ਵਿੱਚੋਂ ਦੂਸਰੇ ਸਥਾਨ ਅਤੇ ਆਰਟਸ ਗਰੁੱਪ ਵਿੱਚੋਂ ਪਹਿਲੇ ਸਥਾਨ ਤੇ ਰਹੀ।

ਉਹਨਾਂ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਸਕੂਲ ਦੇ ਪਾਸ ਹੋਣ ਵਾਲੇ ਵਿਦਿਆਰਥੀਆਂ ਦੇ 60% ਤੋਂ ਘੱਟ ਅੰਕ ਨਹੀਂ ਹਨ ਅਤੇ ਇਹਨਾਂ ਚੰਗੇ ਨਤੀਜਿਆਂ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਅਤੇ ਮਾਪਿਆਂ ਦਾ ਸਹਿਯੋਗ ਵਧਾਈ ਦੇ ਪਾਤਰ ਹਨ।

# ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੀ ਜੈਯੰਤੀ 10 ਨੂੰ ਸ਼ਰਧਾ ਨਾਲ ਮਨਾਈ ਜਾਵੇਗੀ : ਰਾਮ ਸ਼ਰਨ ਪੁੰਜ

**ਫਾਜ਼ਿਲਕਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਬ੍ਰਾਹਮਣ ਸਭਾ ਰਜਿ. ਫਾਜ਼ਿਲਕਾ ਵੱਲੋਂ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਬ੍ਰਾਹਮਣ ਸਭਾ ਦੇ ਪ੍ਰਧਾਨ ਰਾਮ ਸ਼ਰਨ ਪੁੰਜ ਨੇ ਦੱਸਿਆ ਕਿ ਸਭਾ ਵੱਲੋਂ ਸਭਾ ਦੇ ਮੁੱਖ ਸਰਪ੍ਰਸਤ ਹੰਸ ਰਾਜ ਸ਼ਰਮਾ ਸੇਵਾਮੁਕਤ ਡਿਪਟੀ ਡਾਇਰੈਕਟਰ ਦੀ ਅਗਵਾਈ ਹੇਠ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੇ ਜਨਮ ਦਿਹਾੜੇ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਾਰੇ ਮੈਂਬਰ ਆਪੋ-ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੱਸਿਆ ਕਿ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ ਅਕਸ਼ੈ ਤੀਜ ਵੈਸਾਖ ਸ਼ੁਕਲ 2081 ਦਿਨ ਸ਼ੁੱਕਰਵਾਰ 10 ਮਈ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 07 ਮਈ ਦਿਨ ਮੰਗਲਵਾਰ ਨੂੰ ਸਵੇਰੇ 05 ਵਜੇ ਮੰਦਰ ਦੇ ਚੌਗਿਰਦੇ ਤੋਂ ਜਲੂਸ ਕੱਢਿਆ ਜਾਵੇਗਾ। 08 ਮਈ ਦਿਨ ਬੁੱਧਵਾਰ ਨੂੰ ਸ਼ਾਮ 4:15 ਵਜੇ ਮੰਦਰ ਪਰਿਸਰ ਤੋਂ ਜਲੂਸ ਰਵਾਨਾ ਹੋਵੇਗਾ। 09 ਮਈ ਦਿਨ ਵੀਰਵਾਰ ਨੂੰ ਸਵੇਰੇ 09 ਵਜੇ ਸ਼੍ਰੀ ਰਾਮ ਚਰਿਤ ਮਾਨਸ ਦੇ ਪਾਠ ਹੋਣਗੇ। ਸੰਕੀਰਤਨ 10 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ 09:30 ਤੋਂ 11:15 ਵਜੇ ਤੱਕ ਹੋਵੇਗਾ। ਸਵੇਰੇ 11:15 ਵਜੇ ਸ਼੍ਰੀ ਰਾਮਚਰਿਤ ਮਾਨਸ ਦੇ ਪਾਠ ਕੀਤੇ ਜਾਣਗੇ।

# ਪੰਜਾਬ ਰੋਡਵੇਜ਼ ਪੰਜਾਬ ਗੋਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਨੇ ਮਜ਼ਦੂਰ ਦਿਵਸ ਮਨਾਇਆ



**ਨਵਾਂ ਸ਼ਹਿਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪੰਜਾਬ ਰੋਡਵੇਜ਼ ਪੰਜਾਬ ਗੋਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਜਥੇਬੰਦੀ ਸੈਂਟਰ ਬਾਡੀ ਦੇ ਆਗੂ ਦਵਿੰਦਰ ਕੁਮਾਰ, ਸੀ ਪੀ ਆਈ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਭੰਗਲ,ਦਸੌਂਦਾ ਸਿੰਘ,ਮਲਕੀਤ ਸਿੰਘ , ਰਾਮ ਜੀ ਦਾਸ, ਅੰਮ੍ਰਿਤਪਾਲ ਸਿੰਘ ਕੈਸ਼ੀਅਰ ਅਤੇ ਆਦਿ ਕਿਰਤੀਆਂ ਵਲੋ ਸ਼ਿਕਾਗੋ ਦੇ ਸ਼ਹੀਦਾ ਦੀ ਯਾਦ ਵਿੱਚ ਮਜ਼ਦੂਰ ਦਿਵਸ ਪੰਜਾਬ ਰੋਡਵੇਜ਼ ਦੇ ਵਰਕਸ਼ਾਪ ਦੇ ਗੇਟ ਤੇ ਮਨਾਇਆ ਗਿਆ ।ਝੰਡੇ ਦੀ ਮਹੱਤਤਾ ਅਤੇ ਸ਼ਿਕਾਗੋ ਦੇ ਸ਼ਹੀਦਾ ਬਾਰੇ ਦੱਸਿਆ ਗਿਆ।ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਨੇ ਕਿਹਾ ਕਿ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਕੰਮ ਦਿਹਾੜੀ 16 ਘੰਟੇ ਤੋਂ ਘਟਾਕੇ ਸਮਾਂ 8 ਘੰਟੇ ਕਰਵਾਉਣ ਲਈ ਸੰਘਰਸ਼ ਕਰਦਿਆਂ ਮਜ਼ਦੂਰਾਂ ਅਤੇ ਆਗੂਆਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ। ਜਿਹਨਾਂ ਦੀ ਯਾਦ ਵਿੱਚ 1889 ਤੋਂ ਸੰਸਾਰ ਭਰ ਦੇ ਕਿਰਤੀ ਕਾਮੇ 5 ਮਈ ਨੂੰ ਕਿਰਤ ਦਿਹਾੜੇ ਦੇ ਤੌਰ ਤੇ ਮਨਾਉਂਦੇ ਹਨ।ਭਾਰਤ ਵਿੱਚ ਪਹਿਲੀ ਵਾਰ ਕਿਰਤ ਦਿਵਸ 5 ਮਈ 1923 ਵਿੱਚ ਮਨਾਇਆ ਗਿਆ। ਜਿਸ ਦਾ ਮੁੱਖ ਮਕਸਦ ਮਜ਼ਦੂਰ ਜਮਾਤ ਨੂੰ ਆ ਰਹੀਆਂ ਮੁਸਕਲਾਂ ਅਤੇ ਕਿਰਤੀ ਜਮਾਤ ਨੂੰ ਦਰਪੇਸ਼ ਚੁਣੌਤੀਆਂ ਨੂੰ ਕਬੂਲ ਕਰਕੇ ਉਨ੍ਹਾਂ ਦੇ ਹੱਲ ਲਈ ਸਿਰ ਜੋੜ ਕੇ ਬੈਠਣਾ ਹੈ। ਆਗੂ ਨੇ ਅੱਗੇ ਕਿਹਾ ਕਿ ਸਰਕਾਰਾਂ ਜਿੱਥੇ ਮਜ਼ਦੂਰ ਵਿਰੋਧੀ ਨੀਤੀਆਂ ਤੇ ਪਹਿਰਾ ਦਿੰਦਿਆਂ ਕੰਮ ਦੇ ਘੰਟੇ 12 ਕਰਨ ਦੇ ਰਾਹ ਪੈ ਚੁੱਕੀ ਹੈ। ਉਥੇ ਵੱਧ ਰਹੀ ਉਤਪਾਦਕਤਾ ਅਤੇ ਤਕਨੀਕ ਕਾਰਨ ਅੱਜ ਕੰਮ ਦਿਹਾੜੀ ਸਮਾਂ 6 ਘੰਟੇ ਕਰਨਾ ਜ਼ਰੂਰੀ ਹੈ, ਤਾਂ ਜੋ ਕਿ ਨਵਾਂ ਰੁਜ਼ਗਾਰ ਪੈਦਾ ਕਰਕੇ ਸਮਾਜ ਦੀ ਮੁੱਖ ਸਮੱਸਿਆ ਬੇਰੁਜ਼ਗਾਰੀ ਨੂੰ ਹੱਲ ਕੀਤਾ ਜਾ ਸਕੇ। ਉਹਨਾਂ ਅੱਗੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਆਪਣਾ ਜਮਾਤੀ ਰੰਗ ਦਿਖਾਉਂਦਿਆਂ ਕਿਰਤੀਆਂ ਦੇ ਹੱਕਾਂ ਹਿਤਾਂ ਲਈ ਬਣੇ ਕਾਨੂੰਨਾਂ ਨੂੰ ਤੋੜ ਕੇ ਸਰਮਾਏਦਾਰਾਂ ਦੇ ਹੱਕ ਵਿੱਚ ਬਦਲ ਰਹੀਆਂ ਹਨ। ਜਿਸ ਨੂੰ ਕਿਰਤੀ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਕਿਰਤੀਆਂ ਨਾਲ ਕੀਤੇ ਵਿਸ਼ਵਾਸਘਾਤ ਦਾ ਖਮਿਆਜ਼ਾ ਇਹਨਾਂ ਨੂੰ ਆਉਣ ਵਾਲੀਆਂ ਵੋਟਾਂ ਵਿੱਚ ਭੁਗਤਣਾ ਪਵੇਗਾ। ਇਸ ਮੌਕੇ ਟਰੇਡ ਯੂਨੀਅਨ ਕੌਂਸਲ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਨੇ ਆਪੋ ਆਪਣੀਆਂ ਮੰਗਾਂ ਨਾਲ ਸਬੰਧਤ ਮੰਗਾਂ ਬੈਨਰ ਫੜ ਕੇ ਸ਼ਹਿਰ ਵਿਚ ਮਾਰਚ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਮਲਾਲ, ਮਲਕੀਤ ਸਿੰਘ, ਜਸਵਿੰਦਰ ਸਿੰਘ, ਗੁਰਮੇਲ ਸਿੰਘ,ਰਾਮ ਜੀ ਦਾਸ, ਗੁਰਜੀਤ ਸਿੰਘ, ਜਰਨੈਲ ਰਾਮ, ਗੁਰਚਰਨ ਸਿੰਘ, ਮਨੀਸ਼ ਕੁਮਾਰ, ਦਲੇਰ ਸਿੰਘ ਆਦਿ ਆਗੂ ਹਾਜਰ ਸਨ।

# ਪਟਿਆਲਾ ਜ਼ਿਲ੍ਹੇ ਦੀਆਂ ਮੰਡੀ 'ਚ 8 ਲੱਖ 99 ਹਜ਼ਾਰ 568 ਮੀਟਰਿਕ ਟਨ ਕਣਕ ਦੀ ਆਮਦ

**ਪਟਿਆਲਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਜੂਦਾ ਹਾੜੀ ਦੇ ਸੀਜ਼ਨ ਦੌਰਾਨ ਪਟਿਆਲਾ ਜ਼ਿਲ੍ਹੇ ਵਿੱਚ ਬੀਤੇ ਦਿਨ ਤੱਕ 8 ਲੱਖ 99 ਹਜ਼ਾਰ 568 ਮੀਟਰਿਕ ਟਨ ਕਣਕ ਪੁੱਜੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਆਈ ਕਣਕ ਵਿੱਚੋਂ 8 ਲੱਖ 95 ਹਜ਼ਾਰ 977 ਮੀਟਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਇਸ ਕਣਕ ਵਿੱਚੋਂ ਹੁਣ ਤੱਕ ਪਨਗਰੇਨ ਵੱਲੋਂ 287930 ਮੀਟਰਿਕ, ਮਾਰਕਫੈਡ ਵੱਲੋਂ 220743 ਮੀਟਰਿਕ ਟਨ, ਪਨਸਪ ਵੱਲੋਂ 216420 ਮੀਟਰਿਕ ਟਨ, ਵੇਅਰ ਹਾਊਸ ਵੱਲੋਂ 132452 ਮੀਟਰਿਕ ਟਨ ਅਤੇ ਵਾਪਰੀਆਂ ਵੱਲੋਂ 38432 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।

# ਫਾਜ਼ਿਲਕਾ ਪੁਲਿਸ ਵੱਲੋਂ 6 ਕਰਮਚਾਰੀਆਂ ਨੂੰ ਉਹਨਾਂ ਦੀ ਰਿਟਾਇਰਮੈਂਟ ਮੌਕੇ ਦਿੱਤੀ ਗਈ ਵਿਦਾਇਗੀ ਪਾਰਟੀ

**ਫਾਜ਼ਿਲਕਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਪੁਲਿਸ ਵੱਲੋਂ ਅੱਜ ਮਿਤੀ 30-04-24 ਨੂੰ ਮਹਿਕਮਾਂ ਪੁਲਿਸ ਵਿੱਚ ਆਪਣੀ ਸਰਵਿਸ ਪੂਰੀ ਕਰ ਚੁੱਕੇ 06 ਕਰਮਚਾਰੀਆਂ ਨੂੰ ਉਹਨਾਂ ਦੀ ਰਿਟਾਇਰਮੈਂਟ ਮੌਕੇ ਤੇ ਵਿਦਾਇਗੀ ਪਾਰਟੀ ਦਿੱਤੀ ਗਈ। ਅੱਜ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਵਿੱਚ ਇੰਸਪੈਕਟਰ ਬਲਵਿੰਦਰ ਸਿੰਘ ਟੌਹਰੀ, ਇੰਸਪੈਕਟਰ ਬਲਜੀਤ ਸਿੰਘ, ਏ.ਐਸ.ਆਈ ਪ੍ਰਮੋਦ ਕੁਮਾਰ, ਏ.ਐਸ.ਆਈ ਜਸਵਿੰਦਰ ਸਿੰਘ, ਏ.ਐਸ.ਆਈ ਸੁਖਚੈਨ ਸਿੰਘ ਅਤੇ ਏ.ਐਸ.ਆਈ ਲਖਵਿੰਦਰ ਸਿੰਘ ਸ਼ਾਮਲ ਸਨ।



ਇਸ ਮੌਕੇ ਡਾ. ਪ੍ਰਗਿਆ ਜੈਨ ਜੀ ਐਸ.ਐਸ.ਪੀ ਫਾਜ਼ਿਲਕਾ ਵੱਲੋਂ ਉਹਨਾਂ ਨੂੰ ਮਹਿਕਮਾ ਪੁਲਿਸ ਵਿੱਚ ਚੰਗੀਆਂ ਸੇਵਾਵਾਂ ਦੇਣ ਬਦਲੇ ਵਧਾਈ ਦਿੱਤੀ ਗਈ ਅਤੇ ਉਹਨਾਂ ਕਿਹਾ ਕਿ ਇਹ ਸਾਡੇ ਸੇਵਾਮੁਕਤ ਹੋ ਰਹੇ ਪੰਜਾਬ ਪੁਲਿਸ ਮੁਲਾਜ਼ਮਾਂ ਨੂੰ ਸਲਾਮ ਕਰਨ ਦਾ ਸਮਾਂ ਹੈ! ਕਈ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਪੰਜਾਬ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਦੀ ਵਚਨਬੱਧਤਾ ਪੰਜਾਬ ਪੁਲਿਸ ਦੇ ਝੰਡੇ ਨੂੰ ਬੁਲੰਦ ਰੱਖਦੀ ਹੈ। ਫਾਜ਼ਿਲਕਾ ਪੁਲਿਸ ਵੱਲੋਂ ਆਪਣੇ ਨੇੜਲਿਆਂ ਅਤੇ ਪਿਆਰਿਆਂ ਦੀ ਸੰਗਤ ਵਿੱਚ ਨਿੱਘੀ ਵਿਦਾਇਗੀ ਪਿਆਰ ਅਤੇ ਪ੍ਰਸ਼ੰਸਾ ਦੀ ਇੱਕ ਛੋਟੀ ਜਿਹੀ ਨਿਸ਼ਾਨੀ ਹੈ। ਅਸੀ ਤੁਹਾਡੀ ਸੇਵਾ ਲਈ ਧੰਨਵਾਦ ਕਰਦੇ ਹਾਂ। ਇਸ ਮੌਕੇ ਸ੍ਰੀ ਰਮਨੀਸ਼ ਕੁਮਾਰ ਕਪਤਾਨ ਪੁਲਿਸ ਸਥਾਨਿਕ ਫਾਜ਼ਿਲਕਾ ਅਤੇ ਸ੍ਰੀ ਰਵੀ ਕੁਮਾਰ ਉਪ ਕਪਤਾਨ ਪੁਲਿਸ ਸਥਾਨਿਕ ਫਾਜ਼ਿਲਕਾ ਤੋਂ ਇਲਾਵਾ ਸਮੂਹ ਬ੍ਰਾਂਚ ਇੰਚਾਰਜ, ਐਸ.ਐਸ.ਪੀ ਦਫਤਰ ਫਾਜ਼ਿਲਕਾ ਅਤੇ ਹੋਰ ਕਈ ਅਧਿਕਾਰੀ ਅਤੇ ਥਾਣਿਆਂ ਦੇ ਵੀ ਕਰਮਚਾਰੀ ਹਾਜਰ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਫਾਜ਼ਿਲਕਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਮੈਜਿਸਟ੍ਰੇਟ ਡਾ. ਸੇਨੂ ਦੁੱਗਲ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ।

ਇਹ ਪਾਬੰਦੀਆਂ 30 ਜੂਨ 2024 ਤੱਕ ਲਾਗੂ ਰਹਿਣਗੀਆਂ ਅਤੇ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜ਼ਿਲਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਉੱਪਰ ਆਮ ਜਨਤਾ/ਵਿਅਕਤੀਆਂ/ਪ੍ਰਦਸ਼ਨਕਾਰੀਆਂ ਨੂੰ ਚੜ੍ਹਨ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਜ਼ਿਲ੍ਹਾ ਫਾਜਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਦੀ ਸੁਰੱਖਿਆ ਲਈ ਸਬੰਧਤ ਮਹਿਕਮਿਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਅਧਿਕਾਰੀ/ਕਰਮਚਾਰੀ/ਚੌਂਕੀਦਾਰ ਦੀ 24 ਘੰਟੇ ਲਈ ਡਿਊਟੀ ਲਗਾਉਣ, ਤਾਂ ਜੋ ਕਿਸੇ ਵੀ ਜਥੇਬੰਦੀ ਵੱਲੋਂ ਰੋਸ਼ ਪ੍ਰਦਰਸ਼ਨ ਦੀ ਕਾਰਵਾਈ ਨੂੰ ਰੋਕਿਆ ਜਾ ਸਕੇ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਵਿੱਚ ਸਬ ਜੇਲ੍ਹ ਫਾਜ਼ਿਲਕਾ ਦੇ 500 ਵਰਗ ਮੀਟਰ ਏਰੀਆ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਡਰੋਨ ਜੋ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚ ਬਣਾ ਚੁਕਿਆ ਹੈ ਅਤੇ ਕੋਈ ਵੀ ਇਸ ਦੀ ਦੁਰਵਰਤੋਂ ਕਰਕੇ ਜੇਲ੍ਹਾਂ ਵਿੱਚ ਬੰਦ ਖਤਰਨਾਕ ਕੈਦੀਆਂ ਤੱਕ ਮੋਬਾਇਲ ਫੋਨ/ਡਰੱਗ/ਹਥਿਆਰ ਅਤੇ ਉਨ੍ਹਾਂ ਨੂੰ ਭੱਜਣ ਵਿੱਚ ਮਦਦ ਕਰਨ ਵਾਲੀ ਸਮੱਗਰੀ ਦੀ ਸਪਲਾਈ ਕਰ ਸਕਦਾ ਹੈ। ਜਿਸ ਲਈ ਜ਼ਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਜਿਹੇ ਸਖਤ ਕਦਮ ਚੁੱਕਣ ਦੀ ਲੋੜ ਹੈ।

ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਨੇੜਲੇ ਪਿੰਡਾ ਅਤੇ ਬੀ.ਪੀ.ਓਜ ਦੇ ਨੇੜੇ ਸ਼ਾਮ 6 ਵਜੇ ਤੋਂ ਸਵੇਰੇ 8 ਵਜੇ ਤੱਕ ਆਮ ਜਨਤਾ ਨੂੰ ਆਉਣ ਜਾਣ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਇਹ ਹੁਕਮ ਫੌਜ, ਬੀ.ਐਸ.ਐਫ., ਪੁਲਿਸ, ਠੇਕੇਦਾਰ 'ਤੇ ਉਹ ਮਜ਼ਦੂਰ ਜੋ ਕਿ ਮਿਲਟਰੀ ਏਰੀਆ ਵਿਚ ਮਜ਼ਦੂਰੀ ਦਾ ਕੰਮ ਕਰਦੇ ਹੋਣ ਜਾਂ ਸਮਰੱਥ ਅਧਿਕਾਰੀ ਵੱਲੋਂ ਜਾਰੀ ਪਰਮਿਟ 'ਤੇ ਲਾਗੂ ਨਹੀਂ ਹੋਣਗੇ। ਇਕ ਹੋਰ ਹੁਕਮ ਦੇ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਪੈਂਦੇ ਅੰਤਰ-ਰਾਸਟਰੀ ਬਾਰਡਰ ਏਰੀਆ ਦੇ ਨਾਲ ਲੱਗਦੇ 4 ਕਿਲੋਮੀਟਰ ਦੇ ਏਰੀਏ ਵਿੱਚ ਕਵਾਡ-ਕਾਪਟਰ/ਡਰੋਨ ਕੈਮਰੇ ਆਦਿ ਉਡਾਉਣ ਤੇ ਪਾਬੰਦੀ ਲਗਾਈ ਗਈ ਹੈ।

# ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਜਾਰੀ ਕੀਤੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੁਰਜ ਕੱਚਾ ਦੇ ਵਿਦਿਆਰਥੀਆਂ ਵੱਲੋਂ ਵਧੀਆ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਸ਼ਾਨਦਾਰ ਅੰਕ ਹਾਸਿਲ ਕੀਤੇ ਹਨ। ਸਕੂਲ ਦੇ ਮੁੱਖ ਪ੍ਰਬੰਧਕ ਬਲਜਿੰਦਰ ਸਿੰਘ ਤੂਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿੱਚ ਪਾਸ ਹੋਏ ਹਨ । ਸਕੂਲ ਦੀ ਵਿਦਿਆਰਥਣ ਹਰਸ਼ਦੀਪ ਕੌਰ ਨੇ 600 ਅੰਕਾਂ ਵਿੱਚੋਂ 583 ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ, ਜਦੋਂ ਕਿ 578 ਅੰਕਾਂ ਦੇ ਨਾਲ ਗੁਰਲੀਨ ਕੌਰ ਨੇ ਦੂਸਰਾ ਅਤੇ 569 ਅੰਕਾਂ ਦੇ ਨਾਲ ਪ੍ਰਿਆ ਨੇ ਤੀਸਰਾ ਸਥਾਨ ਹਾਸਿਲ ਕੀਤਾ। ਬੱਚਿਆਂ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ ਲਈ ਸਮੂਹ ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਗਈ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ.ਸੁਖਦੇਵ ਸਿੰਘ, ਸ. ਅਮਰਿੰਦਰ ਸਿੰਘ, ਮੈਡਮ ਰੀਨਾ ਮਲਹੋਤਰਾ, ਮੈਡਮ ਜਗਦੀਪ ਕੌਰ, ਮੈਡਮ ਗੁਰਪ੍ਰੀਤ ਕੌਰ, ਮੈਡਮ ਹਰਜੋਤ ਕੌਰ, ਮੈਡਮ ਨਿਸ਼ਾ ਆਦਿ ਹਾਜ਼ਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਫੁਲਕਾਰੀ ਕਢਾਈ ਤੇ ਸਾਬਣ-ਸਰਫ ਬਣਾਉਣ ਸਬੰਧੀ ਕਿੱਤਾਮੁਖੀ ਸਿਖਲਾਈ ਕੋਰਸ ਕਰਵਾਇਆ




**ਪਟਿਆਲਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪੰਜ ਦਿਨਾਂ ਫੁਲਕਾਰੀ ਕਢਾਈ ਦੀ ਬਹੁਭਾਂਤੀ ਵਰਤੋਂ ਅਤੇ ਸਾਬਣ-ਸਰਫ ਬਣਾਉਣ ਸਬੰਧੀ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਕੋਰਸ ਵਿਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਬ ਡਵੀਜ਼ਨਾਂ ਤੇ ਪਿੰਡਾਂ ਸ਼ੁਤਰਾਣਾ, ਨਾਭਾ, ਮੂੰਡਖੇੜਾ, ਧਰਮਕੋਟ, ਗਲਵੱਟੀ, ਮਸੀਂਗਣ ਤੋਂ 17 ਪੇਂਡੂ ਔਰਤਾਂ ਅਤੇ ਲੜਕੀਆਂ ਨੇ ਭਾਗ ਲਿਆ।

ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਗੁਰਉਪਦੇਸ਼ ਕੌਰ ਨੇ ਕੱਪੜਿਆਂ ਦੀ ਸਾਜ਼-ਸਜਾਵਟ ਲਈ ਫੁਲਕਾਰੀ ਕਢਾਈ ਕੱਢਣ ਦੇ ਗੁਰ ਦੱਸੇ ਅਤੇ ਵੱਖ-ਵੱਖ ਸਜਾਵਟੀ ਸਮਾਨ ਜਿਵੇਂ ਕਿ ਦੁਪੱਟੇ, ਪੋਟਲੀ ਪਰਸ, ਬਟੂਆ ਅਤੇ ਸੀਨਰੀਆਂ ਬਣਾਉਣ ਦੀ ਤਕਨੀਕੀ ਜਾਣਕਾਰੀ ਦਿੱਤੀ। ਘਰ ਵਿਚ ਸਾਬਣ ਅਤੇ ਸਰਫ ਬਣਾਉਣ ਬਾਰੇ ਵੀ ਸਿਖਿਆਰਥਣਾਂ ਨੇ ਬਹੁਤ ਉਤਸ਼ਾਹ ਨਾਲ ਸਿੱਖਿਆ। ਡਾ. ਵੰਦਨਾ ਕੰਵਰ, ਸਹਿਯੋਗੀ ਪ੍ਰੋਫੈਸਰ, ਮਾਨਵ ਵਿਕਾਸ ਨੇ ਸਿਖਲਾਈ ਦੌਰਾਨ ਸਵੈ-ਸਮੂਹਾਂ ਦੇ ਸ਼ਕਤੀਕਰਣ ਬਾਰੇ ਪ੍ਰੇਰਿਤ ਭਾਸ਼ਣ ਦਿੱਤਾ ਅਤੇ ਖੇਡਾਂ ਦੇ ਦੁਆਰਾ ਸਮੂਹ ਦੀ ਤਾਕਤ ਬਾਰੇ ਦੱਸਿਆ।

ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਔਰਤਾਂ ਨੂੰ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ। ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਘਰ ਵਿੱਚ ਫਲ੍ਹਾਂ ਸਬਜ਼ੀਆਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਦਿੱਤੀ। ਸਿਖਲਾਈ ਦੇ ਅਖੀਰਲੇ ਦਿਨ ਡਾ. ਗੁਰਉਪਦੇਸ਼ ਕੌਰ, ਇੰਚਾਰਜ ਨੇ ਕਿਸਾਨ ਬੀਬੀਆਂ ਨੂੰ ਆਪਣਾ ਹੁਨਰ ਪਛਾਣ ਕੇ ਪੰਜਾਬ ਦੀ ਦਸਤਕਾਰੀ ਜਿਵੇਂ ਕਿ ਫੁਲਕਾਰੀ, ਕਰੋਸ਼ੀਆ, ਹੱਥ ਦੀ ਬੁਣਾਈ ਆਦਿ ਕੰਮਾਂ ਨੂੰ ਵਪਾਰਕ ਪੱਧਰ ਤੇ ਤੋਰਨ ਲਈ ਪ੍ਰੇਰਿਤ ਕੀਤਾ।

# ਰਾਜਾ ਗਿੱਲ ਵੱਲੋਂ ਮਾਛੀਵਾੜਾ ਬਲਾਕ ਦੇ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ

# ਕਾਂਗਰਸੀ ਉਮੀਦਵਾਰ ਡਾ. ਅਮਰ ਸਿੰਘ ਨੂੰ ਜਿਤਾਉਣ ਦੀ ਕੀਤੀ ਅਪੀਲ

**ਮਾਛੀਵਾੜਾ ਸਾਹਿਬ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੇ ਹੱਕ ਵਿੱਚ ਮਾਛੀਵਾੜਾ ਬਲਾਕ ਦੇ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ ਕਰਦਿਆਂ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਡਾਕਟਰ ਅਮਰ ਸਿੰਘ ਨੂੰ ਵੋਟ ਪਾ ਕੇ ਜਿਤਾਉਣ ਲਈ ਅਪੀਲ ਕੀਤੀ। ਬਲਾਕ ਮਾਛੀਵਾੜਾ ਦੇ ਪਿੰਡਾਂ ਚੱਕੀ, ਜੀਵਨਪੁਰ, ਸਮਸਪੁਰ, ਰਹੀਮਾਬਾਦ ਕਲਾਂ, ਬੁੱਲੇਵਾਲ ਰਹੀਮਾਬਾਦ ਖੁਰਦ, ਉਧੋਵਾਲ ਕਲਾ, ਮੰਡ ਉਧੋਵਾਲ,ਟਾਂਡਾ ਕੁਸਲ ਸਿੰਘ, ਜਾਤੀਵਾਲ, ਸੈਂਸੋਵਾਲ ਕਲਾਂ, ਮੰਡ ਸੈਂਸੋਵਾਲ ਵਿੱਚ ਹੋਇ ਭਰਮੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕਰਦੀ ਕੇਂਦਰ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਹਮੇਸ਼ਾ ਧੱਕਾ ਕਰਦੀ ਆਈ ਹੈ। ਉਹਨਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਨੇ ਦਿੱਲੀ ਵਿਖੇ ਪੰਜਾਬ ਦੇ ਵੱਖ ਵੱਖ ਮੁੱਦਿਆਂ ਨੂੰ ਸਮੇਂ ਸਮੇਂ ਤੇ ਉਠਾਇਆ ਅਤੇ ਸਭ ਤੋਂ ਵੱਧ ਸਵਾਲ ਪੁੱਛੇ ਜਦ ਕਿ ਕੇਂਦਰ ਸਰਕਾਰ ਕੋਲ ਉਹਨਾਂ ਸਵਾਲਾਂ ਦੇ ਠੋਸ ਜਵਾਬ ਵੀ ਨਹੀਂ ਸਨ। ਤੇ ਉਹਨਾਂ ਹਲਕਾ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਨੂੰ ਜਿੱਥੇ ਪਹਿਲੇ ਦੋ ਤੋਂ ਤਿੰਨ ਸਾਲ ਗਰਾਂਟਾਂ ਹੀ ਨਹੀਂ ਦਿੱਤੀਆਂ ਉੱਥੇ ਹੀ ਪੰਜਾਬ ਦੇ ਵਿਕਾਸ ਨੂੰ ਨਾ ਚਾਹੁਣ ਦੀ ਆਪਣੀ ਸੌੜੀ ਸੋਚ ਵੀ ਸਾਬਿਤ ਕੀਤੀ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦਾ ਵਿਕਾਸ ਜ਼ਿਆਦਾਤਰ ਕਾਂਗਰਸ ਵੇਲੇ ਬਣੀਆਂ ਸਰਕਾਰਾਂ ਸਮੇਂ ਹੀ ਹੋਇਆ ਹੈ। ਤੇ ਮੌਜੂਦਾ ਆਪ ਦੀ ਸਰਕਾਰ ਤੇ ਵਰਦਿਆਂ ਉਹਨਾਂ ਕਿਹਾ ਕਿ ਆਪਣੇ ਹਰ ਵਾਅਦੇ ਤੋਂ ਭੱਜੀ ਹੈ ਤੇ ਆਪ ਸਰਕਾਰ ਲੋਕਾਂ ਵਿੱਚ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ।



ਅੱਜ ਪੰਜਾਬ ਦੇ ਹਰ ਵਰਗ ਦੇ ਲੋਕ ਇਸ ਤੋਂ ਦੁਖੀ ਹਨ। ਉਹਨਾਂ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਦਾ ਵੀ ਧੰਨਵਾਦ ਕੀਤਾ ਜਿਨਾਂ ਨੇ ਪਿਛਲੇ ਸਾਲਾਂ ਦੌਰਾਨ ਹਲਕਾ ਸਮਰਾਲਾ ਦੇ ਵੱਖ-ਵੱਖ ਪਿੰਡਾਂ ਨੂੰ ਆਪਣੇ ਅਖਤਿਆਰੀ ਕੋਟੇ ਵਿੱਚੋਂ ਗਰਾਂਟਾਂ ਦੇ ਖੁੱਲ੍ਹੇ ਗੱਫੇ ਦਿੱਤੇ ਅਤੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ।

ਉਹਨਾਂ ਕਿਹਾ ਕਿ ਆਉਣ ਵਾਲੀ 1 ਜੂਨ ਨੂੰ ਡਾਕਟਰ ਅਮਰ ਸਿੰਘ ਨੂੰ ਜਿਤਾ ਕੇ ਫਿਰ ਤੋਂ ਪਾਰਲੀਮੈਂਟ ਵਿੱਚ ਭੇਜਣ ਤਾਂ ਜੋ ਉਹ ਪੰਜਾਬ ਦੇ ਮੁੱਦਿਆਂ ਦੀ ਗੱਲ ਕਰ ਸਕਣ ਅਤੇ ਪੰਜਾਬ ਦੇ ਵਿਕਾਸ ਲਈ ਹੋਰ ਹੰਭਲਾ ਮਾਰ ਸਕਣ। ਇਹਨਾਂ ਪਿੰਡਾਂ ਵਿੱਚ ਭਾਵੇਂ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਤੂਫਾਨੀ ਦੌਰਿਆਂ ਦੌਰਾਨ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਪਰ ਲੋਕਾਂ ਦਾ ਵੱਡਾ ਇਕੱਠ ਜੁੜਿਆ ਹੋਇਆ ਦੇਖ ਸਮੁੱਚੀ ਲੀਡਰਸ਼ਿਪ ਖੁਸ਼ ਨਜ਼ਰ ਆਈ।

ਇਸ ਮੌਕੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਨਾਲ ਪਾਰਟੀ ਦੇ ਹਲਕਾ ਸਮਰਾਲਾ ਤੋਂ ਸੀਨੀਅਰ ਲੀਡਰਸ਼ਿਪ ਵੀ ਮੌਜੂਦ ਸੀ ਜਿਨਾਂ ਵਿੱਚ ਬਾਬੂ ਸ਼ਕਤੀ ਆਨੰਦ , ਕਸਤੂਰੀ ਲਾਲ ਮਿੰਟੂ ,ਪਰਮਿੰਦਰ ਸਿੰਘ ਤਿਵਾੜੀ ,ਜਗਜੀਤ ਸਿੰਘ ਪ੍ਰਿਥੀਪੁਰ, ਵਨੀਤ ਕੁਮਾਰ ਝੜੌਦੀ, ਜਗਦੇਵ ਸਿੰਘ ਸਰਪੰਚ ਸੈਂਸੋਵਾਲ ਕਲਾਂ,ਰਾਜਨ ਸਰਪੰਚ ਉਧੋਵਾਲ ਕਲਾਂ ,ਕੁਲਵਿੰਦਰ ਸਿੰਘ ਸਰਪੰਚ ਰਹੀਮਾਬਾਦ ਖੁਰਦ, ਕਸ਼ਮੀਰੀ ਲਾਲ ਚੱਕੀ ,ਜਸਪਾਲ ਸਿੰਘ ਸਰਪੰਚ ਰਹੀਮਾਬਾਦ ਕਲਾਂ , ਸਰਪੰਚ ਕਿਰਪਾਲ ਸਿੰਘ ਬੁੱਲੇਵਾਲ, ਸੈਕਟਰੀ ਅਮਰਜੀਤ ਸਿੰਘ ,ਧਰਮਵੀਰ ਸਿੰਘ ਪੰਚ, ਬਲਦੇਵ ਸਿੰਘ ਪੰਚ, ਸੁਰਿੰਦਰ ਸਿੰਘ ਲੰਬੜਦਾਰ ,ਕਰਤਾਰਾ ਰਾਮ, ਮਹਿੰਦਰ ਸਿੰਘ ਸਾਬਕਾ ਸਰਪੰਚ ,ਗੁਰਮੇਲ ਸਿੰਘ ,ਪੰਚ ਗੁਰਦੇਵ ਸਿੰਘ ਫੌਜੀ, ਦਵਿੰਦਰ ਸਿੰਘ ਪੰਚ, ਅਵਤਾਰ ਸਿੰਘ ਤਾਰੀ, ਜਸਪਾਲ ਸਿੰਘ ਜੱਸੀ ,ਮੋਹਣ ਸਿੰਘ ,ਰਣਜੀਤ ਰਾਮ ਰਾਣਾ ਵੀ ਮੌਜੂਦ ਸਨ।

# ਧਰਤੁ ਸੁਹਾਵੀ ਤਾਲ ਸੁਹਾਵਾ

*ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਨੇ ਜਿੱਥੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਉੱਥੇ ਜ਼ਮੀਨ ਤੇ ਮਨੁੱਖੀ ਸਿਹਤ ਉੱਪਰ ਵੀ ਮਾਰੂ ਅਸਰ ਪਾਏ ਹਨ। ਇਸ ਲਈ ਜ਼ਹਿਰ-ਮੁਕਤ ਖੇਤੀ ਨੂੰ ਹੀ ਭਵਿੱਖ ਦੀ ਖੇਤੀ ਕਿਹਾ ਜਾ ਸਕਦਾ ਹੈ...*

## ਜੈਵਿਕ ਤੇ ਕੁਦਰਤੀ ਖੇਤੀ ਵੱਲ ਪਰਤਣ ਦੀ ਲੋੜ



• ਦਿਨੇਸ਼ ਦਮਾਥੀਆ
ਮੋਬਾਈਲ 94177-14390

ਮੁੱਢ ਕਦੀਮ ਤੋਂ ਖੇਤੀ ਸਾਡੀਆਂ ਵਿੱਤੀ ਲੋੜਾਂ ਨੂੰ ਪੂਰੀਆਂ ਕਰਦੀ ਆਈ ਹੈ। ਹੌਲੀ-ਹੌਲੀ ਸਾਡੀਆਂ ਲੋੜਾਂ ਵਧ ਗਈਆਂ ਤੇ ਅਸੀਂ ਖੇਤੀ ਤੋਂ ਜ਼ਿਆਦਾ ਮੁਨਾਫ਼ਾ ਲੈਣ ਦੀਆਂ ਤਰਕੀਬਾਂ ਬਣਾਉਣ ਲੱਗੇ । ਅਸੀਂ ਖੇਤੀ ਰਸਾਇਣਾਂ ਦੀ ਵਰਤੋਂ ਕਰਦਿਆਂ ਮਨੁੱਖੀ ਸਿਹਤ ਨੂੰ ਖ਼ਤਰੇ ’ਚ ਪਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਰਸਾਇਣਾਂ ਦੀ ਵਰਤੋਂ ਕਰਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਧਰਤੀ, ਪਾਣੀ ਤੇ ਹਵਾ ਜ਼ਹਿਰੀਲੇ ਹੋ ਗਏ।

### ਬਿਮਾਰੀਆਂ ਤੋਂ ਬਚਾਅ ਦੇ ਕੁਦਰਤੀ ਤਰੀਕੇ

ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਕਾਇਮ ਰੱਖਣ ਲਈ ਗੰਡੋਇਆਂ ਤੋਂ ਤਿਆਰ ਖਾਦ ਬੇਹੱਦ ਮਦਦਗਾਰ ਹੈ। ਫ਼ਸਲਾਂ ਦੀਆਂ ਬਿਮਾਰੀਆਂ ਤੇ ਕੀੜਿਆਂ ਤੋਂ ਬਚਾਅ ਲਈ ਕੁਝ ਦੇਸੀ ਜਾਂ ਜੈਵਿਕ ਢੰਗਾਂ ਨਾਲ ਪ੍ਰਭਾਵਸ਼ਾਲੀ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਕੁਝ ਪੌਦਿਆਂ, ਜਿਵੇਂ ਅੱਕ, ਧਤੂਰਾ, ਨਿੰਮ, ਲੱਸਣ ਆਦਿ ਦੀ ਵਰਤੋਂ ਨਾਲ ਵੀ ਕੁਝ ਕੀੜਿਆਂ ਤੇ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ। ਅਜਿਹੇ ਜੈਵਿਕ ਢੰਗਾਂ ਬਾਰੇ ਖੇਤੀ ਮਾਹਿਰਾਂ ਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਦੇ ਤਜ਼ਰਬੇ ਪ੍ਰਾਪਤ ਕੀਤੇ ਜਾ ਸਕਦੇ ਹਨ। ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੇ ਜੈਵਿਕ ਤੇ ਰਸਾਇਣਕ ਖੇਤੀ ’ਚ ਵੱਡਾ ਅੰਤਰ ਮਹਿਸੂਸ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੈਵਿਕ ਢੰਗ ਨਾਲ ਪੈਦਾ ਕੀਤੀਆਂ ਵਸਤੂਆਂ ਸਿਹਤ ਲਈ ਸੁਰੱਖਿਅਤ ਤੇ ਪੌਸ਼ਟਿਕ ਹੁੰਦੀਆਂ ਹਨ।

### ਸਫਲ ਕਿਸਾਨ ਮਨਿਤ ਮਲਹੋਤਰਾ

ਜੈਵਿਕ ਖੇਤੀ ’ਚ ਸਫਲਤਾ ਹਾਸਲ ਕਰ ਚੁੱਕਾ ਕਿਸਾਨ ਹੈ-ਮਨਿਤ ਮਲਹੋਤਰਾ। ਜਲੰਧਰ ਦਾ ਵਸਨੀਕ ਮਨਿਤ ਮਲਹੋਤਰਾ ਵਕਾਲਤ ਪਾਸ ਹੈ ਤੇ ਉਸ ਨੇ ਵਕਾਲਤ ਨੂੰ ਪੇਸ਼ੇ ਵਜੋਂ ਨਾ ਅਪਣਾਉਂਦੇ ਹੋਏ ਜੈਵਿਕ ਖੇਤੀ ਨੂੰ ਪਹਿਲ ਦਿੱਤੀ ਹੈ। ਮਨਿਤ ਨੇ ਪਿੰਡ ਬੰਬੀਆਂ ਜ਼ਿਲ੍ਹਾ ਜਲੰਧਰ ਵਿਖੇ 47 ਏਕੜ ਖੇਤੀਯੋਗ ਜ਼ਮੀਨ ’ਤੇ ਮੁੱਖ ਫ਼ਸਲਾਂ ਵਜੋਂ ਦੇਸੀ ਕਣਕ, ਝੋਨਾ, ਬਾਸਮਤੀ, ਤਿਲ, ਬੈਂਗਣ, ਫੁੱਲ ਗੋਭੀ, ਗੰਢ ਗੋਭੀ, ਸ਼ਲਗਮ, ਪਾਲਕ, ਚੁਕੰਦਰ, ਧਨੀਆ, ਮੇਥੀ, ਪਿਆਜ਼, ਟਮਾਟਰ, ਗਾਜਰ, ਆਲੂ, ਦੇਸੀ ਸਰ੍ਹੋਂ, ਅਲਸੀ, ਛੋਲੇ, ਕੱਦੂ, ਖੀਰਾ, ਲੱਸਣ ਆਦਿ ਦੀ ਕਾਸ਼ਤ ਸ਼ੁਰੂ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਕਰੀਬ 1100 ਰੁੱਖ ਵੀ ਲਗਾਏ ਹੋਏ ਹਨ, ਇਨ੍ਹਾਂ ’ਚ ਨਿੰਮ, ਫਾਲਸਾ, ਬਿੱਲ, ਅਰਜੁਨ, ਕੜ੍ਹੀ ਪੱਤਾ, ਸਫ਼ੈਦਾ, ਜਾਮਣ, ਅੰਬ ਆਦਿ ਦੇ ਰੁੱਖ ਸ਼ਾਮਲ ਹਨ। ਖੇਤੀਬਾੜੀ ਦੇ ਨਾਲ-ਨਾਲ ਉਹ ਡੇਅਰੀ ਦਾ ਧੰਦਾ ਵੀ ਚਲਾਉਂਦੇ ਹਨ। ਉਨ੍ਹਾਂ ਕੋਲ ਚੋਣਵੀ ਨਸਲ ਦੀਆਂ 27 ਗਾਵਾਂ ਹਨ। ਗਾਵਾਂ ਦਾ ਗੋਬਰ ਤੇ ਪਿਸ਼ਾਬ ਉਹ ਖਾਦਾਂ ਤੇ ਕੀਟਨਾਸ਼ਕਾਂ ਵਜੋਂ ਵਰਤਦੇ ਹਨ। ਮਨਿਤ ਮਲਹੋਤਰਾ ਆਪਣੇ ਖੇਤੀ ਉਤਪਾਦਾਂ ਨੂੰ ਸਿੱਧੇ ਤੌਰ ’ਤੇ ਗਾਹਕਾਂ ਨੂੰ ਵੇਚਦੇ ਹਨ। ਇਸ ਤੋਂ ਇਲਾਵਾ ਹੋਟਲਾਂ, ਰੈਸਟੋਰੈਂਟਾਂ, ਮੈਰਿਜ ਪੈਲੇਸਾਂ ਵਿਚ ਆਪਣੀਆਂ ਜਿਣਸਾਂ ਨੂੰ ਵੇਚ ਕੇ ਆਮਦਨ ਪ੍ਰਾਪਤ ਕਰਦੇ ਹਨ। ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਜਲੰਧਰ ਦੇ ਸਹਿਯੋਗ ਨਾਲ ਰੈੱਡ ਕਰਾਸ ਭਵਨ ਵਿਖੇ ਸਥਾਪਿਤ ‘ਆਤਮਾ ਕਿਸਾਨ ਹੱਟ’ ਵਿਚ ਵੀ ਉਹ ਆਪਣੇ ਖੇਤੀ ਉਤਪਾਦਾਂ ਨੂੰ ਵੇਚਦੇ ਹਨ।

ਪੰਜਾਬ ਦੇ ਕੁਝ ਅਜਿਹੇ ਜ਼ਿਲ੍ਹੇ ਜੋ ਖੇਤੀ ਜ਼ਹਿਰਾਂ ਕਾਰਨ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਪ੍ਰਭਾਵਿਤ ਹਨ ਅਤੇ ਜਿਹੜੀਆਂ ਜ਼ਮੀਨਾਂ ਹੇਠਲਾ ਪਾਣੀ ਤੇ ਹਵਾ ਆਦਿ ਬੁਰੀ ਤਰ੍ਹਾਂ ਜ਼ਹਿਰੀਲੇ ਹੋ ਚੁਕੇ ਹਨ, ਉਨ੍ਹਾਂ ਜ਼ਮੀਨਾਂ ’ਤੇ ਅਸੀਂ ਹੁਣ ਤੋਂ ਹੀ ਜ਼ਹਿਰਾਂ ਪਾਉਣੀਆਂ ਬੰਦ ਕਰ ਦੇਈਏ ਤਾਂ **ਅਸੀਂ ਇਨ੍ਹਾਂ ਦੇ ਮਾਰੂ ਪ੍ਰਭਾਵ ਤੋਂ ਬਚ ਸਕਦੇ ਹਾਂ।** •

### ਜੈਵਿਕ ਖੇਤੀ ਸਮੇਂ ਦੀ ਮੁੱਖ ਮੰਗ

*ਅੱਜ ਮੁੱਖ ਲੋੜ ਹੈ ਕਿ ਅਸੀਂ ਇਨ੍ਹਾਂ ਜ਼ਹਿਰਾਂ ਤੇ ਰਸਾਇਣਕ ਖਾਦਾਂ ਤੋਂ ਖੇਤੀ ਨੂੰ ਮੁਕਤ ਕਰੀਏ ਅਤੇ ਮਨੁੱਖੀ ਸਿਹਤ ਨੂੰ ਖ਼ਤਰਨਾਕ ਬਿਮਾਰੀਆਂ ਤੋਂ ਬਚਾਈਏ। ਜ਼ਹਿਰ-ਮੁਕਤੀ ਲਈ ਜੇ ਸਭ ਤੋਂ ਯੋਗ ਉਪਰਾਲਾ ਕੀਤਾ ਜਾ ਸਕਦਾ ਹੈ ਤਾਂ ਉਹ ਇਹੀ ਹੈ ਕਿ ਅਸੀਂ ਖੇਤੀ ਢੰਗਾਂ ਵਿਚ ਵੱਡੀ ਤਬਦੀਲੀ ਲਿਆਈਏ ਤੇ ਜੈਵਿਕ ਖੇਤੀ ਵੱਲ ਆਪਣੇ ਕਦਮਾਂ ਨੂੰ ਮੋੜੀਏ। ਜੈਵਿਕ ਖੇਤੀ ਤੋਂ ਭਾਵ ਬਿਨਾ ਖਾਦਾਂ ਤੇ ਜ਼ਹਿਰਾਂ ਵਾਲੀ ਖੇਤੀ ਤੋਂ ਹੈ। ਖੇਤੀ ਤੋਂ ਭਾਵੇਂ ਘੱਟ ਉਪਜ ਲਈ ਜਾਵੇ ਪਰ ਉਹ ਉਪਜ ਸਾਡੀ ਸਿਹਤ ਲਈ ਨੁਕਸਾਨਦੇਹ ਨਾ ਹੋਵੇ। ਜ਼ਮੀਨ ਦੀ ਸਿਹਤ ਸੰਭਾਲ ਤੇ ਉਸ ਵਿਚਲੇ ਤੱਤਾਂ ਦੀ ਹੋਂਦ ਨੂੰ ਕਾਇਮ ਰੱਖਣ ਲਈ ਖਾਦਾਂ ਤਾਂ ਪਾਈਆਂ ਜਾਣ ਪਰ ਉਹ ਖਾਦਾਂ ਜੈਵਿਕ ਜਾਂ ਕੁਦਰਤੀ ਹੋਣ, ਭਾਵ ਪਸ਼ੂਆਂ ਦੇ ਗੋਹੇ ਤੋਂ ਤਿਆਰ ਕੀਤੀ ਖਾਦ (ਰੂੜੀ) ਦੀ ਵਰਤੋਂ ਕੀਤੀ ਜਾਵੇ।*



# ਮੂੰਗਫਲੀ ਦੀ ਸਫਲ ਕਾਸ਼ਤ ਦੇ ਜ਼ਰੂਰੀ ਨੁਕਤੇ



*ਮੂੰਗਫਲੀ ਇਕ ਪ੍ਰਮੁੱਖ ਤੇਲ ਬੀਜ ਫ਼ਸਲ ਹੈ ਅਤੇ ਪੰਜਾਬ ਵਿਚ ਇਸ ਦੀਆਂ ਤਿੰਨ ਕਿਸਮਾਂ ਐੱਸਜੀ-99, ਐੱਮ-522 ਤੇ ਐੱਸਜੀ-84 ਦੀ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ...*

• ਪ੍ਰਭਜੋਧ ਸਿੰਘ ਸੰਧੂ, ਅਮਰਜੀਤ ਸਿੰਘ

ਭਾਰਤ ’ਚ ਸਰ੍ਹੋਂ ਤੇ ਸੋਇਆਬੀਨ ਤੋਂ ਬਾਅਦ ਮੂੰਗਫਲੀ ਮਹੱਤਵਪੂਰਨ ਤੇਲ ਬੀਜ ਫ਼ਸਲ ਹੈ। ਕਦੇ ਇਹ ਸਾਉਣੀ ਦੀ ਮੁੱਖ ਫ਼ਸਲ ਸੀ। ਅੱਜ ਇਹ ਕੁਝ ਖ਼ਾਸ ਇਲਾਕਿਆਂ ਤਕ ਸੀਮਤ ਹੈ। ਇਸ ਵੇਲੇ ਕਰੀਬ ਇਕ ਹਜ਼ਾਰ ਹੈਕਟੇਅਰ ’ਚ ਮੂੰਗਫਲੀ ਦੀ ਕਾਸ਼ਤ ਕੀਤੀ ਜਾਂਦੀ ਹੈ ਤੇ ਪੈਦਾਵਾਰ 1.9 ਹਜ਼ਾਰ ਟਨ ਹੈ।

### ਕਾਸ਼ਤ ਦਾ ਸਮਾਂ ਤੇ ਜ਼ਮੀਨ ਦੀ ਚੋਣ

ਮੂੰਗਫਲੀ ਦੀ ਕਾਸ਼ਤ ਬਹਾਰ ਤੇ ਸਾਉਣੀ, ਦੋਵਾਂ ਰੁੱਤਾਂ ’ਚ ਕੀਤੀ ਜਾ ਸਕਦੀ ਹੈ। ਰੇਤਲੀ ਭੱਲ ਵਾਲੀਆਂ ਜ਼ਮੀਨਾਂ ਇਸ ਦੀ ਕਾਸ਼ਤ ਲਈ ਢੁਕਵੀਆਂ ਹਨ। ਪੰਜਾਬ ’ਚ ਇਸ ਦੀ ਕਾਸ਼ਤ ਸਾਉਣੀ ਰੁੱਤੇ ਕੀਤੀ ਜਾਂਦੀ ਹੈ। ਹੁਸ਼ਿਆਰਪੁਰ, ਮਾਨਸਾ ਤੇ ਸੰਗਰੂਰ ਵਿਚ ਬਹੁਤ ਸਾਰੇ ਕਿਸਾਨ ਇਸ ਦੀ ਕਾਸ਼ਤ ਤੇ ਮੰਡੀਕਰਨ ਸਫਲ ਤੇ ਵਿਓਂਤਬੰਦ ਤਰੀਕੇ ਨਾਲ ਕਰ ਰਹੇ ਹਨ। ਮੂੰਗਫਲੀ ਨੂੰ ਖਾਦ-ਪਾਣੀ ਦੀ ਘੱਟ ਲੋੜ, ਵਧੀਆ ਤੇਲ ਤੇ ਹਵਾ ਵਿਚਲੀ ਨਾਈਟ੍ਰੋਜਨ ਨੂੰ ਸਾਂਭਣ ਦੀ ਸਮਰਥਾ ਕਰਕੇ ਇਸ ਨੂੰ ਪਾਣੀ ਦੀ ਕਮੀ ਵਾਲੇ ਇਲਾਕਿਆਂ ’ਚ ਅਪਣਾਇਆ ਜਾ ਸਕਦਾ ਹੈ। ਜ਼ਮੀਨਦੋਜ਼ ਪਾਣੀ ਦੇ ਡਿੱਗਦੇ ਹੋਏ ਪੱਧਰ ਨੂੰ ਮੁੱਖ ਰੱਖ ਕੇ ਵੀ ਅਪਣਾਇਆ ਜਾ ਸਕਦਾ ਹੈ। ਵਿਗਿਆਨਕ ਤਰੀਕੇ ਨਾਲ ਮੂੰਗਫਲੀ ਦੀ ਕਾਸ਼ਤ ਕਰ ਕੇ ਇਸ ਫ਼ਸਲ ਤੋਂ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

### ਕਿਸਮਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੂੰਗਫਲੀ ਦੀਆਂ ਤਿੰਨ ਕਿਸਮਾਂ ਐੱਸਜੀ-99, ਐੱਮ-522 ਤੇ ਐੱਸਜੀ-84 ਦੀ ਪੰਜਾਬ ’ਚ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮਾਂ ਸਾਉਣੀ ਰੁੱਤ ’ਚ ਬੀਜੀਆਂ ਜਾ ਸਕਦੀਆਂ ਹਨ ਤੇ ਐੱਸਜੀ-84 ਬਹਾਰ ਰੁੱਤ ’ਚ ਵੀ ਬੀਜੀ ਜਾ ਸਕਦੀ ਹੈ। ਐੱਸਜੀ-99 ਦੀਆਂ ਗਿਰੀਆਂ ਮੋਟੀਆਂ ਤੇ ਝਾੜ 10 ਕੁਇੰਟਲ ਪ੍ਰਤੀ ਏਕੜ ਹੈ। ਇਹ ਪੱਕਣ ਲਈ 125 ਦਿਨ ਲੈਂਦੀ ਹੈ ਤੇ ‘ਕਰੂੰਬਲਾਂ ਦੇ ਸੋਕੇ’ ਵਰਗੇ ਵਿਸ਼ਾਣੂ ਰੋਗ ਨੂੰ ਸਹਾਰ ਸਕਦੀ ਹੈ। ਐੱਮ-522 ਦਾ ਝਾੜ 9 ਕੁਇੰਟਲ ਹੈ ਤੇ ਇਹ ਪੱਕਣ ਲਈ 120 ਦਿਨ ਲੈਂਦੀ ਹੈ। ਐੱਸਜੀ-84 ਬਹਾਰ ਰੁੱਤ ’ਚ 130 ਦਿਨਾਂ ’ਚ ਪੱਕਦੀ ਹੈ ਤੇ ਝਾੜ 10 ਕੁਇੰਟਲ ਹੈ ਸਾਉਣੀ ਰੁੱਤੇ ਇਹ 120 ਦਿਨਾਂ ’ਚ ਪੱਕਦੀ ਹੈ ਤੇ 8 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ।

### ਬੀਜ ਦੀ ਮਾਤਰਾ

ਐੱਸਜੀ-99 ਕਿਸਮ ਲਈ 40 ਕਿੱਲੋ ਬੀਜ ਪ੍ਰਤੀ ਏਕੜ ਕਾਫ਼ੀ ਹੈ। ਬਾਕੀ ਕਿਸਮਾਂ ਲਈ 38 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਉੱਲੀ ਨਾਸ਼ਕ ਥੀਰਮ 5 ਗ੍ਰਾਮ ਜਾਂ ਇੰਡੋਫਿਲ ਐੱਮ-45, 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ ਤਾਂ ਕਿ ਬੀਜ ਤੇ ‘ਗਿੱਚੀ ਗਲਣ’ ਦੇ ਰੋਗ ਤੋਂ ਬਚਾਅ ਰਹੇ। ਜੇ ਖੇਤ ਵਿਚ ‘ਚਿੱਟੇ ਸੁੰਡ’ ਦੀ ਸਮੱਸਿਆ ਹੋਵੇ ਤਾਂ ਉੱਲੀ ਨਾਸ਼ਕ ਨਾਲ ਸੋਧ ਤੋਂ ਪਹਿਲਾਂ ਕੀਟਨਾਸ਼ਕ ਡਰਸਬਾਨ 20 ਤਾਕਤ, 12.5 ਮਿਲੀਲਿਟਰ ਪ੍ਰਤੀ ਕਿੱਲੋ ਨਾਲ ਬੀਜ ਦੀ ਸੋਧ ਜ਼ਰੂਰੀ ਹੈ। ਕੀਟਨਾਸ਼ਕ ਨਾਲ ਸੋਧ ਤੋਂ ਪਿੱਛੋਂ ਬੀਜ ਨੂੰ ਛਾਵੇਂ ਸੁਕਾ ਲਵੋ ਤੇ ਫਿਰ ਉੱਲੀ ਨਾਸ਼ਕ ਨਾਲ ਸੋਧ ਲਵੋ। ਬਿਜਾਈ ਲਈ ਕਤਾਰਾਂ ਤੇ ਬੂਟਿਆਂ ਵਿਚਕਾਰ ਫ਼ਾਸਲਾ ਐੱਸਜੀ-99 ਅਤੇ ਐੱਸਜੀ-84 ਕਿਸਮ ਲਈ 3015 ਸੈਂਟੀਮੀਟਰ ਅਤੇ ਐੱਮ-522 ਕਿਸਮ ਲਈ 30 22.5 ਸੈਂਟੀਮੀਟਰ ਰੱਖੋ। ਜੰਮ ਤੋਂ ਬਾਅਦ ਫ਼ਸਲ ਨੂੰ ਲੋੜ ਅਨੁਸਾਰ 2 ਜਾਂ 3 ਹਲਕੇ ਪਾਣੀ ਲਗਾਓ ਤੇ ਖੇਤ ਨੂੰ ਨਦੀਨ ਰਹਿਤ ਰੱਖੋ।



### ਕਾਸ਼ਤ

ਮੂੰਗਫਲੀ ਦੇ ਮਿਆਰੀ ਉਤਪਾਦਨ ਲਈ ਬੀਜ ਦਾ ਸਿਹਤਮੰਦ ਹੋਣਾ ਲਾਜ਼ਮੀ ਹੈ। ਬੀਜ ਦੀ ਚੋਣ ਵੇਲੇ ਛੋਟੇ, ਸੁੱਕੇ ਤੇ ਬਦਰੰਗ ਬੀਜ ਕੱਢ ਦੇਵੋ ਅਤੇ ਮੋਟੇ ਤੇ ਤੰਦਰੁਸਤ ਬੀਜ ਹੀ ਵਰਤੋ। ਸਾਉਣੀ ਦੀ ਬਿਜਾਈ ਅਪ੍ਰੈਲ ਦੇ ਅਖ਼ੀਰਲੇ ਹਫ਼ਤੇ ਤੋਂ ਮਈ ਦੇ ਅਖ਼ੀਰ ਤਕ ਕਰ ਲੈਣੀ ਚਾਹੀਦੀ ਹੈ। ਬਹਾਰ ਰੁੱਤ ਦੀ ਬਿਜਾਈ ਫਰਵਰੀ ਦੇ ਦੂਸਰੇ ਪੰਦਰਵਾੜੇ ਦੌਰਾਨ ਕਰੋ। ਚੰਗੇ ਜਲ ਨਿਕਾਸ ਤੇ ਰੇਤਲੀਆਂ ਜ਼ਮੀਨਾਂ ਇਸ ਦੀ ਕਾਸ਼ਤ ਲਈ ਢੁਕਵੀਆਂ ਹਨ। ਖੇਤ ਦੀ ਤਿਆਰੀ ਇੱਕੋ ਸਮੇਂ ਕਰਨ ਦੀ ਬਜਾਏ ਇਕ-ਇਕ ਦਿਨ ਛੱਡ ਕੇ 2-3 ਵਾਹੀਆਂ ਕਰੋ ਤਾਂ ਕਿ ਧੁੱਪ ਨਾਲ ਜ਼ਮੀਨ ਵਿਚਲੇ ਕੀੜੇ ਤੇ ਬਿਮਾਰੀਆਂ, ਜੋ ਉੱਗਦੇ ਬੀਜ ਦਾ ਨੁਕਸਾਨ ਕਰਦੇ ਹਨ, ਖ਼ਤਮ ਹੋ ਜਾਣ।

### ਖਾਦਾਂ

ਮੂੰਗਫਲੀ ਨੂੰ ਸਿਰਫ਼ 13 ਕਿੱਲੋ ਯੂਰੀਆ, 50 ਕਿੱਲੋ ਸਿੰਗਲ ਸੁਪਰਫਾਸਫੇਟ, 17 ਕਿੱਲੋ ਮਿਊਰੇਟ ਆਫ ਪੋਟਾਸ਼ ਤੇ 50 ਕਿੱਲੋ ਜਿਪਸਮ ਦੀ ਜ਼ਰੂਰਤ ਹੁੰਦੀ ਹੈ। ਇਹ ਸਾਰੀ ਖਾਦ ਬਿਜਾਈ ਤੋਂ ਪਹਿਲਾਂ ਹੀ ਪਾ ਦੇਣੀ ਚਾਹੀਦੀ ਹੈ।

### ਕਟਾਈ ਤੇ ਗਹਾਈ

ਮੂੰਗਫਲੀ ਦੀ ਫ਼ਸਲ 120 ਤੋਂ 125 ਦਿਨਾਂ ’ਚ ਪੱਕ ਜਾਂਦੀ ਹੈ। ਪੁਟਾਈ ਤੋਂ ਪਹਿਲਾਂ ਕੁਝ ਬੂਟੇ ਪੁੱਟ ਕੇ ਵੇਖੋ। ਜੇ ਗੱਠੀਆਂ ਹਲਕੀਆਂ ਭੂਰੀਆਂ ਹੋਣ, ਗਿਰੀਆਂ ਗੁਲਾਬੀ ਰੰਗ ਦੀਆਂ ਹੋਣ ਤੇ 70 ਤੋਂ 80 ਫ਼ੀਸਦੀ ਗੱਠੀਆਂ ਪੱਕੀਆਂ ਹੋਈਆਂ ਹੋਣ ਤਾਂ ਫ਼ਸਲ ਪੁੱਟਣ ਲਈ ਤਿਆਰ ਹੈ। ਪੁਟਾਈ ਸੌਖੀ ਕਰਨ ਲਈ ਖੇਤ ਨੂੰ ਹਲਕਾ ਪਾਣੀ ਲਗਾ ਲਵੋ। ਪੁਟਾਈ ਤੋਂ ਬਾਅਦ ਫ਼ਸਲ ਨੂੰ 3-4 ਦਿਨ ਖੇਤ ਵਿਚ ਹੀ ਪਈ ਰਹਿਣ ਦਿਓ ਤੇ ਬਾਅਦ ’ਚ ਤਰੰਗਲੀ ਨਾਲ ਫਰੋਲ ਕੇ ਗੱਠੀਆਂ ਵੱਖ ਕਰ ਲਓ। ਮੂੰਗਫਲੀ ਦੀ ਗਹਾਈ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਮਸ਼ੀਨ ਨਾਲ ਵੀ ਕੀਤੀ ਜਾ ਸਕਦੀ ਹੈ। •

ਮੋਬਾਈਲ 98555-19676

# ਝੋਨਾ/ਬਾਸਮਤੀ ਮਿਆਰੀ ਬੀਜ ਕਰਦੈ ਉਤਪਾਦਨ ’ਚ ਵਾਧਾ

*ਗ਼ੈਰ-ਮਿਆਰੀ ਬੀਜਾਂ ਦੀ ਕਾਸ਼ਤ ਨਾਲ ਜਿੱਥੇ ਪੈਦਾਵਾਰ ਘਟਦੀ ਹੈ, ਉੱਥੇ ਫ਼ਸਲ ਉੱਪਰ ਬਿਮਾਰੀਆਂ ਤੇ ਕੀੜਿਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ। ਇਨ੍ਹਾਂ ਦੀ ਰੋਕਥਾਮ ਲਈ ਦਵਾਈਆਂ ਉੱਪਰ ਖ਼ਰਚਾ ਵਧ ਜਾਂਦਾ ਹੈ। ਅਜਿਹੀਆਂ ਫ਼ਸਲਾਂ ਪੱਕਣ ’ਚ ਵੀ ਵੱਧ ਸਮਾਂ ਲੈਂਦੀਆਂ ਹਨ...*





• ਡਾ. ਅਮਰੀਕ ਸਿੰਘ

ਹਾੜ੍ਹੀ ਦੇ ਸੀਜਨ ਦੌਰਾਨ ਬੀਜੀਆਂ ਫ਼ਸਲਾਂ ਦੀ ਕਟਾਈ ਦਾ ਕੰਮ ਖਤਮ ਤੇ ਸਾਉਣੀ ਰੁੱਤ ਦੀਆਂ ਫ਼ਸਲਾਂ ਦੀ ਬਿਜਾਈ ਦਾ ਕੰਮ ਸ਼ੁਰੂ ਹੋ ਰਿਹਾ ਹੈ। ਫ਼ਸਲਾਂ ਦੀ ਬਿਜਾਈ ਲਈ ਬੀਜ ਹੀ ਅਜਿਹੀ ਖੇਤੀ ਸਮੱਗਰੀ ਹੈ ਜਿਸ ਉੱਪਰ ਫ਼ਸਲ ਦੀ ਸਫਲਤਾ ਨਿਰਭਰ ਕਰਦੀ ਹੈ। ਜੇ ਬੀਜ ਸਹੀ ਨਾ ਹੋਵੇ ਤਾਂ ਖਾਦਾਂ, ਕੀਟਨਾਸ਼ਕ, ਉੱਲੀਨਾਸ਼ਕ ਤੇ ਹੋਰ ਸਮੱਗਰੀ ’ਤੇ ਕੀਤੇ ਜਾਣ ਵਾਲੇ ਖ਼ਰਚੇ ਦਾ ਵੀ ਬਹੁਤਾ ਫ਼ਾਇਦਾ ਨਹੀਂ ਹੁੰਦਾ।

### 168 ਕਰੋੜ ਦਾ ਕਾਰੋਬਾਰ

*ਪੰਜਾਬ ਵਿਚ ਹਰ ਸਾਲ ਕਰੀਬ 28 ਲੱਖ ਹੈਕਟੇਅਰ ਰਕਬੇ ’ਚ ਝੋਨੇ ਤੇ ਬਾਸਮਤੀ ਦੀ ਬਿਜਾਈ ਕੀਤੀ ਜਾਂਦੀ ਹੈ। ਇਸ ਦੇ ਲਈ 20 ਕਿੱਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਕਰੀਬ 5 ਲੱਖ 60 ਹਜ਼ਾਰ ਕੁਇੰਟਲ ਬੀਜ ਦੀ ਲੋੜ ਪੈਂਦੀ ਹੈ। ਬੀਜ ਦੀ ਔਸਤ ਕੀਮਤ ਤਿੰਨ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪੰਜਾਬ ਵਿਚ ਕਰੀਬ 168 ਕਰੋੜ ਰੁਪਏ ਦਾ ਬੀਜ ਦਾ ਕਾਰੋਬਾਰ ਹੈ।*

### ਮਿਲਾਵਟੀ ਬੀਜ

ਝੋਨੇ ਦੀ ਕਾਸ਼ਤ ’ਚ ਕਿਸਮ ਅਤੇ ਬੀਜ ਦਾ ਬਹੁਤ ਵੱਡਾ ਰੋਲ ਹੈ। ਆਮ ਤੌਰ ’ਤੇ ਬੀਜ ਵਿਕ੍ਰੇਤਾ ਤੇ ਆੜ੍ਹਤੀ ਕਿਸਾਨਾਂ ਨੂੰ ਸਬਜ਼ਬਾਗ਼ ਵਿਖਾ ਕੇ ਗ਼ੈਰ ਸਿਫਾਰਸ਼ੀ ਕਿਸਮਾਂ ਦਾ ਬੀਜ ਕਿਸਾਨਾਂ ਨੂੰ ਮਹਿੰਗੇ ਭਾਅ ’ਤੇ ਵੇਚ ਦਿੰਦੇ ਹਨ। ਪਿਛਲੇ ਸਮੇਂ ਦੀਆਂ ਕਈ ਉਦਾਹਰਣਾਂ ਮਿਲ ਜਾਣਗੀਆਂ ਕਿ ਕਿਸਾਨਾਂ ਵੱਲੋਂ ਬਾਜ਼ਾਰ ’ਚੋਂ ਬੀਜ ਖ਼ਰੀਦ ਕੇ ਬੀਜੀ ਗਈ ਫ਼ਸਲ ’ਚੋਂ ਦੋ ਤੋਂ ਵਧੇਰੇ ਕਿਸਮਾਂ ਦਾ ਮਿਸ਼ਰਣ ਨਿਕਲਦਾ ਹੈ। ਕਿਸਾਨ ਆਮ ਤੌਰ ’ਤੇ ਹਰਿਆਣੇ ਤੋਂ ਆਏ ਬੀਜ ਦੀ ਖ਼ਰੀਦ ਨੂੰ ਬਹੁਤ ਤਰਜੀਹ ਦਿੰਦੇ ਹਨ ਪਰ ਹੁਣ ਹਰਿਆਣੇ ਦੇ ਬੀਜ ਵਿਚ ਬਹੁਤ ਮਿਲਾਵਟ ਹੋਣ ਕਾਰਨ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਕਿਸਾਨਾਂ ਅੰਦਰ ਹਰ ਸਾਲ ਨਵੀਂ ਕਿਸਮ ਬੀਜਣ ਦਾ ਰੁਝਾਨ ਵੀ ਵਧ ਰਿਹਾ ਹੈ, ਜਿਸ ਨਾਲ ਬਹੁਤ ਵਾਰ ਉਨ੍ਹਾਂ ਨਾਲ ਧੋਖਾ ਹੋ ਜਾਂਦਾ ਹੈ।

### ਮਿਲਾਵਟ ਦੇ ਕਾਰਨ

ਕਈ ਵਾਰ ਤਾਂ ਜਿਸ ਕਿਸਮ ਦਾ ਬੀਜ ਖ਼ਰੀਦਿਆ ਹੁੰਦਾ ਹੈ, ਉਹ ਉਸ ਕਿਸਮ ਦਾ ਨਹੀਂ ਨਿਕਲਦਾ ਜਾਂ 2-3 ਕਿਸਮਾਂ ਦਾ ਰਲਵਾਂ ਬੀਜ ਹੁੰਦਾ ਹੈ। ਇਸ ਦਾ ਮੁੱਖ ਕਾਰਨ ਬੀਜ ਉਤਪਾਦਕਾਂ ਦੁਆਰਾ ਫ਼ਸਲ ਦੀ ਕਟਾਈ ਤੋਂ ਪਹਿਲਾਂ ਕੰਬਾਈਨ ਦੀ ਸਫ਼ਾਈ ਨਾ ਕਰਨਾ, ਮੰਡੀ ਵਿੱਚੋਂ ਜਿਣਸ ਦੀ ਖ਼ਰੀਦ ਕਰ ਕੇ ਉਸ ਨੂੰ ਬੀਜ ਦੇ ਤੌਰ ’ਤੇ ਵੇਚਣਾ, ਕਟਾਈ ਤੋਂ ਪਹਿਲਾਂ ਫ਼ਸਲ ਵਿੱਚੋਂ ਹੋਰਨਾਂ ਕਿਸਮਾਂ ਦੇ ਬੂਟਿਆਂ ਦੀ ਕਟਾਈ ਨਾ ਕਰਨਾ, ਪੁਰਾਣੀਆਂ ਕਿਸਮਾਂ ਨੂੰ ਨਵੇਂ ਨਾਂ ਦੇ ਕੇ ਵੇਚਣਾ ਆਦਿ ਹਨ। ਨਵੀਆਂ ਕਿਸਮਾਂ ਦੀ ਮੰਗ ਹੋਣ ਕਾਰਨ ਵੀ ਕਈ ਵਾਰ ਕਿਸਾਨ ਦਾ ਆਰਥਿਕ ਸ਼ੋਸ਼ਣ ਹੁੰਦਾ ਹੈ। ਕੁਝ ਅਜਿਹੀਆਂ ਕਿਸਮਾਂ, ਜਿਨ੍ਹਾਂ ਦੀ ਪੰਜਾਬ ਲਈ ਸਿਫਾਰਸ਼ ਨਹੀਂ ਕੀਤੀ ਗਈ ਹੁੰਦੀ, ਉਨ੍ਹਾਂ ਨੂੰ ਨਿੱਜੀ ਅਦਾਰਿਆਂ ਵੱਲੋਂ ਨਵਾਂ ਨਾਂ ਦੇ ਕੇ ਮਹਿੰਗੇ ਭਾਅ ’ਤੇ ਵੇਚ ਦਿੱਤਾ ਜਾਂਦਾ ਹੈ।

### ਗ਼ੈਰ ਸਿਫਾਰਸ਼ੀ ਕਿਸਮਾਂ ਦੇ ਨੁਕਸਾਨ

ਮੌਜੂਦਾ ਸਮੇਂ ਬਾਜ਼ਾਰ ਵਿਚ ਨਿੱਜੀ ਅਦਾਰਿਆਂ ਵੱਲੋਂ ਕੁਝ ਗ਼ੈਰ ਸਿਫਾਰਸ਼ੀ ਕਿਸਮਾਂ, ਜਿਵੇਂ ਪੀਲੀ ਪੂਸਾ, ਗੋਲਡ-76, ਗੋਲਡੀ, ਜੀਕੇ-668, ਜੀਕੇ-4042, ਹਾਈਬ੍ਰਿਡ-47, ਹਰਿਤ ਕ੍ਰਾਂਤੀ-901 ਆਦਿ ਨਾਵਾਂ ਨਾਲ ਨਵੀਆਂ ਕਿਸਮਾਂ ਦਾ ਬੀਜ ਆਖ ਕੇ ਕਿਸਾਨਾਂ ਨੂੰ ਮਹਿੰਗੇ ਭਾਅ ’ਤੇ ਵੇਚਿਆ ਜਾ ਰਿਹਾ ਹੈ। ਇਨ੍ਹਾਂ ਕਿਸਮਾਂ ਦੀ ਪੀਏਯੂ ਵੱਲੋਂ ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਨਹੀਂ ਕੀਤੀ ਗਈ।

ਇਨ੍ਹਾਂ ਕਿਸਮਾਂ ਦੀ ਕਾਸ਼ਤ ਨਾਲ ਜਿੱਥੇ ਪੈਦਾਵਾਰ ਘੱਟ ਮਿਲਦੀ ਹੈ, ਉੱਥੇ ਇਨ੍ਹਾਂ ਉੱਪਰ ਬਿਮਾਰੀਆਂ ਤੇ ਕੀੜਿਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ। ਜਿਸ ਕਾਰਨ ਕਿਸਾਨਾਂ ਦਾ ਬਿਮਾਰੀਆਂ ਤੇ ਕੀੜਿਆਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਉੱਪਰ ਖ਼ਰਚਾ ਵਧ ਜਾਂਦਾ ਹੈ। ਇਸ ਨਾਲ ਬੱਚਤ ਵਿਚ ਗਿਰਾਵਟ ਆਉਂਦੀ ਹੈ। ਅਜਿਹੀਆਂ ਕਿਸਮਾਂ ਪੱਕਣ ਲਈ ਵੀ ਜ਼ਿਆਦਾ ਸਮਾਂ ਲੈਂਦੀਆਂ ਹਨ। ਜਿਸ ਕਾਰਨ ਇਨ੍ਹਾਂ ਕਿਸਮਾਂ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚ ਸਮਾਂ ਘੱਟ ਹੋਣ ਕਾਰਨ ਖੇਤ ਨੂੰ ਛੇਤੀ ਖਾਲੀ ਕਰਨ ਲਈ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ’ਚ ਵੀ ਵਾਧਾ ਹੁੰਦਾ ਹੈ। ਪਛੇਤੀਆਂ ਕਿਸਮਾਂ ਦੇ ਪੱਕਣ ਸਮੇਂ ਦਾਣਿਆਂ ਵਿਚ ਨਮੀ ਜ਼ਿਆਦਾ ਰਹਿਣ ਕਾਰਨ ਮੰਡੀਕਰਨ ਵਿਚ ਵੀ ਮੁਸ਼ਕਲ ਆਉਂਦੀ ਹੈ। ਇਨ੍ਹਾਂ ਦਾ ਵਾਜ਼ਬ ਮੁੱਲ ਵੀ ਨਹੀਂ ਮਿਲਦਾ। ਇਨ੍ਹਾਂ ਉੱਪਰ ਪਾਣੀ ਦੀ ਖਪਤ ਵੀ ਜ਼ਿਆਦਾ ਹੁੰਦੀ ਹੈ। ਇਨ੍ਹਾਂ ਉੱਪਰ ਭੂਰੇ ਟਿੱਡੇ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ।

### ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ

ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਸਿਫਾਰਸ਼ ਕੀਤੀਆਂ ਕਿਸਮਾਂ ਦੀ ਹੀ ਕਾਸ਼ਤ ਕਰਨੀ ਚਾਹੀਦੀ ਹੈ। 2016-17 ਵਿਚ ਪੀਏਯੂ ਵੱਲੋਂ ਪੀਆਰ-126 ਕਿਸਮ ਆਰਜ਼ੀ ਤੌਰ ’ਤੇ ਪੰਜਾਬ ਵਿਚ ਕਾਸ਼ਤ ਲਈ ਜਾਰੀ ਕੀਤੀ ਗਈ ਸੀ। ਇਹ ਕਿਸਮ ਪੱਕਣ ਲਈ 123 ਦਿਨ ਲੈਂਦੀ ਹੈ ਤੇ ਝੁਲਸ ਰੋਗ ਦੇ ਜੀਵਾਣੂਆਂ ਦੀਆਂ ਦਸ ਵਿੱਚੋਂ ਸੱਤ ਕਿਸਮਾਂ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਸ ਕਿਸਮ ਦਾ ਔਸਤ ਪੈਦਾਵਾਰ 30 ਕੁਇੰਟਲ ਪ੍ਰਤੀ ਏਕੜ ਹੈ।

ਇਹ ਅਕਤੂਬਰ ਦੇ ਪਹਿਲੇ ਹਫ਼ਤੇ ਪੱਕ ਕੇ ਤਿਆਰ ਹੋ ਜਾਂਦੀ ਹੈ, ਜਿਸ ਕਾਰਨ ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਵਿਚ ਵਧੇਰੇ ਸਮਾਂ ਮਿਲਣ ਕਾਰਨ ਪਰਾਲੀ ਦੀ ਸੰਭਾਲ ਵੀ ਸੌਖੀ ਹੋ ਜਾਂਦੀ ਹੈ। ਆਮ ਕਿਸਮਾਂ ਨਾਲੋਂ 20-25 ਦਿਨ ਪਹਿਲਾਂ ਪੱਕਣ ਕਾਰਨ ਇਸ ਦੀ ਸਿੰਚਾਈ ਉੱਪਰ ਜ਼ਮੀਨਦੋਜ਼ ਪਾਣੀ ਦੀ ਵੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਪੀਆਰ-124, ਪੀਆਰ-123, ਪੀਆਰ-122, ਪੀਆਰ-121, ਪੀਆਰ-114, ਪੀਆਰ-115, ਪੀਆਰ-113 ਕਿਸਮਾਂ ਦੀ ਵੀ ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ। ਬਾਸਮਤੀ ਦੀਆਂ ਪੂਸਾ-1121, ਪੂਸਾ ਬਾਸਮਤੀ-1509, ਪੰਜਾਬ ਬਾਸਮਤੀ ਨੰਬਰ-4, ਪੰਜਾਬ ਬਾਸਮਤੀ ਨੰਬਰ-5, ਸੀਐੱਸਆਰ-30, ਬਾਸਮਤੀ-386 ਤੇ ਬਾਸਮਤੀ-370 ਕਿਸਮਾਂ ਸਿਫਾਰਸ਼ ਕੀਤੀਆਂ ਗਈਆਂ ਹਨ। •

ਮੋਬਾਈਲ 94630-71919

### ਖ਼ਰੀਦ ਦਾ ਲਵੋ ਬਿੱਲ

*ਬੀਜ ਦੀ ਖ਼ਰੀਦ ਖੇਤੀਬਾੜੀ ਵਿਭਾਗ, ਪੀਏਯੂ ਜਾਂ ਲਾਇਸੰਸ-ਹੋਲਡਰ ਬੀਜ ਵਿਕ੍ਰੇਤਾ ਪਾਸੋਂ ਹੀ ਕਰੋ। ਇਸ ਵਾਰ ਪੀਆਰ-126 ਕਿਸਮ ਦੀ ਮੰਗ ਵਧੇਰੇ ਹੋਣ ਕਾਰਨ ਬੀਜ ਵਿਕ੍ਰੇਤਾ ਇਸ ਕਿਸਮ ਦੇ ਨਾਂ ਹੇਠ ਹੋਰ ਕਿਸੇ ਬੀਜ ਦੀ ਵਿਕਰੀ ਨਾ ਕਰਨ, ਇਸ ਲਈ ਕਿਸਾਨਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਬੀਜ ਦੀ ਖ਼ਰੀਦ ਸਮੇਂ ਬਿੱਲ ਜ਼ਰੂਰ ਲਵੋ ਤੇ ਇਸ ਨੂੰ ਸੰਭਾਲ ਕੇ ਰੱਖੋ। ਇਸ ਤੋਂ ਇਲਾਵਾ ਬੀਜ ਵਾਲਾ ਬੈਗ ਤੇ ਇਕ ਕਿੱਲੋ ਬੀਜ ਦਾ ਨਮੂਨਾ ਵੀ ਸਾਂਭ ਲਵੋ, ਤਾਂ ਜੋ ਬਾਅਦ ਵਿਚ ਜੇ ਕੋਈ ਸਮੱਸਿਆ ਆਵੇ ਤਾਂ ਲੋੜੀਦੀ ਕਾਰਵਾਈ ਸਮੇਂ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਜੇ ਘਰੇਲੂ ਪੱਧਰ ’ਤੇ ਝੋਨੇ ਜਾਂ ਬਾਸਮਤੀ ਦਾ ਬੀਜ ਸੰਭਾਲ ਕੇ ਰੱਖਿਆ ਹੈ ਤਾਂ ਉਸ ਦੀ ਖੇਤੀਬਾੜੀ ਵਿਭਾਗ ਦੀਆਂ ਬੀਜ ਪਰਖ ਪ੍ਰਯੋਗਸ਼ਾਲਾਵਾਂ ਤੋਂ ਪਰਖ ਕਰਵਾ ਲਈ ਜਾਵੇ। ਨਾਮਾਤਰ ਫੀਸ ਨਾਲ ਅਜਿਹੀ ਪਰਖ ਆਸਾਨੀ ਨਾਲ ਕਰਵਾਈ ਜਾ ਸਕਦੀ ਹੈ।*



# ਵਰਮੀਕੰਪੋਸਟ ਇਕ ਮੁਕੰਮਲ ਖਾਦ

• ਡਾ. ਸੁਖਦੀਪ ਸਿੰਘ ਹੁੰਦਲ

*ਦੇਸ਼ ’ਚ ਰਸਾਇਣਕ ਖਾਦਾਂ ਦਾ ਉਤਪਾਦਨ ਘੱਟ ਹੋਣ ਕਾਰਨ ਵਿਦੇਸ਼ਾਂ ’ਤੇ ਨਿਰਭਰਤਾ ਵਧੀ ਹੈ। ਖਾਦਾਂ ਦੀਆਂ ਕੀਮਤਾਂ ਵੀ ਅਸਮਾਨ ਛੋਹਣ ਲੱਗੀਆਂ ਹਨ। ਅਜਿਹੀ ਸਥਿਤੀ ਵਿਚ ਜ਼ਰੂਰੀ ਹੈ ਕਿ ਰਸਾਇਣਕ ਖਾਦਾਂ ਉੱਪਰ ਨਿਰਭਰਤਾ ਘਟਾਉਣ ਲਈ ਗੰਡੋਇਆਂ ਦੀ ਖਾਦ (ਵਰਮੀਕੰਪੋਸਟ) ਦੀ ਵਰਤੋਂ ਕੀਤੀ ਜਾਵੇ...*

ਅੱਜ ਜਦੋਂ ਵੀ ਉਤਪਾਦਨ ਵਿਚ ਵਾਧੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਸਭ ਤੋਂ ਪਹਿਲਾਂ ਸਾਡਾ ਧਿਆਨ ਰਸਾਇਣਕ ਖਾਦਾਂ ਦੀ ਵਰਤੋਂ ਵੱਲ ਹੀ ਜਾਂਦਾ ਹੈ, ਕਿਉਂਕਿ ਇਹ ਬਾਜ਼ਾਰ ਵਿੱਚੋਂ ਆਸਾਨੀ ਨਾਲ ਮਿਲ ਜਾਂਦੀ ਹੈ। ਰਸਾਇਣਕ ਖਾਦਾਂ ਵਿੱਚੋਂ ਤਿੰਨ ਮੁੱਖ ਤੱਤ-ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦੀ ਪੂਰਤੀ ਵਧੇਰੇ ਕੀਤੀ ਜਾਂਦੀ ਹੈ। ਇਨ੍ਹਾਂ ਤੱਤਾਂ ਦੀ ਲਗਾਤਾਰ ਵਰਤੋਂ ਕੀਤੇ ਜਾਣ ਕਾਰਨ ਜ਼ਮੀਨ ਦੀ ਭੌਤਿਕ ਸਥਿਤੀ ਅਤੇ ਪੈਦਾਵਾਰ ਉੱਪਰ ਮਾੜਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਤੀਜੇ ਵਜੋਂ ਜ਼ਮੀਨ ਵਿਚ ਲਘੂ ਤੱਤਾਂ ਅਤੇ ਜੈਵਿਕ ਤੱਤਾਂ ਦੀ ਘਾਟ ਕਾਰਨ ਜ਼ਮੀਨ ਦੀ ਸਿਹਤ ਵਿਚ ਲਗਾਤਾਰ ਵਿਗਾੜ ਪੈਦਾ ਹੋ ਰਹੇ ਹਨ।

### ਖਾਦ ਲਈ ਗੰਡੋਇਆਂ ਦੀ ਕਿਸਮ

ਗੰਡੋਆ ਖਾਦ ਤਿਆਰ ਕਰਨ ਲਈ ਗੰਡੋਏ ਦੀ ਕਿਸਮ ‘ਏਸੀਨੀਆ ਫੋਟਿਡਾ’ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਿਸਮ ਬਾਰੀ ਕਿਸਮਾਂ ਨਾਲੋਂ ਆਸਾਨੀ ਨਾਲ ਪਾਲੀ ਜਾ ਸਕਦੀ ਹੈ। ਇਸ ਦੀ ਲੰਬਾਈ 3-4 ਇੰਚ ਅਤੇ ਭਾਰ 0.5 ਤੋਂ 1.0 ਗ੍ਰਾਮ ਤਕ ਹੁੰਦਾ ਹੈ। ਇਹ ਕਿਸਮ ਘੱਟ ਸਮੇਂ ਵਿਚ ਆਪਣਾ ਨਸਲੀ ਵਾਧਾ ਕਰ ਲੈਂਦੀ ਹੈ ਅਤੇ ਨਤੀਜੇ ਵਜੋਂ ਇਸ ਕਿਸਮ ਦੇ ਗੰਡੋਏ ਜ਼ਲਦੀ ਖਾਦ ਤਿਆਰ ਕਰਦੇ ਹਨ।



### ਗੰਡੋਆ ਖਾਦ-ਸਮੇਂ ਦੀ ਮੁੱਖ ਲੋੜ

ਅਜੋਕੇ ਸਮੇਂ ਜਦੋਂ ਦੇਸ਼ ਵਿਚ ਰਸਾਇਣਕ ਖਾਦਾਂ ਦਾ ਉਤਪਾਦਨ ਘੱਟ ਹੋਣ ਕਾਰਨ ਵਿਦੇਸ਼ਾਂ ’ਤੇ ਨਿਰਭਰਤਾ ਵਧੀ ਹੈ। ਇਨ੍ਹਾਂ ਦੀਆਂ ਕੀਮਤਾਂ ਵੀ ਅਸਮਾਨ ਛੋਹਣ ਲੱਗੀਆਂ ਹਨ। ਅਜਿਹੀ ਸਥਿਤੀ ਵਿਚ ਇਹ ਜ਼ਰੂਰੀ ਹੋ ਗਿਆ ਹੈ ਕਿ ਰਸਾਇਣਕ ਖਾਦਾਂ ਉੱਪਰ ਨਿਰਭਰਤਾ ਘਟਾਈ ਜਾਵੇ ਅਤੇ ਜ਼ਮੀਨ ਵਿਚ ਕੁਦਰਤੀ ਖਾਦਾਂ, ਜਿਵੇਂ ਰੂੜੀ ਦੀ ਦੇਸੀ ਖਾਦ, ਹਰੀ ਖਾਦ ਅਤੇ ਗੰਡੋਇਆਂ ਦੀ ਖਾਦ (ਵਰਮੀਕੰਪੋਸਟ) ਦੀ ਵਰਤੋਂ ਕੀਤੀ ਜਾਵੇ ਤਾਂ ਜੋ ਜ਼ਮੀਨ ਨੂੰ ਲੋੜੀਂਦੇ ਸਾਰੇ ਪੌਸ਼ਟਿਕ ਤੱਤਾਂ ਦੀ ਪੂਰਤੀ ਦੇ ਨਾਲ-ਨਾਲ ਜੈਵਿਕ ਤੱਤਾਂ ਦੀ ਵੀ ਪੂਰਤੀ ਕੀਤੀ ਜਾ ਸਕੇ। ਰੂੜੀ ਦੀ ਦੇਸੀ ਖਾਦ ਘੱਟੋ ਘੱਟ ਇਕ ਸਾਲ ਪੁਰਾਣੀ ਹੋਣੀ ਚਾਹੀਦੀ ਹੈ। ਕੱਚਾ ਗੋਹਾ ਸਿਓਂਕ ਨੂੰ ਖੁੱਲ੍ਹਾ ਸੱਦਾ ਦੇਣ ਵਾਲੀ ਗੱਲ ਹੋਵੇਗੀ। ਘਣੀ ਖੇਤੀ ਕਾਰਨ ਹਰੀ ਖਾਦ ਦਾ ਰੁਝਾਨ ਵੀ ਘਟਦਾ ਜਾ ਰਿਹਾ ਹੈ। ਇਸ ਲਈ ਜ਼ਮੀਨ ਵਿੱਚੋਂ ਲਘੂ ਅਤੇ ਜੈਵਿਕ ਤੱਤਾਂ ਦੀ ਘਾਟ ਨੂੰ ਪੂਰਾ ਕਰਨ ਲਈ ਗੰਡੋਆ ਖਾਦ ਜਾਂ ਵਰਮੀਕੰਪੋਸਟ ਨੂੰ ਅਸੀ ਆਸਾਨੀ ਨਾ ਘਰ ਜਾਂ ਖੇਤ ਵਿਚ ਲੋੜ ਅਨੁਸਾਰ ਤਿਆਰ ਕਰ ਸਕਦੇ ਹਾਂ।

### ਕਿਵੇਂ ਤਿਆਰ ਕੀਤੀ ਜਾਵੇ ਖਾਦ?

ਗੰਡੋਆ ਖਾਦ ਤਿਆਰ ਕਰਨ ਲਈ ਅਜਿਹੀ ਥਾਂ ਦੀ ਚੋਣ ਕਰਨੀ ਚਾਹੀਦੀ ਹੈ ਜਿੱਥੇ ਪੱਕੇ ਸ਼ੈੱਡ ਜਾਂ ਕਾਨਿਆਂ ਦੀ ਛੰਨ ਜਾਂ ਦਰੱਖ਼ਤਾਂ ਦੀ ਛਾਂ ਹੋਵੇ ਤਾਂ ਕਿ ਗੰਡੋਇਆਂ ਨੂੰ ਸਿੱਧੀ ਧੁੱਪ, ਗਰਮੀ ਅਤੇ ਮੀਂਹ ਆਦਿ ਤੋਂ ਬਚਾਇਆ ਜਾ ਸਕੇ, ਕਿਉਂਕਿ ਗੰਡੋਏ ਆਪਣੀ ਚਮੜੀ ਰਾਹੀਂ ਆਕਸੀਜਨ ਲੈਂਦੇ ਹਨ ਅਤੇ ਸਿੱਧੀ ਧੁੱਪ ਪੈਣ ਨਾਲ ਇਹ ਮਰ ਜਾਂਦੇ ਹਨ। ਅਜਿਹੀ ਥਾਂ ’ਤੇ 10 ਫੁੱਟ ਲੰਬਾ, 3 ਫੁੱਟ ਚੌੜਾ ਅਤੇ 2.5 ਫੁੱਟ ਡੂੰਘਾ ਇੱਟਾਂ ਦਾ ਖੁਰਲੀਨੁਮਾ ਬੈੱਡ ਬਣਾਇਆ ਜਾਂਦਾ ਹੈ। ਬੈੱਡ ਦੀ ਲੰਬਾਈ ਜਗ੍ਹਾਂ ਅਨੁਸਾਰ ਵਧਾਈ ਜਾ ਸਕਦੀ ਹੈ ਪਰ ਚੌੜਾਈ ਅਤੇ ਉਚਾਈ ਏਨੀ ਹੀ ਰੱਖਣੀ ਚਾਹੀਦੀ ਹੈ। ਬੈੱਡ ਦੀ ਹੇਠਲੀ ਤਹਿ ’ਤੇ ਇੱਟਾਂ ਜਾਂ ਰੇਤ, ਸੀਮਿੰਟ, ਬਜਰੀ ਨਾਲ ਫਰਸ਼ ਲਾ ਦਿੱਤਾ ਜਾਂਦਾ ਹੈ ਤਾਂ ਜੋ ਗੰਡੋਏ ਜ਼ਮੀਨ ਵਿਚ ਨਾ ਜਾ ਸਕਣ। ਇਸ ਬੈੱਡ ਵਿਚ 2-3 ਦਿਨ ਪੁਰਾਣਾ ਗੋਹਾ, ਪੱਤੇ ਅਤੇ ਹੋਰ ਖੇਤੀ ਰਹਿੰਦ-ਖੂੰਹਦ ਪਾ ਦਿੱਤੀ ਜਾਂਦੀ ਹੈ।

ਇਸ ਬੈੱਡ ਵਿਚ ਇਕ ਵਰਗ ਮੀਟਰ ਰਕਬੇ ’ਚ ਲਗਪਗ ਇਕ ਹਜ਼ਾਰ ਗੰਡੋਏ ਪਾ ਦਿੱਤੇ ਜਾਂਦੇ ਹਨ। ਬੈੱਡ ਦਾ ਤਾਪਮਾਨ 25 ਤੋਂ 35 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਬੈੱਡ ਵਿਚ ਤਾਜ਼ਾ ਗੋਹਾ ਨਹੀਂ ਪਾਉਣਾ ਚਾਹੀਦਾ, ਕਿਉਂਕਿ ਇਸ ਦਾ ਤਾਪਮਾਨ ਵਧੇਰੇ ਹੋਣ ਕਾਰਨ ਗੰਡੋਏ ਮਰ ਸਕਦੇ ਹਨ। ਇਸ ਤੋਂ ਬਾਅਦ ਬੈੱਡ ਨੂੰ ਪੱਤਿਆਂ, ਬੋਰੀਆਂ ਆਦਿ ਨਾਲ ਢਕ ਦੇਣਾ ਚਾਹੀਦਾ ਹੈ ਤਾਂ ਕਿ ਗੰਡੋਏ ਹਨੇਰੇ ਵਿਚ ਰਹਿ ਕੇ ਪੱਤੇ ਅਤੇ ਗੋਹਾ ਆਦਿ ਖਾ ਕੇ ਖਾਦ ਬਣਾਉਂਦੇ ਰਹਿਣ।



*ਵਰਮੀਕੰਪੋਸਟ ਬੈੱਡ ਵਿਚ ਇਕ ਵਰਗ ਮੀਟਰ ਰਕਬੇ ’ਚ ਲਗਪਗ ਇਕ ਹਜ਼ਾਰ ਗੰਡੋਏ ਪਾ ਦਿੱਤੇ ਜਾਂਦੇ ਹਨ। ਬੈੱਡ ਦਾ ਤਾਪਮਾਨ 25 ਤੋਂ 35 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਬੈੱਡ ਵਿਚ ਤਾਜ਼ਾ ਗੋਹਾ ਨਹੀਂ ਪਾਉਣਾ ਚਾਹੀਦਾ...*

### ਵਰਮੀਕੰਪੋਸਟ ਦੇ ਫ਼ਾਇਦੇ

ਗੰਡੋਆ ਖਾਦ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਿਚ ਮਦਦ ਕਰਦੀ ਹੈ ਅਤੇ ਪਸ਼ੂਆਂ ਦਾ ਗੋਹਾ ਤੇ ਫ਼ਸਲੀ ਰਹਿੰਦ-ਖੂੰਹਦ ਦਾ ਵੀ ਵੀ ਉਚਿਤ ਨਿਪਟਾਰਾ ਹੋ ਜਾਂਦਾ ਹੈ। ਇਸ ਖਾਦ ਦੀ ਵਰਤੋਂ ਨਾਲ ਖੇਤੀ ਵਿਚ ਰਸਾਇਣਕ ਖਾਦਾਂ ’ਤੇ ਨਿਰਭਰਤਾ ਵੀ ਘਟੇਗੀ ਅਤੇ ਨਦੀਨ ਵੀ ਘੱਟ ਪੈਦਾ ਹੋਣਗੇ। ਇਸ ਤੋਂ ਇਲਾਵਾ ਸਿਉਂਕ ਦਾ ਖ਼ਤਰਾ ਵੀ ਘਟਦਾ ਹੈ ਅਤੇ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਹੁੰਦਾ ਹੈ।

ਗੰਡੋਆ ਖਾਦ ਵਿਚ 1.0 ਤੋਂ 2.25 ਫ਼ੀਸਦੀ ਨਾਈਟਰੋਜਨ, 1.0 ਤੋਂ 1.5 ਫ਼ੀਸਦੀ ਫਾਸਫੋਰਸ, 2.0 ਤੋਂ 3.0 ਫ਼ੀਸਦੀ ਪੋਟਾਸ਼ ਅਤੇ ਕੈਲਸ਼ੀਅਮ, ਮੈਗਨੀਸ਼ੀਅਮ, ਲੋਹਾ, ਜ਼ਿੰਕ, ਬੋਰੋਨ, ਤਾਂਬਾ ਆਦਿ ਲਘੂ ਤੱਤ ਵੀ ਕਾਫੀ ਮਾਤਰਾ ਵਿਚ ਹੁੰਦੇ ਹਨ। ਗੰਡੋਆ ਖਾਦ ਦੀ ਵਰਤੋਂ ਫ਼ਸਲਾਂ ਵਿਚ 20 ਕੁਇੰਟਲ ਪ੍ਰਤੀ ਏਕੜ, ਸਬਜ਼ੀਆਂ ਵਿਚ 15 ਤੋਂ 20 ਕੁਇੰਟਲ ਪ੍ਰਤੀ ਏਕੜ, ਫਲਦਾਰ ਬੂਟਿਆਂ ਨੂੰ 1 ਤੋਂ 20 ਕਿੱਲੋ (ਬੂਟੇ ਦੀ ਉਮਰ ਅਨੁਸਾਰ) ਅਤੇ ਗਮਲਿਆਂ ਨੂੰ 100 ਤੋਂ 250 ਗ੍ਰਾਮ ਪ੍ਰਤੀ ਪੌਦਾ ਪਾਉਣੀ ਚਾਹੀਦੀ ਹੈ।

ਬਾਗ਼ਬਾਨੀ ਵਿਭਾਗ ਪੰਜਾਬ ਵੱਲੋਂ ਗੰਡੋਆ ਖਾਦ ਤਿਆਰ ਕਰਨ ਵਾਸਤੇ ਬੈੱਡ ਬਣਾਉਣ ਲਈ ਵਿੱਤੀ ਸਹਾਇਤਾ ਦਿੰਦਾ ਹੈ। ਕਿਸਾਨ ਅਤੇ ਬਾਗ਼ਬਾਨ ਇਸ ਦਾ ਲਾਭ ਲੈ ਸਕਦੇ ਹਨ।

ਮੋਬਾਈਲ 75080-18842

### ਦੋ ਮਹੀਨੇ ’ਚ ਤਿਆਰ ਹੋਵੇਗੀ ਵਰਮੀਕੰਪੋਸਟ

ਬੈੱਡ ਵਿਚ 40-60 ਫ਼ੀਸਦੀ ਨਮੀ ਰੱਖਣ ਲਈ ਗਰਮੀਆਂ ਵਿਚ ਦੋ ਵਾਰ ਅਤੇ ਸਰਦੀਆਂ ਵਿਚ ਇਕ ਵਾਰ ਪਾਣੀ ਦਾ ਛਿੜਕਾਅ ਜ਼ਰੂਰ ਕਰਨਾ ਚਾਹੀਦਾ ਹੈ। ਗੰਡੋਏ ਬੈੱਡ ਵਿਚ ਗੋਹੇ ਅਤੇ ਹੋਰ ਰਹਿੰਦ-ਖੂੰਹਦ ਨੂੰ ਖਾਂਦੇ ਹੋਏ ਉੱਪਰ ਤੋਂ ਹੇਠਾਂ ਵੱਲ ਜਾਂਦੇ ਰਹਿੰਦੇ ਹਨ ਅਤੇ ਇਸ ਨੂੰ ਦੋ ਮਹੀਨਿਆਂ ਵਿਚ ਖਾਦ ’ਚ ਤਬਦੀਲ ਕਰ ਦਿੰਦੇ ਹਨ। ਜਦੋਂ ਖਾਜ ਭੁਰਭੁਰੀ ਜਿਹੀ ਹੋ ਜਾਵੇ ਤਾਂ ਬੈੱਡ ਨੂੰ ਪਾਣੀ ਲਗਾਉਣਾ ਬੰਦ ਕਰ ਦੇਵੋ ਤਾਂ ਕਿ ਗੰਡੋਏ ਹੇਠਾਂ ਵੱਲ ਚਲੇ ਜਾਣ। ਬੈੱਡ ਦੇ ਉੱਪਰਲੀ ਖਾਦ ਇਕੱਠੀ ਕਰ ਲਵੋ ਅਤੇ ਗੰਡੋਇਆਂ ਨੂੰ ਬੈੱਡ ਵਿਚ ਹੀ ਇਕ ਪਾਸੇ ਛਾਨਣੇ ਨਾਲ ਛਾਣ ਕੇ ਵੱਖ ਕਰ ਦੇਵੋ। ਇਸ ਤਰ੍ਹਾਂ ਇਕ ਚੱਕਰ ਪੂਰਾ ਹੋ ਜਾਂਦਾ ਹੈ। ਮੁੜ ਬੈੱਡ ਵਿਚ ਗੋਹਾ ਅਤੇ ਜੈਵਿਤ ਰਹਿੰਦ-ਖੂੰਹਦ ਪਾਕੇ ਕੇ ਇਸ ਵਿਚ ਗੰਡੋਏ ਰਲਾ ਦੇਵੋ।

## ਸੰਪਾਦਕੀ

### ਫ਼ਲਸਤੀਨ ਪੱਖੀ ਪ੍ਰਦਰਸ਼ਨ

ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ’ਚ ਫ਼ਲਸਤੀਨ ਦੇ ਹੱਕ ਵਿੱਚ ਰੋਸ ਪ੍ਰਦਰਸ਼ਨਾਂ ’ਤੇ ਕੀਤੀ ਗਈ ਸਖ਼ਤ ਕਾਰਵਾਈ ਮਹਿਜ਼ ਕਾਨੂੰਨੀ ਤੌਰ ’ਤੇ ਕੀਤੀ ਗਈ ਸਖ਼ਤੀ ਦਾ ਮਾਮਲਾ ਨਹੀਂ ਹੈ; ਬਲਕਿ ਇਹ ਵਿਚਾਰਾਂ ਦੇ ਪ੍ਰਗਟਾਵੇ ਅਤੇ ਅਕਾਦਮਿਕ ਆਜ਼ਾਦੀ ਦੇ ਬੁਨਿਆਦੀ ਸਿਧਾਂਤਾਂ ਉੱਤੇ ਹਮਲੇ ਦੇ ਤੁੱਲ ਹੈ। ਫ਼ਲਸਤੀਨ ਨਾਲ ਇਕਜੁੱਟਤਾ ਜ਼ਾਹਿਰ ਕਰਨ ’ਤੇ ਸੈਂਕੜੇ ਵਿਦਿਆਰਥੀਆਂ ਦੀ ਗ੍ਰਿਫ਼ਤਾਰੀ, ਕਈਆਂ ਨੂੰ ਵਿਦਿਅਕ ਅਦਾਰਿਆਂ ’ਚੋਂ ਕੱਢਣ ਤੇ ਅਨੁਸ਼ਾਸਨੀ ਕਾਰਵਾਈ ਦੀ ਦਿੱਤੀ ਗਈ ਚਿਤਾਵਨੀ ਦੇ ਮੱਦੇਨਜ਼ਰ ਇਹ ਜਾਣਨਾ ਬਹੁਤ ਅਹਿਮ ਹੈ ਕਿ ਵਿਰੋਧ ਦੇ ਸੁਰਾਂ ਨੂੰ ਦਬਾਉਣ ਨਾਲ ਬੇਇਨਸਾਫ਼ੀ ਦੇ ਜ਼ਖ਼ਮ ਹੋਰ ਡੂੰਘੇ ਹੋਣਗੇ ਤੇ ਉਨ੍ਹਾਂ ਕਦਰਾਂ-ਕੀਮਤਾਂ ਦਾ ਵੀ ਘਾਣ ਹੋਵੇਗਾ ਜਿਨ੍ਹਾਂ ਦੀ ਅਮਰੀਕਾ ਹਾਮੀ ਭਰਦਾ ਰਿਹਾ ਹੈ। ਇਨ੍ਹਾਂ ਰੋਸ ਪ੍ਰਦਰਸ਼ਨਾਂ ਦੇ ਧੁਰ ਅੰਦਰ ਇਨਸਾਫ਼ ਦੀ ਮੰਗ ਪਈ ਹੈ। ਵਿਦਿਆਰਥੀ ਆਪਣੀਆਂ ਯੂਨੀਵਰਸਿਟੀਆਂ ਤੋਂ ਮੰਗ ਕਰ ਰਹੇ ਹਨ ਕਿ ਉਨ੍ਹਾਂ ਕੰਪਨੀਆਂ ਨਾਲੋਂ ਨਾਤਾ ਤੋੜਿਆ ਜਾਵੇ ਜਿਹੜੀਆਂ ਫ਼ਲਸਤੀਨੀਆਂ ਦੇ ਦਮਨ ’ਚ ਇਜ਼ਰਾਈਲ ਨਾਲ ਰਲੀਆਂ ਹੋਈਆਂ ਹਨ। ਗਾਜ਼ਾ ਵਿੱਚ ਜਾਰੀ ਹਿੰਸਾ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਵਿਦਿਆਰਥੀਆਂ ਵੱਲੋਂ ਅਪਣਾਇਆ ਗਿਆ ਇਹ ਇੱਕ ਤਰ੍ਹਾਂ ਦਾ ਨੈਤਿਕ ਰੁਖ਼ ਹੈ।

ਇਨ੍ਹਾਂ ਦੀਆਂ ਸ਼ਿਕਾਇਤਾਂ ’ਤੇ ਦਿਲੋਂ ਗੌਰ ਕਰਨ ਦੀ ਬਜਾਏ ਪ੍ਰਸ਼ਾਸਨ ਨੇ ਸਖ਼ਤੀ ਦੇ ਹੱਥਕੰਡੇ ਅਪਣਾਏ ਹਨ ਤੇ ਆਪਣੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਵਿਦਿਆਰਥੀਆਂ ’ਤੇ ਯਹੂਦੀ ਵਿਰੋਧੀ ਭਾਵਨਾਵਾਂ ਰੱਖਣ ਦੇ ਦੋਸ਼ ਲਾਏ ਹਨ। ਇਜ਼ਰਾਇਲੀ ਕਾਰਵਾਈ ਦੀ ਆਲੋਚਨਾ ਦਾ ਮਤਲਬ ਇਹ ਨਹੀਂ ਹੈ ਕਿ ਕੋਈ ਯਹੂਦੀਆਂ ਦੇ ਵਿਰੁੱਧ ਬੋਲ ਰਿਹਾ ਹੈ। ਮਨੁੱਖੀ ਅਧਿਕਾਰਾਂ ਤੇ ਕੌਮਾਂਤਰੀ ਕਾਨੂੰਨਾਂ ਦੇ ਸਿਧਾਂਤਾਂ ’ਚ ਦਰਜ ਬੇਇਨਸਾਫ਼ੀ ਵਿਰੁੱਧ ਰੋਸ ਜਤਾਉਣ ਦਾ ਇਹ ਇੱਕ ਵਾਜਬ ਢੰਗ ਹੈ। ਇਜ਼ਰਾਇਲੀ ਸਰਕਾਰ ਦੀ ਆਲੋਚਨਾ ਨੂੰ ਯਹੂਦੀਆਂ ਵਿਰੁੱਧ ਨਫ਼ਰਤ ਵਜੋਂ ਪੇਸ਼ ਕਰਕੇ ਨਿੰਦਕ ਇਸ ਅਸਹਿਮਤੀ ਨੂੰ ਨਾਜਾਇਜ਼ ਦੱਸਣਾ ਅਤੇ ਇਜ਼ਰਾਈਲ ਨੂੰ ਜਵਾਬਦੇਹੀ ਤੋਂ ਬਚਾਉਣਾ ਚਾਹੁੰਦੇ ਹਨ।

ਯੂਨੀਵਰਸਿਟੀ ਪ੍ਰਸ਼ਾਸਨਾਂ ਤੇ ਕਾਨੂੰਨੀ ਏਜੰਸੀਆਂ ਦੀ ਪ੍ਰਤੀਕਿਰਿਆ ਚਿੰਤਾਜਨਕ ਹੈ। ਸ਼ਾਂਤੀਪੂਰਨ ਰੋਸ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਤਾਕਤ ਦੀ ਵਰਤੋਂ ਉਨ੍ਹਾਂ ਲੋਕਰਾਜੀ ਕਦਰਾਂ-ਕੀਮਤਾਂ ਦਾ ਘਾਣ ਹੈ, ਜਿਨ੍ਹਾਂ ਨੂੰ ਕਾਇਮ ਰੱਖਣ ਲਈ ਇਹ ਉੱਚ ਸਿੱਖਿਆ ਸੰਸਥਾਵਾਂ ਸਥਾਪਿਤ ਹੋਈਆਂ ਹਨ। ਅਜਿਹਾ ਮਾਹੌਲ ਸਿਰਜਣ ਦੀ ਬਜਾਏ ਜਿੱਥੇ ਵੰਨ-ਸੁਵੰਨੇ ਵਿਚਾਰਾਂ ਨੂੰ ਆਜ਼ਾਦੀ ਨਾਲ ਜ਼ਾਹਿਰ ਕੀਤਾ ਜਾ ਸਕੇ, ਇਹ ਕਾਰਵਾਈ ਡੂੰਘਾ ਅਸਰ ਛੱਡੇਗੀ, ਵਿਦਿਅਕ ਅਦਾਰਿਆਂ ’ਚ ਚਰਚਾਵਾਂ ਤੇ ਵਿਰੋਧ ਦੇ ਸੁਰ ਦੀ ਸੰਘੀ ਘੁੱਟਣ ਦਾ ਮੁੱਢ ਬੰਨ੍ਹੇਗੀ। ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਨੇ ਵੀ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਰੁੱਧ ਕੀਤੀ ਗ਼ੈਰਵਾਜਬ ਕਾਰਵਾਈ ’ਤੇ ਚਿੰਤਾ ਜਤਾਈ ਹੈ। ਉਨ੍ਹਾਂ ਸ਼ਾਂਤੀਪੂਰਨ ਇਕੱਤਰਤਾ ਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਦੇ ਮਹੱਤਵ ਉੱਤੇ ਜ਼ੋਰ ਦਿੱਤਾ ਹੈ। ਅਮਰੀਕਾ ਨੂੰ ਵਿਰੋਧ ਇਸ ਤਰ੍ਹਾਂ ਦਬਾਉਣਾ ਨਹੀਂ ਚਾਹੀਦਾ; ਬਲਕਿ ਇਸ ਨੂੰ ਆਸ ਦੀ ਕਿਰਨ ਬਣਨਾ ਚਾਹੀਦਾ ਤੇ ਹਰੇਕ ਨੂੰ ਨਿਆਂ ਅਤੇ ਆਜ਼ਾਦੀ ਦੇਣ ਦੇ ਸਿਧਾਂਤਾਂ ’ਤੇ ਖ਼ੁਦ ਵੀ ਪਹਿਰਾ ਦੇਣਾ ਚਾਹੀਦਾ ਹੈ।

### ਕੋਵਿਡ ਵੈਕਸੀਨ ਦੇ ਉਲਟ ਅਸਰ

ਐਸਟਰਾਜ਼ੈਨੇਕਾ (ਏਜ਼ੀ) ਬਰਤਾਨੀਆ ਦੀ ਇੱਕ ਪ੍ਰਮੁੱਖ ਦਵਾ ਕੰਪਨੀ ਹੈ, ਜਿਸ ਨੇ ਹੁਣ ਇਹ ਕਬੂਲ ਕੀਤਾ ਹੈ ਕਿ ਉਸ ਵੱਲੋਂ ਕੋਵਿਡ-19 ਦੀ ਬਣਾਈ ਗਈ ਵੈਕਸੀਨ ਦੇ ‘ਕੁਝ ਖ਼ਾਸ ਸੂਰਤਾਂ’ ਵਿੱਚ ਉਲਟ ਅਸਰ ਹੋ ਸਕਦੇ ਹਨ। ਲੰਡਨ ਵਿੱਚ ਹਾਈਕੋਰਟ ਆਫ ਜਸਟਿਸ ਵਿੱਚ ਇੱਕ ਕੇਸ ਦੀ ਸੁਣਵਾਈ ਦੌਰਾਨ ਇਹ ਖ਼ੁਲਾਸਾ ਹੋਇਆ ਹੈ। ਇਕਵੰਜਾ ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ ‘ਏਜ਼ੀ’ ਦੀ ਵੈਕਸੀਨ ਲਗਵਾਉਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਜੀਆਂ ਅਤੇ ਮਿੱਤਰ ਪਿਆਰਿਆਂ ਨੂੰ ਟੀਟੀਐਸ (ਥਰੌਂਬੋਸਿਸ ਵਿਦ ਥਰੌਂਬੋਸਾਇਟੋਪੇਨੀਆ ਸਿੰਡਰੋਮ) ਦੇ ਅਸਰ ਹੋਏ ਸਨ। ਇਸ ਸਿੰਡਰੋਮ ਤਹਿਤ ਮਰੀਜ਼ਾਂ ਵਿੱਚ ਖ਼ੂਨ ਦੇ ਥੱਕੇ ਬਣਨ ਜਾਂ ਖ਼ੂਨ ਦੇ ਪਲੇਟਲੈਟਸ ਬਹੁਤ ਜ਼ਿਆਦਾ ਘਟਣ ਦੇ ਲੱਛਣ ਦਿਖਾਈ ਦਿੰਦੇ ਹਨ; ਇਸ ਨਾਲ ਜਾਨ ਲਈ ਖ਼ਤਰਾ ਬਣਨ ਵਾਲੇ ਲੱਛਣਾਂ ਵਿੱਚ ਬ੍ਰੇਨ ਡੈਮੇਜ, ਦਿਲ ਦਾ ਦੌਰਾ, ਫੇਫੜਿਆਂ ਦੀ ਸੋਜ਼ਿਸ਼ ਅਤੇ ਅੰਗ ਖੜ੍ਹਨਾ ਆਦਿ ਸ਼ਾਮਲ ਹਨ। ਪਟੀਸ਼ਨਰਾਂ ਨੇ ਬਰਤਾਨੀਆ ਦੇ ਖ਼ਪਤਕਾਰ ਸੁਰੱਖਿਆ ਕਾਨੂੰਨ ਤਹਿਤ ਕੰਪਨੀ ਤੋਂ ਹਰਜਾਨੇ ਦੀ ਮੰਗ ਕੀਤੀ ਹੈ ਅਤੇ ਪਤਾ ਲੱਗਿਆ ਹੈ ਕਿ ਉਨ੍ਹਾਂ ਅਜਿਹੇ ਸਬੂਤ ਹਾਸਲ ਕਰ ਲਏ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਇਸ ਵੈਕਸੀਨ ਕਰ ਕੇ ਉਨ੍ਹਾਂ ਦੇ ਰਿਸ਼ਤੇਦਾਰਾਂ/ਸਨੇਹੀਆਂ ਦੀ ਜਾਨ ਗਈ ਸੀ ਜਾਂ ਉਨ੍ਹਾਂ ਦਾ ਨੁਕਸਾਨ ਹੋਇਆ ਸੀ।

ਇਹ ਕੇਸ ਭਾਰਤ ਲਈ ਵੀ ਬਹੁਤ ਅਹਿਮੀਅਤ ਰੱਖਦਾ ਹੈ ਕਿਉਂਕਿ ਭਾਰਤ ਵਿੱਚ ਪੁਣੇ ਦੀ ਕੰਪਨੀ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਐਸਟਰਾਜ਼ੈਨੇਕਾ ਨਾਲ ਮਿਲ ਕੇ ਕੋਵਿਡ 19 ਲਈ ਕੋਵੀਸ਼ੀਲਡ ਵੈਕਸੀਨ ਤਿਆਰ ਕੀਤੀ ਸੀ। ਕੋਵਿਡ ਕਾਲ ਦੌਰਾਨ ਭਾਰਤ ਵਿੱਚ ਕਰੀਬ 90 ਫ਼ੀਸਦੀ ਤੋਂ ਵੱਧ ਲੋਕਾਂ ਨੂੰ ਵੈਕਸੀਨ ਲਗਾਈ ਗਈ ਸੀ। ਹਾਲਾਂਕਿ ‘ਏਜ਼ੀ’ ਨੇ ਆਖਿਆ ਸੀ ਕਿ ਉਸ ਲਈ ਮਰੀਜ਼ਾਂ ਦੀ ਸੁਰੱਖਿਆ ਸਭ ਤੋਂ ਉਪਰ ਹੈ, ਪਰ ਭਾਰਤ ਦੇ ਲੋਕਾਂ ਅੰਦਰ ਵੀ ਕੋਵੀਸ਼ੀਲਡ ਵੈਕਸੀਨ ਨੂੰ ਲੈ ਕੇ ਜੋ ਸ਼ੱਕ ਸ਼ੁਬਹੇ ਪੈਦਾ ਹੋਏ ਹਨ, ਉਨ੍ਹਾਂ ਦੀ ਪੂਰੀ ਜਾਂਚ ਕਰਵਾਏ ਜਾਣ ਦੀ ਲੋੜ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਸੀ ਜਿੱਥੇ ਇੱਕ ਪਟੀਸ਼ਨਰ ਨੇ ਵੈਕਸੀਨ ਦੇ ਉਲਟ ਅਸਰਾਂ ਦੀ ਜਾਂਚ ਲਈ ਮੈਡੀਕਲ ਮਾਹਿਰਾਂ ਦੀ ਇੱਕ ਕਮੇਟੀ ਕਾਇਮ ਕਰਨ ਬਾਬਤ ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੂੰ ਇਹ ਬੇਨਤੀ ਵੀ ਕੀਤੀ ਗਈ ਸੀ ਕਿ ਉਹ ਕੇਂਦਰ ਸਰਕਾਰ ਨੂੰ ਵੈਕਸੀਨ ਦੇ ਨੁਕਸਾਨ ਦੀ ਭਰਪਾਈ ਲਈ ਇੱਕ ਅਜਿਹਾ ਸਿਸਟਮ ਕਾਇਮ ਕਰਨ ਦਾ ਹੁਕਮ ਦੇਵੇ ਜੋ ਕੋਵਿਡ ਵੈਕਸੀਨ ਕਾਰਨ ਅਪੰਗ ਹੋਏ ਜਾਂ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰ ਸਕੇ।

ਬੇਸ਼ੱਕ ਕੋਵਿਡ ਮਹਾਮਾਰੀ ਦੇ ਦਿਨਾਂ ਵਿੱਚ ਵੈਕਸੀਨ ਦੇ ਕਾਫ਼ੀ ਫਾਇਦੇ ਵੀ ਹੋਏ ਸਨ ਪਰ ਇਸ ਦੇ ਉਲਟ ਅਸਰ ਬਾਰੇ ਜੋ ਸ਼ੰਕੇ ਉਠ ਰਹੇ ਹਨ, ਉਨ੍ਹਾਂ ਕਰ ਕੇ ਇਸ ਦੀ ਸੁਰੱਖਿਆ ’ਤੇ ਵੱਡਾ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਇਸ ਦੇ ਨਾਲ ਹੀ ਰੈਗੂਲੇਟਰੀ ਸੰਸਥਾਵਾਂ ਦੀ ਭੂਮਿਕਾ ਵੀ ਸੁਆਲਾਂ ਦੇ ਘੇਰੇ ਵਿੱਚ ਆ ਗਈ ਹੈ ਜਿਨ੍ਹਾਂ ਦਾ ਜ਼ਿੰਮਾ ਹਰ ਤਰ੍ਹਾਂ ਦੀਆਂ ਦਵਾਈਆਂ ਅਤੇ ਵੈਕਸੀਨਾਂ ਦੀ ਸੁਰੱਖਿਅਤ ਵਰਤੋਂ ਯਕੀਨੀ ਬਣਾਉਣਾ ਹੁੰਦਾ ਹੈ। ਕੋਵਿਡ ਦੀ ਵੈਕਸੀਨ ਲਗਵਾਉਣ ਲਈ ਇੱਕ ਤਰ੍ਹਾਂ ਲੋਕਾਂ ਨੂੰ ਮਜਬੂਰ ਕਰ ਦਿੱਤਾ ਗਿਆ ਸੀ।

ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਨਾਲ ਹੀ ਜਵਾਬਦੇਹੀ ਨਿਰਧਾਰਤ ਕੀਤੀ ਜਾਵੇਗੀ ਤਾਂ ਕਿ ਅਗਾਂਹ ਤੋਂ ਇਸ ਸਬੰਧ ਵਿੱਚ ਵਧੇਰੇ ਪਾਰਦਰਸ਼ਤਾ ਹੋ ਸਕੇ।

# ਫ਼ਲਸਤੀਨ ਮੁਕਤੀ ਲਹਿਰ ਅਤੇ ਇਰਾਨ

**ਵਾਪੱਲਾ ਬਾਲਚੰਦਰਨ**



ਵਾਸ਼ਿੰਗਟਨ ਡੀਸੀ ਸਥਿਤ ਪਾਪੂਲੇਸ਼ਨ ਰੈਫਰੈਂਸ ਬਿਊਰੋ (ਪੀਆਰਬੀ) ਮੁਤਾਬਿਕ ਪੱਛਮੀ ਕੰਢੇ (ਵੈਸਟ ਬੈਂਕ) ਅਤੇ ਗਾਜ਼ਾ ਦੇ ਜ਼ਿਆਦਾਤਰ ਵਸਨੀਕ ਅਰਬ ਮੂਲ ਦੇ ਫ਼ਲਸਤੀਨੀ ਹਨ। ਪੱਛਮੀ ਕੰਢੇ ਦੇ 92 ਫ਼ੀਸਦੀ ਤੇ ਗਾਜ਼ਾ ਦੇ 99 ਫ਼ੀਸਦੀ ਲੋਕ ਸੁੰਨੀ ਮੁਸਲਮਾਨ ਹਨ ਅਤੇ ਬਾਕੀ ਈਸਾਈ ਹਨ। ਇਹ 2002 ਦੇ ਅੰਕੜੇ ਹਨ। ਪੀਆਰਬੀ ਦਾ ਕਹਿਣਾ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ 2.14 ਲੱਖ ਯਹੂਦੀ ਵੀ ਰਹਿੰਦੇ ਹਨ। ਉਨ੍ਹਾਂ ਇਲਾਕਿਆਂ ਵਿੱਚ ਵੱਡੇ ਪੱਧਰ ’ਤੇ ‘ਗ਼ੈਰਕਾਨੂੰਨੀ’ ਯਹੂਦੀਆਂ ਨੂੰ ਵਸਾਉਣ ਦੇ ਰੁਝਾਨ ਤੋਂ ਬਾਅਦ ਸੰਭਵ ਹੈ ਕਿ ਹੁਣ ਤੱਕ ਆਬਾਦੀ ਦੇ ਮੁਹਾਂਦਰੇ ਵਿੱਚ ਬਦਲਾਅ ਆ ਗਿਆ ਹੋਵੇ। ਉਂਝ, ਸੀਆਈਏ ਦੀ ‘ਵਰਲਡ ਫੈਕਟ ਬੁੱਕ’ (2024) ਮੁਤਾਬਿਕ ਫ਼ਲਸਤੀਨੀਆਂ ਦੀ ਧਾਰਮਿਕ ਬਣਤਰ ਵਿੱਚ ਕੋਈ ਬਦਲਾਅ ਨਹੀਂ ਆਇਆ। ਸੁਆਲ ਪੈਦਾ ਹੁੰਦਾ ਹੈ ਕਿ ਇਰਾਨ ਵਰਗਾ ਮੁਲਕ ਜਿਸ ਦੀ 95 ਫ਼ੀਸਦੀ ਆਬਾਦੀ ਸ਼ੀਆ ਹੈ, ਉਹ ਇਜ਼ਰਾਈਲ ਖ਼ਿਲਾਫ਼ ਫ਼ਲਸਤੀਨੀਆਂ ਦੇ ਸੰਘਰਸ਼ ਦਾ ਅਲੰਬਰਦਾਰ ਕਿਵੇਂ ਬਣ ਗਿਆ।

ਸੰਨ 1948 ਵਿੱਚ ਜਦੋਂ ਇਜ਼ਰਾਈਲ ਦੀ ਕਾਇਮੀ ਹੋਈ ਸੀ ਤਾਂ ਉਦੋਂ ਇਰਾਨ ਤੇ ਇਜ਼ਰਾਈਲ ਵਿਚਕਾਰ ਦੋਸਤਾਨਾ ਰਿਸ਼ਤੇ ਸਨ। 2019 ਦੇ ਬਰੁਕਿੰਗਜ਼ ਪੇਪਰ ਵਿੱਚ ਕਿਹਾ ਗਿਆ ਸੀ ਕਿ ਇਤਿਹਾਸਕ ਤੌਰ ’ਤੇ ਫਾਰਸੀਆਂ ਤੇ ਯਹੂਦੀਆਂ ਦੇ ਸਬੰਧ ਦੋਸਤਾਨਾ ਬਣੇ ਰਹੇ ਹਨ ਕਿਉਂਕਿ ਇਰਾਨ ਹੀ ਇਕਮਾਤਰ ਮੁਲਕ ਸੀ ਜੋ ਇਸ ਦੇ ਗਠਨ ਦਾ ਵਿਰੋਧ ਕਰਨ ਵਾਲੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਵਿੱਚ ਸ਼ਾਮਲ ਨਹੀਂ ਹੋਇਆ ਸੀ। ਇਸ ਤੋਂ ਇਲਾਵਾ ਇਜ਼ਰਾਈਲ ਦੇ ਪਹਿਲੇ ਪ੍ਰਧਾਨ ਮੰਤਰੀ ਡੇਵਿਡ ਬਿਨ ਗੁਰੀਓਨ ਦੇ ‘ਪੈਰੀਫਰੀ ਸਿਧਾਂਤ’ ਵਿੱਚ ਇਰਾਨ ਫਿੱਟ ਬੈਠਦਾ ਸੀ ਜਿਸ ਦਾ ਮੰਤਵ ਇਜ਼ਰਾਇਲੀ ਲੇਖਕ ਯੌਸੀ ਐਲਫਰ ਮੁਤਾਬਿਕ ਬਦਲਵੀਆਂ ਖੇਤਰੀ ਤਾਕਤਾਂ ਨਾਲ ਸਬੰਧ ਕਾਇਮ ਕਰਕੇ ਅਰਬਾਂ ਦੀ ਦੁਸ਼ਮਣੀ ਦਾ ਟਾਕਰਾ ਕਰਕੇ ਸਿਆਸੀ ਸੁਰੱਖਿਆ ਹਾਸਲ ਕਰਨੀ ਸੀ।

ਬਿਨ ਗੁਰੀਓਨ ਨੇ ਤੁਰਕੀ ਤੇ ਇਰਾਨ ਜਿਹੇ ਗ਼ੈਰ-ਅਰਬ ਦੇਸ਼ਾਂ ਨਾਲ ਸਬੰਧ ਬਣਾਏ ਜਿਨ੍ਹਾਂ ਦੇ ਇਸਮਤ ਇਨੋਨੂ ਅਤੇ ਮੁਹੰਮਦ ਰਜ਼ਾ ਪਹਿਲਵੀ ਜਿਹੇ ਸ਼ਾਸਕਾਂ ਦਾ ਪੱਛਮ ਪੱਖੀ ਰੁਝਾਨ ਰਿਹਾ ਸੀ। 1967 ਅਤੇ 1973 ਦੀਆਂ ਅਰਬ-ਇਜ਼ਰਾਇਲੀ ਜੰਗਾਂ ਦੌਰਾਨ ਇਰਾਨ ਇਜ਼ਰਾਇਲੀ ਸਬੰਧਾਂ ਨੇ ਰਣਨੀਤਕ ਗਹਿਰਾਈ ਵੀ ਹਾਸਲ ਕਰ ਲਈ ਸੀ ਜਿਸ ਦੇ ਅਧੀਨ ਟ੍ਰਾਂਸ-ਅਟਲਾਂਟਿਕ ਆਇਲ ਜਿਹੇ ਸਾਂਝੇ ਪ੍ਰਾਜੈਕਟ ਪਨਾਮਾ ਅਤੇ ਸਵਿਟਜ਼ਰਲੈਂਡ ਵਿੱਚ ਕਾਇਮ ਕੀਤੇ ਗਏ ਜਦੋਂ ਅਰਬ ਤੇਲ ਉਤਪਾਦਕਾਂ ਨੇ ਇਜ਼ਰਾਈਲ ਉੱਪਰ ਪਾਬੰਦੀਆਂ ਲਗਾ ਦਿੱਤੀਆਂ ਸਨ। ਨਿਊਯਾਰਕ ਟਾਈਮਜ਼ ਦੀ 1 ਅਪਰੈਲ 1986 ਦੇ ਹਵਾਲੇ ਨਾਲ ‘ਨਿਊ ਅਰਬ’ ਦੀ 23 ਅਕਤੂਬਰ 2023 ਦੀ ਇੱਕ ਰਿਪੋਰਟ ਅਨੁਸਾਰ ਸਵਾਕ-ਮੋਸਾਦ (ਦੋਵੇਂ ਦੇਸ਼ਾਂ ਦੀਆਂ ਖ਼ੁਫ਼ੀਆ ਏਜੰਸੀਆਂ) ਵਿਚਕਾਰ ਸਹਿਯੋਗ ਤੋਂ ਇਲਾਵਾ ਐਡਵਾਂਸਡ ਮਿਸਾਈਲ ਸਿਸਟਮ ਮੁਤੱਲਕ ‘ਪ੍ਰਾਜੈਕਟ ਫਲਾਵਰ’ ਨਾਮੀ ਇੱਕ ਗੁਪਤ ਇਜ਼ਰਾਇਲੀ-ਇਰਾਨੀ ਪ੍ਰਾਜੈਕਟ ਵੀ ਚੱਲ ਰਿਹਾ ਸੀ।

ਉਸੇ ਸਮੇਂ ਤੁਦੇਹ ਪਾਰਟੀ ਅਤੇ ‘ਫੈਦਾਈਨ ਗੁਰੀਲਿਆਂ’ ਦੀ ਅਗਵਾਈ ਹੇਠ ਖੱਬੇ ਪੱਖੀ ਇਰਾਨੀ ਬਾਗ਼ੀਆਂ, ਜਿਨ੍ਹਾਂ ਨੂੰ ਸਵਾਕ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਨੇ ਜੌਰਡਨ ਅਤੇ ਲਿਬਨਾਨ ਵਿੱਚ ਫ਼ਲਸਤੀਨੀਆਂ ਦੇ ‘ਅਲ ਫਤਿਹ’ ਪੱਖੀ ਲਹਿਰ ਵਿੱਚ ਸ਼ਾਮਲ ਹੋ ਕੇ ਗੁਰੀਲਾ ਯੁੱਧ ਕਲਾ ਵਿੱਚ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਇਜ਼ਰਾਇਲੀ ਫ਼ੌਜ ਖ਼ਿਲਾਫ਼ ‘ਅਲ ਫਤਿਹ’ ਦੇ ਹਥਿਆਰਬੰਦ ਅਪਰੇਸ਼ਨ ਵਿੱਚ ਵੀ ਹਿੱਸਾ ਲਿਆ ਸੀ। ਉਂਝ, ਇਹ ਖੱਬੇ ਪੱਖੀ ਕ੍ਰਾਂਤੀ ਬਹੁਤੀ ਦੇਰ ਟਿਕ ਨਾ ਸਕੀ। ਦੂਜੇ ਪਾਸੇ, ਇਰਾਨੀ ਸਮਾਜ ਦੇ ਆਧੁਨਿਕੀਕਰਨ ਲਈ ਸ਼ਾਹ ਰਜ਼ਾ ਪਹਿਲਵੀ ਵੱਲੋਂ ਚਲਾਈ ‘ਸਫ਼ੇਦ ਕ੍ਰਾਂਤੀ’ ਦੀ ਨਾਕਾਮੀ ਤੋਂ ਬਾਅਦ ਆਇਤੁੱਲ੍ਹਾ ਰੂਹੱਲਾ ਖਮੀਨੀ ਦੀ ਅਗਵਾਈ ਹੇਠ ਮਜ਼ਹਬੀ ਗਰੁੱਪਾਂ ਨੇ ਅੰਦੋਲਨ ਸ਼ੁਰੂ ਕਰ ਦਿੱਤਾ ਸੀ। ਸ਼ਾਹ ਨੂੰ 16 ਜਨਵਰੀ 1979 ਨੂੰ ਇਰਾਨ ਛੱਡ ਕੇ ਦੌੜਨਾ ਪਿਆ ਅਤੇ ਖਮੀਨੀ ਨੇ 1 ਫਰਵਰੀ ਨੂੰ ਇਰਾਨ ਪਹੁੰਚ ਕੇ ਅਗਵਾਈ ਸੰਭਾਲ ਲਈ ਸੀ।

ਇਰਾਨ ਵਿੱਚ 17 ਫਰਵਰੀ 1979 ਨੂੰ ਆਇਆ ਪਹਿਲਾ ਵਿਦੇਸ਼ੀ ਆਗੂ ‘ਅਲ ਫਤਿਹ’ ਦਾ ਰਹਿਨੁਮਾ ਯਾਸਰ ਅਰਾਫ਼ਾਤ ਸੀ। 1970 ਦੇ ‘ਬਲੈਕ ਸਤੰਬਰ’ ਅਪਰੇਸ਼ਨ ਵਿੱਚ ਉਸ ਨੂੰ ਕਰਾਰੀ ਸ਼ਿਕਸਤ ਦਾ ਮੂੰਹ ਦੇਖਣਾ ਪਿਆ ਸੀ। ਹਾਲਾਂਕਿ ਲਿਬਨਾਨ ਨੇ ਉਸ ਨੂੰ ਆਪਣੀ ਧਰਤੀ ’ਤੇ ਸਰਗਰਮੀ ਦੀ ਇਜਾਜ਼ਤ ਦਿੱਤੀ ਹੋਈ ਸੀ, ਪਰ ਉਸ ਨੂੰ ਕਿਸੇ ਹੋਰ ਦੇਸ਼ ਤੋਂ ਮਦਦ ਦਰਕਾਰ ਸੀ। ਇਸ ਦਾ ਆਧਾਰ 2 ਨਵੰਬਰ 1969 ਦਾ ਕਾਹਿਰਾ ਸਮਝੌਤਾ ਸੀ ਜਿਸ ਦੀ ਮਿਸਰ ਦੇ ਰਾਸ਼ਟਰਪਤੀ ਗਮਾਲ ਅਬਦਲ ਨਾਸਰ ਵੱਲੋਂ ਹਮਾਇਤ ਕੀਤੀ ਗਈ ਸੀ। ਇਸ ਸਮਝੌਤੇ ਤਹਿਤ ਲਿਬਨਾਨ ਨੇ ਸੰਯੁਕਤ ਰਾਸ਼ਟਰ ਰਾਹਤ ਤੇ ਕਾਰਜ ਏਜੰਸੀ ਅਧੀਨ ਯਾਸਰ ਅਰਾਫ਼ਾਤ ਦੀ ਜਥੇਬੰਦੀ ਪੀਐਲਓ ਨੂੰ ਤਿੰਨ ਲੱਖ ਫ਼ਲਸਤੀਨੀ ਸ਼ਰਨਾਰਥੀਆਂ ਲਈ 16 ਕੈਂਪ ਖੋਲ੍ਹਣ ਦੀ ਆਗਿਆ ਦਿੱਤੀ ਸੀ।

ਹੌਲੀ ਹੌਲੀ ਇਹ ਰਾਹਤ ਕੈਂਪ ਹਰ ਤਰ੍ਹਾਂ ਦੇ ਕ੍ਰਾਂਤੀਕਾਰੀਆਂ ਦੇ ਸਿਖਲਾਈ ਕੇਂਦਰ ਬਣ ਗਏ ਜਿਨ੍ਹਾਂ ਵਿੱਚ ਲਿਬਰੇਸ਼ਨ ਮੂਵਮੈਂਟ ਆਫ ਇਰਾਨ ਜਿਹੇ ਮਜ਼ਹਬੀ ਇਨਕਲਾਬੀ, ‘ਐ ਖ਼ਲਕ’ ਜਿਹੇ ਇਸਲਾਮੀ-ਮਾਰਕਸੀ ਮੁਜਾਹਿਦੀਨ ਅਤੇ ਆਇਤੁੱਲ੍ਹਾ ਖਮੀਨੀ ਦੇ ਇਸਲਾਮੀ ਪੈਰੋਕਾਰ ਸ਼ਾਮਲ ਸਨ। ਉਸ ਦੌਰ ਦੇ ਇਰਾਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਰਾਨ ਦੀ ‘ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼’ ਦਾ ਗਠਨ ਅਰਾਫ਼ਾਤ ਵੱਲੋਂ ਲਿਬਨਾਨੀ ਪੀਐਲਓ ਆਗੂ ਅਨੀਸ ਨਕਸ਼ ਰਾਹੀਂ ਦਿੱਤੀ ਸਲਾਹ ਦਾ ਸਿੱਟਾ ਸੀ। ਨਕਸ਼ ਨੇ ਕਾਰਲੋਸ ਦਿ ਜੈਕਾਲ ਰਾਹੀਂ 1975 ਵਿੱਚ ਵੀਏਨਾ ਵਿਖੇ ਓਪੇਕ ਦੇ ਤੇਲ ਮੰਤਰੀਆਂ ਨੂੰ ਬੰਧਕ ਬਣਾਉਣ ਦੇ ਅਪਰੇਸ਼ਨ ਦੀ ਅਗਵਾਈ ਕੀਤੀ ਸੀ। ਨਕਸ਼, ਖਮੀਨੀ ਦੇ ਕਰੀਬੀ ਜਲਾਲਦੀਨ ਫ਼ਾਰਸੀ ਨਾਲ ਮਿਲ ਕੇ ਕੰਮ ਕਰਦਾ ਸੀ ਤੇ ਫ਼ਾਰਸੀ ਇਰਾਨ ਵਿੱਚ ਖਮੀਨੀ ਦੇ ਸ਼ੁਰੂਆਤੀ ਉਥਲ ਪੁਥਲ ਦੇ ਦਿਨਾਂ ਵਿੱਚ ਬਗ਼ਾਵਤ ਵਿਰੋਧੀ ਕਾਰਜਾਂ ਵਿੱਚ ਲੱਗਿਆ ਹੋਇਆ ਸੀ। ਬਾਅਦ ਵਿੱਚ ਨਕਸ਼ ਨੇ ਇਮਾਦ ਮੁਗ਼ਨਿਯੇਹ ਨੂੰ ਭਰਤੀ ਕੀਤਾ ਸੀ ਜੋ ਹਿਜ਼ਬੁੱਲ੍ਹਾ ਦਾ ਸਿਰਮੌਰ ਆਗੂ ਬਣ ਗਿਆ ਸੀ ਅਤੇ 1992 ਅਤੇ 1994 ਵਿੱਚ ਅਰਜਨਟੀਨਾ ਵਿੱਚ ਬੰਬ ਧਮਾਕੇ ਕੀਤੇ ਸਨ।

‘ਆਈਆਰਜੀਸੀ’ ਇਸ ਸਮੇਂ ਇਰਾਨ ਦੀ ਮੁੱਖ ਲੜਾਕੂ ਫੋਰਸ ਬਣੀ ਹੋਈ ਹੈ ਜਿਸ ਦੇ ਦਸਤਿਆਂ ਦੀ ਸੰਖਿਆ ਦੋ ਲੱਖ ਦੇ ਕਰੀਬ ਹੈ ਤੇ ਵਿਦੇਸ਼ੀ ਕਾਰਵਾਈਆਂ ਦੀ ਦੇਖ-ਰੇਖ ‘ਕੁਦਸ ਫੋਰਸ’ ਦੇ ਜ਼ਿੰਮੇ ਹੈ। ਵਿਦੇਸ਼ੀ ਸਬੰਧਾਂ ਬਾਰੇ ਕੌਂਸਲ ਦੇ 17 ਅਪਰੈਲ 2024 ਨੂੰ ਅਪਡੇਟ ਹੋਏ ਇੱਕ ਪੇਪਰ ਵਿੱਚ ਕਿਹਾ ਗਿਆ ਹੈ ਕਿ ਇਸ ਦੇ ਬਹਿਰੀਨ, ਇਰਾਕ, ਲਿਬਨਾਨ (ਹਿਜ਼ਬੁੱਲ੍ਹਾ), ਫ਼ਲਸਤੀਨੀ ਖੇਤਰਾਂ (ਹਮਾਸ ਤੇ ਇਸਲਾਮਿਕ ਜਹਾਦ), ਸੀਰੀਆ ਅਤੇ ਯਮਨ ਵਿੱਚ ਖੇਤਰੀ ਸਹਿਯੋਗੀ ਹਨ। ਇਸ ਪੇਪਰ ਵਿੱਚ ਸੈਂਟਰ ਫਾਰ ਸਟ੍ਰੈਟਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਵੱਲੋਂ 2020 ਦੇ ਇੱਕ ਅਨੁਮਾਨ ਦਾ ਹਵਾਲਾ ਦਿੱਤਾ ਗਿਆ ਹੈ ਕਿ ‘ਆਈਆਰਜੀਸੀ ਗੁਪਤ ਸਰਗਰਮੀਆਂ ਲਈ ਫੰਡਿੰਗ ਵਾਸਤੇ ਸਮੁੱਚੇ ਇਰਾਨ ਵਿੱਚ ਅਰਥਚਾਰੇ ਦੇ ਸਾਰੇ ਖੇਤਰਾਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਕੰਟਰੋਲਰ ਬਣ ਗਈ ਹੈ।’

ਯੂਐੱਸ ਵੈਸਟ ਪੁਆਇੰਟ ਮਿਲਟਰੀ ਅਕੈਡਮੀ ਵਿਚਲੇ ਕੰਬੈਟਿੰਗ ਟੈਰਰਿਜ਼ਮ ਸੈਂਟਰ (ਸੀਟੀਸੀ) ਵੱਲੋਂ ਦਸੰਬਰ 2023 ਦੇ ਇੱਕ ਪੇਪਰ ਵਿੱਚ ਕਿਹਾ ਗਿਆ ਹੈ ਕਿ ਆਈਆਰਜੀਸੀ ਜੁੜਵੇਂ ਗਰੁੱਪਾਂ ਅਤੇ ਸਾਂਝੇ ਅਪਰੇਸ਼ਨ ਕੇਂਦਰਾਂ ਰਾਹੀਂ ਆਪਣੀਆਂ ਵਿਦੇਸ਼ੀ ਸਰਗਰਮੀਆਂ ਦੀ ਵਿਉਂਤ ਬਣਾਉਂਦੀ ਹੈ। ਇਸ ਪੇਪਰ ਵਿੱਚ ਆਈਆਰਜੀਸੀ ਦੇ ਕੰਟਰੋਲ ਅਧੀਨ ਅਲ ਫਤਿਹ ਦੇ ਟੁੱਟਵੇਂ ਗਰੁੱਪਾਂ ਅਤੇ ਖੱਬੇ ਪੱਖੀ ਤੇ ਇਸਲਾਮੀ ਗਰੁੱਪਾਂ ਨੂੰ ਜ਼ਿਆਦਾ ਵਫ਼ਾਦਾਰ, ਫ਼ੌਜੀ ਤੌਰ ’ਤੇ ਵਧੇਰੇ ਇਕਜੁੱਟ ਅਤੇ ਸਿਆਸੀ ਤੌਰ ’ਤੇ ਜਵਾਬਦੇਹ ਨੈੱਟਵਰਕਾਂ ਵਿੱਚ ਸ਼ੁਮਾਰ ਕੀਤਾ ਗਿਆ ਹੈ। ਇਸ ਦਾ ਪਹਿਲਾ ਤਜਰਬਾ 1991 ਵਿੱਚ ਹੋਇਆ ਸੀ ਜਦੋਂ ਇਸ ਨੇ ਤਹਿਰਾਨ ਦੀ ਮਦਦ ਨਾਲ ਫ਼ਲਸਤੀਨ ਵਿੱਚ ਇਸਲਾਮੀ ਕ੍ਰਾਂਤੀ ਦੇ ਹੱਕ ਵਿੱਚ ਵਿਸ਼ਵ ਕਾਨਫਰੰਸ ਵਿੱਚ ‘ਟੈੱਨ ਰਜਿਸਟੈਂਸ ਆਰਗੇਨਾਈਜ਼ੇਸ਼ਨ’ ਦਾ ਗਠਨ ਕੀਤਾ ਸੀ।

ਸਤੰਬਰ 2023 ਵਿੱਚ ਹਮਾਸ ਅਤੇ ਇਸਲਾਮਿਕ ਜਹਾਦ ਨੇ ਬੈਰੂਤ ਵਿੱਚ ਇੱਕ ਸਾਂਝਾ ਅਪਰੇਸ਼ਨ ਰੂਮ (ਜੇਓਆਰ) ਸ਼ੁਰੂ ਕੀਤਾ ਸੀ। ਹਿਜ਼ਬੁੱਲ੍ਹਾ ਅਤੇ ਹਮਾਸ ਦਾ ਇੱਕ ਹੋਰ ਸਾਂਝਾ ਅਪਰੇਸ਼ਨਲ ਸੈਂਟਰ 2021 ਤੋਂ ਕੰਮ ਕਰ ਰਿਹਾ ਸੀ। ਸੀਟੀਸੀ ਮੁਤਾਬਿਕ ਹਿਜ਼ਬੁੱਲ੍ਹਾ ਦੀਆਂ ਇਰਾਨ ਅਤੇ ਇਰਾਕ, ਸੀਰੀਆ, ਯਮਨ ਵਿੱਚ ਇਰਾਨ ਪੱਖੀ ਸੰਗਠਨਾਂ ਅਤੇ ਫ਼ਲਸਤੀਨੀ ਗਰੁੱਪਾਂ ਦਰਮਿਆਨ ਜੇਓਆਰ ਦੀ ਕੋਆਰਡੀਨੇਟਰ ਵਜੋਂ ਸੇਵਾਵਾਂ ਲਈਆਂ ਜਾ ਰਹੀਆਂ ਸਨ। ਸੀਟੀਸੀ ਦੇ ਪੇਪਰ ਵਿੱਚ ਗਾਜ਼ਾ ਵਿੱਚ ਹਮਾਸ ਦੇ ਮਿਲਟਰੀ ਕਮਾਂਡਰ ਯਾਹੀਆ ਅਲ ਸਿਨਵਾਰ ਵੱਲੋਂ ਨਵੰਬਰ 2018 ਨੂੰ ਦਿੱਤੇ ਇਸ ਬਿਆਨ ਦਾ ਹਵਾਲਾ ਵੀ ਦਿੱਤਾ ਗਿਆ ਹੈ ਕਿ ਜੇਓਆਰ ਮੁਕਤੀ ਸੈਨਾ ਦੇ ਧੁਰੇ ਦਾ ਕੰਮ ਕਰੇਗਾ। ਨਤੀਜਤਨ, ਜੇਓਆਰ ਨੇ ਨਵੰਬਰ 2018 ਅਤੇ 2019 ਵਿੱਚ ਇਜ਼ਰਾਈਲ ਉਪਰ ਰਾਕੇਟ ਦਾਗਣ ਦੇ ਸਾਂਝੇ ਅਪਰੇਸ਼ਨਾਂ ਦਾ ਜ਼ਿੰਮਾ ਲਿਆ ਸੀ।ਹੈਰਾਨੀ ਦੀ ਗੱਲ ਇਹ ਹੈ ਕਿ ਸੀਟੀਸੀ ਨੇ ਜੇਓਆਰ ਦੇ ਟੈਲੀਗ੍ਰਾਮ ਚੈਨਲਾਂ ਰਾਹੀਂ 29 ਦਸੰਬਰ 2020 ਨੂੰ ਪ੍ਰਸਾਰਿਤ ਕੀਤੇ ਗਏ ਪ੍ਰਾਪੇਗੰਡਾ ਪੇਪਰਾਂ ਨੂੰ ਵੀ ਪੇਸ਼ ਕੀਤਾ ਹੈ ਜਿਨ੍ਹਾਂ ਵਿੱਚ ਰਾਕੇਟ ਦਾਗਣ, ਇੱਕ ਟੈਂਕ ’ਚੋਂ ਆਈਡੀਐਫ ਦੇ ਦਸਤੇ ਨੂੰ ਬੰਧਕ ਬਣਾਉਣ, ਛੋਟੇ ਢਾਂਚਿਆਂ ’ਤੇ ਹਮਲਾ ਕਰਨ, ਇਰਾਨ ਦੀ ਬਣੀ ਮਿਸਗਾਹ ਮੈਨਪੈਡਜ਼ ਨੂੰ ਤਾਇਨਾਤ ਕਰਨ ਅਤੇ ਇਰਾਨੀ ਨਿਰਮਿਤ ਏਐੱਮ 50 ਰਾਈਫਲ ਚਲਾਉਣ ਦੇ ਅਭਿਆਸ ਵਰਤੇ ਗਏ ਹਨ। ਪੇਪਰ ਵਿੱਚ ਸਾਹਿਲੀ ਟਿਕਾਣਿਆਂ ’ਤੇ ਹਮਲਾ ਕਰਨ ਲਈ ਲੜਾਕਾ ਤੈਰਾਕਾਂ ਅਤੇ ਸਮੁੰਦਰ ਵਿੱਚ ਨਕਲੀ ਇਜ਼ਰਾਇਲੀ ਬਲਾਂ ਉਪਰ ‘ਜੇਓਆਰ’ ਦੇ ਲੜਾਕਿਆਂ ਦੇ ਹਮਲੇ ਦੇ ਅਭਿਆਸ ਦੀਆਂ ਵੀਡੀਓਜ਼ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਇਨ੍ਹਾਂ ਮਸ਼ਕਾਂ ਬਾਬਤ 27 ਦਸੰਬਰ 2020 ਦੀ ‘ਲੌਂਗ ਵਾਰ ਜਰਨਲ’ ਵਿੱਚ ਜੋਅ ਟਰੂਜ਼ਮੈਨ ਦੀ ਲਿਖਤ ਦਾ ਹਵਾਲਾ ਵੀ ਦਿੱਤਾ ਗਿਆ ਹੈ। ਹਮਾਸ ਵੱਲੋਂ 7 ਅਕਤੂਬਰ 2023 ਨੂੰ ਕੀਤੇ ਗਏ ਹਮਲੇ ਵਿੱਚ ਇਨ੍ਹਾਂ ਸਾਰੇ ਅਭਿਆਸਾਂ ਦਾ ਇਸਤੇਮਾਲ ਕੀਤਾ ਗਿਆ ਸੀ। ਸੁਆਲ ਇਹ ਹੈ ਕਿ ਜਦੋਂ 2020 ਤੋਂ ਹੀ ਸਾਰੀ ਜਾਣਕਾਰੀ ਉਪਲੱਬਧ ਸੀ ਤਾਂ ਇਜ਼ਰਾਇਲੀ ਸੂਹੀਆ ਤੰਤਰ ਇਸ ਬਾਰੇ ਕੀ ਕਰ ਰਿਹਾ ਸੀ?

# ਵਿਧਾਇਕ ਰੰਧਾਵਾ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ੀਰਕਪੁਰ ਵਿਖੇ ਸੁਸਾਇਟੀ ਦੇ ਪ੍ਰਧਾਨਾਂ ਅਤੇ ਵਸਨੀਕਾਂ ਨਾਲ ਕੀਤੀ ਮੁਲਾਕਾਤ

**➢ ਲੋਕਾਂ ਨੇ ਕਿਹਾ ਸਾਡੇ ਘਰ ਨੂੰ ਡੁੱਬਣ ਤੋਂ ਬਚਾਓ, ਜ਼ੀਰਕਪੁਰ ’ਚ ਸਾਰੀ ਉਮਰ ਦੀ ਕਮਾਈ ਲਗਾ ਕੇ ਪਛਤਾ ਰਹੇ ਹਾਂ, ਰੰਧਾਵਾ ਨੇ ਦਿੱਤਾ ਭਰੋਸਾ ➢ ਪ੍ਰਧਾਨ ’ਤੇ ਵਾਰਡ ਦਾ ਕੰਮ ਰੋਕ ਵਿਧਾਇਕ ਤੋਂ ਕਰਵਾਉਣ ਲਈ ਧਮਕਾਉਣ ਦੇ ਦੋਸ਼**

**ਜ਼ੀਰਕਪੁਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਧਾਇਕ ਰੰਧਾਵਾ ਨੇ ਜ਼ੀਰਕਪੁਰ ਦੀਆਂ ਵੱਖ-ਵੱਖ ਸੁਸਾਇਟੀਆਂ ਦੇ ਮੁਖੀਆਂ ਅਤੇ ਵਸਨੀਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸ਼ਹਿਰ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਵਟਾਂਦਰਾ ਕੀਤਾ। ਬੁੱਧਵਾਰ ਨੂੰ ਹੋਈ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਆਪਣੀਆਂ ਸਮੱਸਿਆਵਾਂ ਦੱਸਿਆ, ਜਿਨ੍ਹਾਂ ਨੇ ਰੰਧਾਵਾ ਨਾਲ ਚਰਚਾ ਕਰਦਿਆਂ ਹੱਲ ਕਰਨ ਦਾ ਭਰੋਸਾ ਮੰਗਿਆ।

ਮੀਟਿੰਗ ਦੌਰਾਨ ਜ਼ੀਰਕਪੁਰ ਦੇ ਵਸਨੀਕਾਂ ਨੇ ਸ਼ਹਿਰ ਵਿੱਚ ਨਿਕਾਸੀ ਦੀ ਮਾੜੀ ਵਿਵਸਥਾ ਕਾਰਨ ਉਨ੍ਹਾਂ ਦੇ ਘਰਾਂ ਦੇ ਪਾਣੀ ਵਿੱਚ ਡੁੱਬਣ ਦੇ ਵੱਧ ਰਹੇ ਖਤਰੇ ਬਾਰੇ ਚਿੰਤਾ ਪ੍ਰਗਟਾਈ। ਬਹੁਤ ਸਾਰੇ ਵਸਨੀਕਾਂ ਨੇ ਜ਼ੀਰਕਪੁਰ ਵਿੱਚ ਆਪਣੀ ਸਾਰੀ ਜ਼ਿੰਦਗੀ ਦੀ ਬੱਚਤ ਨਿਵੇਸ਼ ਕਰਨ ’ਤੇ ਅਫਸੋਸ ਪ੍ਰਗਟ ਕੀਤਾ ਅਤੇ ਵਿਧਾਇਕ ਰੰਧਾਵਾ ਨੂੰ ਆਪਣੇ ਘਰ ਬਚਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ।

ਇਸ ਦੇ ਜਵਾਬ ਵਿੱਚ ਵਿਧਾਇਕ ਰੰਧਾਵਾ ਨੇ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਮਸਲੇ ਦਾ ਹੱਲ ਕੱਢਣ ਲਈ ਯਤਨਸ਼ੀਲ ਹਨ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇੱਥੋਂ ਤੱਕ ਕਿ ਸਾਬਕਾ ਵਿਧਾਇਕ ਐਨ.ਕੇ.ਸ਼ਰਮਾ ਜੋ ਹੁਣ ਪਟਿਆਲਾ ਤੋਂ ਅਕਾਲੀ ਦਲ ਦੇ ਉਮੀਦਵਾਰ ਹਨ, ਆਪਣੀ ਦਾਦੀ ਸਾਵਿਤਰੀ ਦੇਵੀ ਦੇ ਨਾਂ ’ਤੇ ਬਣਾਈ ਸੁਸਾਇਟੀ ਨੂੰ ਹੀ ਮੀਂਹ ਵਿੱਚ ਡੁੱਬਣ ਤੋਂ ਨਹੀਂ ਬਚਾ ਸਕੇ। ਉਨ੍ਹਾਂ ਸ਼ਰਮਾ ਨੂੰ ਸਵਾਲ ਕੀਤਾ ਕਿ ਅਕਾਲੀ ਦਲ ਇਹ ਤਾਂ ਸਪਸ਼ਟ ਕਰੇ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਤੋਂ ਬਾਅਦ ਤਾਨਾਸ਼ਾਹ ਪ੍ਰਧਾਨਮੰਤਰੀ ਮੋਦੀ ਦਾ ਸਮਰਥਨ ਕਰ ਰਹੀ ਹੈ ਜ਼ਾ ਲੋਕਤੰਤਰ ਅਤੇ ਸੰਵਿਧਾਨ ਦੀ ਰਾਖੀ ਕਰਨ ਲਈ ਲੜ ਰਹੇ ਇੰਡੀਆ ਗਠਬੰਧਨ ਦਾ।

ਇਸ ਦੌਰਾਨ ਲੋਕਾਂ ਨੇ ਨਗਰ ਕੌਂਸਲ ਪ੍ਰਧਾਨ ’ਤੇ ਉਨ੍ਹਾਂ ਦੇ ਵਾਰਡ ਦੇ ਕੌਂਸਲਰਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਿਆਸੀ ਰੰਜਿਸ਼ ਦੇ ਚੱਲਦਿਆਂ ਉਨ੍ਹਾਂ ਦੇ ਵਾਰਡ ਦੇ ਕੰਮ ਰੁਕਵਾਉਣ ਅਤੇ ਵਿਧਾਇਕ ਤੋਂ ਕੰਮ ਕਰਵਾਉਣ ਲਈ ਧਮਕੀਆਂ ਦੇਣ ਦੇ ਦੋਸ਼ ਲਾਏ। ਮੀਟਿੰਗ ਵਿੱਚ ਹਾਜ਼ਰ ਜਿਆਦਾਤਰ ਨਿਵਾਸੀਆਂ ਨੇ ਕਿਹਾ ਕਿ ਨਗਰ ਕੌਂਸਲ ਪ੍ਰਧਾਨ ਜਾਣ-ਬੁੱਝ ਕੇ ਸੁਆਸੀ ਕਿੜ ਖੜ੍ਹਣ ਲਈ ਕੰਮ ਨਹੀਂ ਹੋਣ ਦਿੰਦਾ।

ਉਧਰ, ਵਿਧਾਇਕ ਰੰਧਾਵਾ ਨੇ ਲੋਕਾਂ ਨੂੰ ਸ਼ਾਂਤ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਤਸਵੀਰ ਵੱਲ ਧਿਆਨ ਦੇਣ ਅਤੇ ਸ਼ਹਿਰ ਦੀ ਬਿਹਤਰੀ ਲਈ ਕੰਮ ਕਰਨ ਲਈ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਬਲਬੀਰ ਸਿੰਘ ਦਾ ਸਾਥ ਦੇਣ। ਵਿਧਾਇਕ ਰੰਧਾਵਾ ਨੇ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਨੇ 2022 ’ਚ ਝਾੜੂ ਫੇਰਿਆ ਸੀ, ਉਸ ਹੀ ਤਰੀਕੇ ਨਾਲ ਇਕ ਵਾਰ ਮੁੜ ਝਾੜੂ ਚਲਾਉਣ ਦੀ ਲੋੜ ਹੈ ਤਾਂ ਜੋ ਬਾਕੀ ਬਚੀ ਸਿਆਸੀ ਗੰਦਗੀ ਵੀ ਦੂਰ ਕੀਤੀ ਜ਼ਾ ਸਕੇ।

ਰੰਧਾਵਾ ਨੇ ਕਿਹਾ ਕਿ ਜਦੋਂ ’ਆਪ’ ਸੱਤਾ ’ਚ ਆਈ ਸੀ ਤਾਂ 13 ਕਾਂਗਰਸੀ ਕੌਂਸਲਰ ਆਮ ਆਦਮੀ ਪਾਰਟੀ ’ਚ ਸ਼ਾਮਲ ਹੋ ਗਏ ਸਨ ਅਤੇ ਪ੍ਰਧਾਨ ਦੀ ਕੁਰਸੀ ਖਤਰੇ ਵਿੱਚ ਆ ਗਈ ਸੀ, ਜਿਸ ਨੂੰ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ.ਸ਼ਰਮਾ ਦੇ ਭਰਾਵਾਂ ਸਮੇਤ ਹੋਰ ਕੌਂਸਲਰਾਂ ਨੇ ਬਚਾ ਲਿਆ ਅਤੇ ਪਿਛਲੇ 2 ਸਾਲਾਂ ਤੋਂ ਸ਼ਹਿਰ ਵਿੱਚ ਜਾਣਬੁੱਝ ਕੇ ਕੰਮ ਨਹੀਂ ਹੋਣ ਦਿੱਤੇ ਜਾ ਰਿਹਾ ਤਾਂ ਜੋ ਆਮ ਆਦਮੀ ਪਾਰਟੀ ਨੂੰ ਬਦਨਾਮ ਕੀਤਾ ਜਾ ਸਕੇ ਪਰ ਜ਼ੀਰਕਪੁਰ ਦੇ ਲੋਕ ਸੂਝਵਾਨ ਹਨ ਜੋ ਹੁਣ ਲੋਕਸਭਾ ਚੋਣਾਂ ਵਿੱਚ ਕਾਂਗਰਸ ਅਤੇ ਅਕਾਲੀ ਦਲ ਦਾ ਸਫਾਇਆ ਕਰਨ ਲਈ ਤਿਆਰ ਬੈਠੇ ਹਨ।

ਵਿਧਾਇਕ ਰੰਧਾਵਾ ਵੱਲੋਂ ਜ਼ੀਰਕਪੁਰ ਵਾਸੀਆਂ ਨਾਲ ਮੀਟਿੰਗ ਕਰਕੇ ਲੋਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਦੌਰਾਨ ਹਾਜ਼ਰ ਇਲਾਕਾ ਨਿਵਾਸੀਆਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਬਲਬੀਰ ਸਿੰਘ ਦਾ ਸਾਥ ਦੇਣ ਦਾ ਭਰੋਸਾ ਦਿੱਤਾ । ਵਿਧਾਇਕ ਰੰਧਾਵਾ ਨੇ ਇਲਾਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਜ਼ੀਰਕਪੁਰ ਨੂੰ ਬਿਹਤਰ ਅਤੇ ਮਜ਼ਬੂਤ ਬਣਾਉਣ ਲਈ ਕੰਮ ਕਰਨ ਲਈ ਵਚਨਬੱਧ ਹਨ।

# ਗੱਤਕੇ ਨੂੰ ਏਸ਼ੀਆਈ ਖੇਡਾਂ ’ਚ ਸ਼ਾਮਲ ਕਰਵਾਉਣ ਲਈ ਆਲਮੀ ਗੱਤਕਾ ਫੈਡਰੇਸ਼ਨਾਂ ਵੱਲੋਂ ਯਤਨ ਜਾਰੀ : ਗਰੇਵਾਲ

**ਗੱਤਕਾ ਮੁਕਾਬਲਿਆਂ ’ਚ ਪਾਰਦਰਸ਼ਤਾ, ਕੁਸ਼ਲਤਾ ਤੇ ਵਿਆਖਿਆ ਲਈ ਮਸਨੂਈ ਬੁੱਧੀ, ਸੂਚਨਾ ਤਕਨਾਲੋਜੀ ਦੀ ਹੋਵੇਗੀ ਵਰਤੋਂ**

**ਹੈਦਰਾਬਾਦ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਪੁਰਾਤਨ ਵਿਰਾਸਤੀ ਖੇਡ ਗੱਤਕਾ ਨੂੰ ਵਿਸ਼ਵ ਪੱਧਰ ’ਤੇ ਮਾਨਤਾ ਪ੍ਰਾਪਤ ਖੇਡ ਦਾ ਰੁਤਬਾ ਦਿਵਾਉਣ ਲਈ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਵੱਲੋਂ ਯਤਨ ਜਾਰੀ ਹਨ ਅਤੇ ਇਸ ਦਿਸ਼ਾ ਵਿੱਚ ਉਪਰੋਕਤ ਦੋਵਾਂ ਅੰਤਰਰਾਸ਼ਟਰੀ ਗੱਤਕਾ ਸੰਸਥਾਵਾਂ ਵੱਲੋਂ ਵਿਆਪਕ ਯੋਜਨਾ ਉਲੀਕੀ ਗਈ ਹੈ। ਇਹ ਖੁਲਾਸਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸਰਦਾਰ ਹਰਜੀਤ ਸਿੰਘ ਗਰੇਵਾਲ ਨੇ ਆਪਣੀ ਤੇਲੰਗਾਨਾ ਫੇਰੀ ਮੌਕੇ ਅੱਜ ਇੱਥੇ ਹੈਦਰਾਬਾਦ ਪ੍ਰੈੱਸ ਕਲੱਬ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਸਾਂਝਾ ਕੀਤਾ।


ਵਿਸ਼ਵ ਭਰ ਦੇ ਗੱਤਕਾ ਖਿਡਾਰੀਆਂ ਤੇ ਕਲਾ ਪ੍ਰੇਮੀਆਂ ਦੀਆਂ ਦਿਲੀ ਇੱਛਾਵਾਂ ਨੂੰ ਉਜਾਗਰ ਕਰਦਿਆਂ ਸਰਦਾਰ ਗਰੇਵਾਲ ਨੇ ਗੱਤਕੇ ਨੂੰ ਪਹਿਲਾਂ ਏਸ਼ੀਅਨ ਖੇਡਾਂ, ਫਿਰ ਰਾਸ਼ਟਰਮੰਡਲ ਖੇਡਾਂ ਅਤੇ ਅੰਤ ਵਿੱਚ ਓਲੰਪਿਕ ਵਰਗੇ ਵੱਕਾਰੀ ਖੇਡ ਮੁਕਾਬਲਿਆਂ ਵਿੱਚ ਸ਼ਾਮਲ ਕਰਨ ਲਈ ਕੀਤੇ ਜਾ ਰਹੇ ਨਿਰੰਤਰ ਯਤਨਾਂ ਦਾ ਖੁਲਾਸਾ ਕੀਤਾ। ਆਪਣੇ ਯਤਨਾਂ ਨੂੰ ਦਰਸਾਉਂਦੇ ਹੋਏ, ਉਨ੍ਹਾਂ ਦੱਸਿਆ ਕਿ ਇਸ ਸਾਲ ਅੰਦਰ ਪਹਿਲੀ ਏਸ਼ੀਅਨ ਗੱਤਕਾ ਚੈਂਪੀਅਨਸ਼ਿਪ ਆਯੋਜਿਤ ਕੀਤੀ ਜਾਵੇਗੀ ਜਿਸ ਵਿੱਚ ਘੱਟੋ-ਘੱਟ ਦਸ ਦੇਸ਼ਾਂ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਭਾਗ ਲੈਣਗੀਆਂ।

ਉੱਤਰੀ ਭਾਰਤ ਵਿੱਚ ਆਪਣੇ ਰਵਾਇਤੀ ਗੜ੍ਹ ਤੋਂ ਬਾਹਰ ਗੱਤਕਾ ਖੇਡ ਦੀ ਵਧ ਰਹੀ ਲੋਕਪ੍ਰਿਅਤਾ ਅਤੇ ਵਿਸ਼ਵ ਪੱਧਰ ਦੀਆਂ ਖੇਡਾਂ ਵਿੱਚ ਮਾਨਤਾ ਦਿਵਾਉਣ ਸੰਬੰਧੀ ਸਫ਼ਰ ਦੀ ਰੂਪ-ਰੇਖਾ ਉਜਾਗਰ ਕਰਦੇ ਹੋਏ, ਗੱਤਕਾ ਪ੍ਰਮੋਟਰ ਸਰਦਾਰ ਹਰਜੀਤ ਗਰੇਵਾਲ ਨੇ ਦੱਸਿਆ ਕਿ ਪਹਿਲੀ ਵਿਸ਼ਵ ਗੱਤਕਾ ਚੈਂਪੀਅਨਸ਼ਿਪ ਉੱਤਰੀ ਅਮਰੀਕਾ ਵਿੱਚ 2026 ਵਿੱਚ ਹੋਵੇਗੀ। ਇੰਨਾਂ ਇਤਿਹਾਸਕ ਮੁਕਾਬਲਿਆਂ ਦਾ ਉਦੇਸ਼ ਸਦੀਆਂ ਪੁਰਾਣੀ ਅਮੀਰ ਵਿਰਾਸਤ ਅਤੇ ਵਿਸ਼ਵ ਭਰ ਦੀਆਂ ਖੇਡ ਰੈਗੂਲੇਟਰੀ ਸੰਸਥਾਵਾਂ ਨੂੰ ਗੱਤਕੇ ਦੀ ਵਧ ਰਹੀ ਵਿਸ਼ਵਵਿਆਪੀ ਪਹੁੰਚ ਬਾਰੇ ਜਾਣੂ ਕਰਵਾਉਣਾ ਹੈ।

ਗੱਤਕੇ ਦੀ ਵੱਧ ਰਹੀ ਮਾਨਤਾ ਅਤੇ ਪ੍ਰਸਿੱਧੀ ਨੂੰ ਰੇਖਾਂਕਿਤ ਕਰਦੇ ਹੋਏ ਸਰਦਾਰ ਗਰੇਵਾਲ ਨੇ ਭਾਰਤ ਅੰਦਰ ਹਾਲ ਹੀ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਗੱਤਕੇ ਨੂੰ ਰਾਸ਼ਟਰੀ ਖੇਡਾਂ ਅਤੇ ਖੇਲੋ ਇੰਡੀਆ ਯੂਥ ਖੇਡਾਂ ਵਰਗੇ ਪ੍ਰਮੁੱਖ ਕੌਮੀ ਖੇਡ ਮੁਕਾਬਲਿਆਂ ਵਿੱਚ ਸ਼ਾਮਲ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਦੇਸ਼ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਗੱਤਕਾ ਖੇਡ ਨੂੰ ਪ੍ਰਫੁੱਲਤ ਕਰਨ ਲਈ 2015 ਵਿਚ ਆਲ ਇੰਡੀਆ ਇੰਟਰ-ਯੂਨੀਵਰਸਿਟੀ ਟੂਰਨਾਮੈਂਟਾਂ ਵਿੱਚ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਗੱਤਕੇ ਨੂੰ ਮਾਨਤਾ ਦਿਵਾਈ ਗਈ ਹੈ। ਖੇਡਾਂ ਦੀ ਮਾਨਤਾ ਲਈ ਰੂਪਰੇਖਾ ਪੇਸ਼ ਕਰਦਿਆਂ ਉਨ੍ਹਾਂ ਦੱਸਿਆ ਕਿ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਦੁਆਰਾ ਸਾਲ 2023 ਵਿੱਚ ਨੈਸ਼ਨਲ ਸਕੂਲ ਖੇਡਾਂ ਵਿੱਚ ਮਾਨਤਾ ਦਿੱਤੀ ਗਈ ਹੈ। ਸਵਾਲਾਂ ਦੇ ਜਵਾਬ ਦਿੰਦਿਆਂ, ਸਰਦਾਰ ਗਰੇਵਾਲ, ਜੋ ਕਿ ਭਾਰਤ ਦੀ ਸਭ ਤੋਂ ਪੁਰਾਣੀ ਰਜਿਸਟਰਡ ਰਾਸ਼ਟਰੀ ਗੱਤਕਾ ਸੰਸਥਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ (ਐਨ.ਜੀ.ਏ.ਆਈ.) ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ, ਨੇ ਐਨ.ਜੀ.ਏ.ਆਈ. ਨਾਲ ਸਬੰਧਤ 22 ਰਾਜਾਂ ਦੀਆਂ ਗੱਤਕਾ ਐਸੋਸੀਏਸ਼ਨਾਂ ਦੁਆਰਾ ਦੇਸ਼ ਭਰ ਵਿੱਚ ਇਸ ਖੇਡ ਨੂੰ ਪ੍ਰਫੁਲਤ ਕੀਤੇ ਜਾ ਰਹੇ ਯਤਨਾਂ ਨੂੰ ਉਜਾਗਰ ਕਰਦਿਆਂ ਗੱਤਕੇ ਨੂੰ ਉਤਸ਼ਾਹਿਤ ਕਰਨ ਅਤੇ ਮਿਆਰੀ ਖੇਡ ਬਣਾਉਣ ਲਈ ਕੀਤੇ ਜਾ ਰਹੇ ਠੋਸ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਾਕੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਰਾਜ ਗੱਤਕਾ ਇਕਾਈਆਂ ਬਣਾਉਣ ਲਈ ਯਤਨ ਜਾਰੀ ਹਨ।

ਭਵਿੱਖ ਦੀ ਰਣਨੀਤੀ ਬਾਰੇ ਬੋਲਦਿਆਂ, ਗਰੇਵਾਲ ਨੇ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਗੱਤਕਾ ਮੁਕਾਬਲਿਆਂ ਦੌਰਾਨ ਕਾਰਜ ਕੁਸ਼ਲਤਾ, ਪਾਰਦਰਸ਼ਤਾ ਅਤੇ ਨਤੀਜਿਆਂ ਦੇ ਵਿਸ਼ਲੇਸ਼ਣ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਟੂਰਨਾਮੈਂਟਾਂ ਦੇ ਰਿਕਾਰਡ ਅਤੇ ਡੇਟਾ ਨੂੰ ਕਾਇਮ ਰੱਖਣ ਵਿੱਚ ਮੱਦਦ ਕਰਨ ਦੇ ਉਦੇਸ਼ ਨਾਲ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਸੂਚਨਾ ਤਕਨੀਕ ਵਰਗੀਆਂ ਅਤਿ ਆਧੁਨਿਕ ਤਕਨਾਲੋਜੀਆਂ ਨੂੰ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਗੱਤਕਾ ਮੁਕਾਬਲਿਆਂ ਦੇ ਸੁਖਾਲੇ ਆਯੋਜਨ ਵਿੱਚ ਕ੍ਰਾਂਤੀ ਲਿਆਉਣਗੇ ਅਤੇ ਇਸ ਵੱਕਾਰੀ ਮਾਰਸ਼ਲ ਆਰਟ ਵਿੱਚ ਨਵੀਨਤਾ ਅਤੇ ਉੱਤਮਤਾ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤੇਲੰਗਾਨਾ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ, ਮੀਤ ਪ੍ਰਧਾਨ ਗੁਰਮੀਤ ਸਿੰਘ ਪਹਾੜੀਆ, ਦਿਨੇਸ਼ ਸਿੰਘ, ਰਾਜਿੰਦਰ ਸਿੰਘ ਠਕਰਾਲ, ਪਰਵਿੰਦਰ ਸਿੰਘ ਪੱਤੀਵਾਲ, ਗੁਰਵਿੰਦਰਪਾਲ ਸਿੰਘ ਤੇ ਗੁਰਦੀਪ ਸਿੰਘ ਛਾਬੜਾ, ਜਨਰਲ ਸਕੱਤਰ ਵਿਸ਼ਾਲ ਸਿੰਘ, ਸੰਯੁਕਤ ਸਕੱਤਰ ਹਰਮੇਸ਼ ਸਿੰਘ ਰੰਜਨ, ਸਲਾਹਕਾਰ ਗੁਰਚਰਨ ਸਿੰਘ ਬੱਗਾ ਤੇ ਪ੍ਰੀਤਮ ਸਿੰਘ, ਕਾਰਜਕਾਰਨੀ ਮੈਂਬਰ ਜਸਵੀਰ ਸਿੰਘ, ਗੁਰਨਾਮ ਸਿੰਘ, ਗੁਰਵਿੰਦਰ ਸਿੰਘ ਅਤੇ ਨਾਨਕ ਸਿੰਘ ਵੀ ਹਾਜ਼ਰ ਸਨ।




# ਬਰਕਤਾਂ, ਰਹਿਮਤਾਂ ਤੇ ਸਬਰ ਦਾ ਮਹੀਨਾ

## ਰਮਜ਼ਾਨ

**ਅਮੀਰ ਖ਼ਾਨ ਰੱਖੜਾ**

ਅੱਲ੍ਹਾ ਨੇ ਹਜ਼ਰਤ ਮੁਹੰਮਦ ਸਲਲਾਹੋ ਅਲੈਹੇਵਸਲਮ ਨੂੰ ਦੁਨੀਆ ਦੇ ਮਾਰਗ ਦਰਸ਼ਨ ਲਈ ਦੁਨੀਆ 'ਚ ਭੇਜਿਆ। ਰਮਜ਼ਾਨ ਸਭ ਤੋਂ ਪਾਕ ਮਹੀਨਾ ਮੰਨਿਆ ਜਾਂਦਾ ਹੈ। ਇਹ ਬਰਕਤਾਂ ਤੇ ਰਹਿਮਤਾਂ ਦਾ ਮਹੀਨਾ ਹੈ। ਅੱਲ੍ਹਾ ਨੂੰ ਰਮਜ਼ਾਨ ਸਾਰੇ ਮਹੀਨਿਆਂ ਤੋਂ ਪਿਆਰਾ ਹੈ। ਇਹ ਮਹੀਨਾ ਮੁਸਲਮਾਨਾਂ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਇਹ ਸਬਰ ਤੇ ਸਮਰਪਣ ਨਾਲ ਖ਼ੁਦਾ ਦੀ ਇਬਾਦਤ ਦਾ ਮਹੀਨਾ ਹੈ।

ਇਸ ਮਹੀਨੇ ਖ਼ੁਦਾ ਵੱਲੋ ਹਜ਼ਰਤ ਮੁਹੰਮਦ ਸਲਲਾਹੋ ਅਲੈਹੇਵਸਲਮ 'ਤੇ ਕੁਰਆਨ-ਏ-ਪਾਕ ਉਤਾਰਿਆ ਗਿਆ। ਇਸਲਾਮ 'ਚ ਪਿਛਲੀਆਂ ਉੱਮਤਾਂ ਇਸੇ ਤਰ੍ਹਾਂ ਰੋਜ਼ੇ ਰੱਖਦੀਆਂ ਸਨ, ਜਿਸ ਤਰ੍ਹਾਂ ਅੱਜ 'ਉੱਮਤੇ ਮੁਹੰਮਦੀਆ' ਰੱਖਦੀ ਹੈ। ਇਸ ਮਹੀਨੇ ਜੱਨਤ ਦੇ ਦਰਵਾਜ਼ੇ ਖੋਲ੍ਹ ਤੇ ਨਰਕ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ। ਸ਼ੈਤਾਨ ਨੂੰ ਕੈਦ ਕਰ ਲਿਆ ਜਾਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਕਥਨ ਹੈ ਕਿ ਨੇਕੀ ਤੇ ਇਮਾਨਦਾਰੀ 'ਤੇ ਕਾਇਮ ਰਹਿੰਦੇ ਹੋਏ ਇਸ ਮਹੀਨੇ ਰੋਜ਼ੇ ਰੱਖੇ ਜਾਣ, ਨਮਾਜ਼ਾਂ ਪੜ੍ਹੀਆਂ ਜਾਣ, ਇਬਾਦਤ ਕੀਤੀ ਜਾਵੇ। ਪੂਰਾ ਮਹੀਨਾ ਇਕ ਸੱਚਾ ਮੁਸਲਮਾਨ ਅੱਲ੍ਹਾ ਦੀ ਇਬਾਦਤ 'ਚ ਗੁਜ਼ਾਰਦਾ ਹੈ ਤੇ ਰੋਜ਼ੇ ਰੱਖਦਾ ਹੈ। ਰੋਜ਼ਾ ਰੱਖਣ ਵਾਲਾ ਇਨਸਾਨ ਹਰ ਪ੍ਰਕਾਰ ਦੀ ਬੁਰਾਈ ਤੋਂ ਬਚਿਆ ਰਹਿੰਦਾ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ ਰੋਜ਼ੇ ਨੂੰ ਸਰੀਰ ਦੀ ਜ਼ਕਾਤ ਕਿਹਾ ਹੈ। ਰੋਜ਼ੇ ਖ਼ੁਦਾ ਨੂੰ ਖ਼ੁਸ਼ ਕਰਨ ਲਈ ਰੱਖੇ ਜਾਂਦੇ ਹਨ। ਰੋਜ਼ੇਦਾਰ ਜਦੋਂ ਦਿਨ ਭਰ ਭੁੱਖ ਤੇ ਪਿਆਸ ਦੀ ਸ਼ਿੱਦਤ ਨੂੰ ਸਹਿਣ ਕਰ ਕੇ ਨਮਾਜ਼, ਸਦਕਾ, ਤਿਲਾਵਤ-ਏ-ਕੁਰਆਤ ਤੇ ਯਾਦ-ਏ-ਇਲਾਹੀ ਵਿਚ ਦਿਨ ਗੁਜ਼ਾਰ ਦਿੰਦਾ ਹੈ ਤਾਂ ਸ਼ਾਮ ਨੂੰ ਇਫ਼ਤਾਰ ਕਰਦਾ ਹੈ ਤਾਂ ਇਹ ਇਫ਼ਤਾਰ ਅੱਲ੍ਹਾ ਵੱਲੋਂ ਉਸ ਲਈ ਪੁਰਸਕਾਰ ਹੁੰਦਾ ਹੈ।

ਰਹਿਮਤ ਤੇ ਬਰਕਤ ਦੇ ਨਜ਼ਰੀਏ ਨਾਲ ਰਮਜ਼ਾਨ ਮਹੀਨੇ ਦੇ ਪਹਿਲੇ 10 ਦਿਨਾਂ 'ਚ ਅੱਲ੍ਹਾ ਪਾਕ ਆਪਣੇ ਰੋਜ਼ੇ ਵਾਲੇ ਬੰਦਿਆਂ 'ਤੇ ਰਹਿਮਤ ਦੀ ਬਾਰਿਸ਼ ਕਰਦਾ ਹੈ, ਦੂਸਰੇ ਦਸ ਦਿਨਾਂ 'ਚ ਅੱਲ੍ਹਾ ਉਨ੍ਹਾਂ ਦੇ ਗੁਨਾਹ ਮਾਫ਼ ਕਰਦਾ ਹੈ ਤੇ ਮਹੀਨੇ ਦੇ ਆਖ਼ਰੀ ਦਸ ਦਿਨਾਂ 'ਚ ਇਕ ਰਾਤ ਅਜਿਹੀ ਹੈ, ਜਿਸ ਨੂੰ 'ਸ਼ਬੇ ਕਦਰ' ਕਹਿੰਦੇ ਹਨ, ਜੋ ਅੱਲ੍ਹਾ ਦੀ ਇਬਾਦਤ 'ਚ ਗੁਜਾਰੀ ਜਾਂਦੀ ਹੈ। ਇਹ ਰਾਤ ਹਜ਼ਾਰ ਮਹੀਨਿਆਂ ਦੀ ਇਬਾਦਤ ਦੇ ਬਰਾਬਰ ਹੁੰਦੀ ਹੈ। ਰੋਜ਼ਾ ਮਰੀਜ਼ਾਂ, ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਲਈ ਮਾਫ਼ ਹੈ। ਜੇ ਕੋਈ ਸਫ਼ਰ 'ਤੇ ਹੋਵੇ ਤਾਂ ਵੀ ਰੋਜ਼ੇ ਰੱਖਣ ਦੀ ਛੋਟ ਹੈ ਪਰ ਜਾਣ ਬੁੱਝ ਕੇ ਰੋਜ਼ੇ ਨਾ ਰੱਖਣਾ ਗੁਨਾਹ ਹੈ। ਰਮਜ਼ਾਨ ਦੇ ਤੀਹ ਰੋਜ਼ੇ ਪੂਰੇ ਹੋਣ 'ਤੇ ਮਿੱਠੀ ਈਦ ਆਉਂਦੀ ਹੈ, ਜਿਸ ਨੂੰ ਮੁਸਲਿਮ ਭਾਈਚਾਰੇ ਦੇ ਲੋਕ ਵੱਡੇ ਤਿਉਹਾਰ ਦੇ ਤੌਰ 'ਤੇ ਮਨਾਉਂਦੇ ਹਨ। •

76963-60682

# ਗੁਰੂ ਨਾਨਕ ਵਿਰਾਸਤ ਤੇ ਸਮਕਾਲੀ ਚੁਣੌਤੀਆਂ

**ਡਾ. ਲਾਭ ਸਿੰਘ ਖੀਵਾ**

ਆਪਣੇ ਨੁਕਤਾ ਨਿਗਾਹ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਲਈ ਮੈਂ ਮੁਹੰਮਦ ਇਕਬਾਲ ਦੇ ਮਸ਼ਹੂਰ ਸ਼ਿਅਰ ਦਾ ਸਹਾਰਾ ਲੈਣਾ ਚਾਹਾਂਗਾ :

*ਫਿਰ ਉਠੀ ਆਖ਼ਰ ਸਦਾ ਤੌਹੀਨ ਕੀ ਪੰਜਾਬ ਸੇ,*
*ਹਿੰਦ ਕੋ ਏਕ ਮਰਦੇ-ਕਾਮਿਲ ਨੇ ਜਗਾਯਾ ਖ਼ਵਾਬ ਸੇ।*

ਇਨ੍ਹਾਂ ਸਤਰਾਂ ਦੀ ਅਰਥਾਵਲੀ ਵਿਚ ਇਕ ਪਾਸੇ ਪੰਜਾਬ ਹੈ ਤੇ ਦੂਜੇ ਪਾਸੇ ਸਾਰਾ ਹਿੰਦੁਸਤਾਨ। ਇਸ ਵਿਸ਼ਾਲ ਖੇਤਰੀ ਧਰਾਤਲ 'ਤੇ ਇਕ ਸੰਪੂਰਨ ਸ਼ਖ਼ਸ ਉੱਭਰਦਾ ਹੈ, ਜਿਸ ਦੀ ਕਹਿਣੀ (ਬਾਣੀ) ਤੇ ਕਰਨੀ (ਸਾਖੀਆਂ) ਨੇ ਸਮੁੱਚੇ ਭਾਰਤ ਨੂੰ ਜਿਵੇਂ ਜਗਾ ਦਿੱਤਾ ਹੋਵੇ, ਕਿਉਂਕਿ ਦੇਸ਼ ਦਾ ਫ਼ਲਸਫਾ ਨਿਕੰਮਾ ਹੋ ਕੇ ਰਹਿ ਗਿਆ ਸੀ। ਪੰਜਾਬ ਕੋਲ ਉਹ ਵਿਰਾਸਤ ਹੈ, ਜਿਸ ਨੇ ਸਮੁੱਚੇ ਦੇਸ਼ ਨੂੰ ਹਲੂਣ ਕੇ ਰੱਖ ਦਿੱਤਾ। ਇਹ ਵਿਰਾਸਤ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਹੋਈ ਹੈ। ਇਸ ਵਿਰਾਸਤ ਦੀ ਬਾਤ ਕੋਈ ਸਿੱਖ ਜਾਂ ਹਿੰਦੂ ਕਵੀ ਨਹੀਂ ਪਾ ਰਿਹਾ, ਸਗੋਂ ਇਕ ਮੁਸਲਮਾਨ ਸ਼ਾਇਰ ਦੀ ਕਾਵਿ-ਦ੍ਰਿਸ਼ਟੀ ਦਾ ਕ੍ਰਿਸ਼ਮਾ ਹੈ।

ਅੱਜ ਸਮੁੱਚਾ ਭਾਰਤ ਇਸ ਪਰਮ ਮਨੁੱਖ ਜਾਂ ਸਿੱਖਾਂ ਦੇ ਪ੍ਰਥਮ ਗੁਰੂ ਦਾ 550ਵਾਂ ਪ੍ਰਕਾਸ਼ ਪੁਰਬ ਮਨਾਅ ਰਿਹਾ ਹੈ। ਅੱਜ ਸਾਨੂੰ ਸਾਢੇ ਪੰਜ ਸਦੀਆਂ ਦੀ ਵਿਰਾਸਤ ਨੂੰ ਸਮਕਾਲੀ ਪ੍ਰਸੰਗਾਂ ਵਿਚ ਮੁਲਾਂਕਿਤ ਕਰਨਾ ਚਾਹੀਦਾ ਹੈ। ਯਾਦ ਰੱਖੀਏ ਤੇ ਸਮਝੀਏ ਕਿ ਸਦੀਆਂ ਪੁਰਾਣੀ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਵਿਚ ਦੁਨੀਆ ਦੇ ਵੱਡੇ ਨਵੀਨਤਮ ਪੰਜਵੇਂ ਧਰਮ ਦੀ ਬੁਨਿਆਦ ਨਿਹਿਤ ਹੈ। ਇਸ ਵਿਚ ਮਹਿਜ਼ ਗੁਰੂ ਨਾਨਕ ਦੇਵ ਜੀ ਦੀ ਉਮਰੇ ਦਰਾਜ ਦੇ ਅਨੁਭਵ ਨਹੀਂ ਹਨ, ਸਗੋਂ ਦਸ ਗੁਰੂ ਸਹਿਬਾਨ ਦੀ ਜੀਵਨ-ਘਾਲਣਾ ਦਾ ਮਜਮੂਆ ਹੈ। ਜੇਕਰ ਇਸ ਵਿਰਾਸਤ ਨੂੰ ਸਾਢੇ ਪੰਜ ਸਦੀਆਂ ਬਾਅਦ ਵੀ ਦੇਸ਼-ਵਿਦੇਸ਼ 'ਚ ਯਾਦ ਕੀਤਾ ਜਾ ਰਿਹਾ ਹੈ ਤਾਂ ਸੁਭਾਵਕ ਹੀ ਅਜੋਕੇ ਦੌਰ ਵਿਚ ਵੀ ਇਸ ਦੀ ਪ੍ਰਸੰਗਿਕਤਾ ਸਵੀਕਾਰੀ ਜਾ ਰਹੀ ਹੈ। ਪ੍ਰੰਤੂ ਮਸਲਾ ਇਹ ਹੈ ਕਿ ਪੰਜਾਬ ਦੀ ਇਸ ਮਹਾਨ ਵਿਰਾਸਤ ਅੱਗੇ ਸਮਕਾਲੀ ਪ੍ਰਸੰਗਾਂ ਵਿਚ ਕੀ ਚੁਣੌਤੀਆਂ ਹਨ?

ਦੇਸ਼ ਭਰ ਵਿਚ ਅਸਹਿਮਤੀ, ਤਰਕਹੀਣਤਾ, ਸੰਸਕ੍ਰਿਤੀ ਅੰਦਰਲੀ ਵੰਨ-ਸੁਵੰਨਤਾ ਉੱਤੇ ਹਮਲੇ ਤੇ ਘੱਟ-ਗਿਣਤੀ ਧਾਰਮਿਕ ਫਿਰਕਿਆਂ 'ਚ ਡਰ ਦੇ ਮਾਹੌਲ ਦਾ ਸਾਇਆ ਹੈ। ਵਿਡੰਬਨਾ ਇਹ ਹੈ ਕਿ ਅਜਿਹਾ ਮਾਹੌਲ ਪੈਦਾ ਕਰਨ ਵਾਲੇ ਵੀ ਸਾਢੇ ਪੰਜ ਸੌ ਸਾਲਾ ਇਸ ਗੁਰੂ ਪੁਰਬ ਨੂੰ ਮਨਾਉਣ ਦਾ ਦਮ ਭਰ ਰਹੇ ਹਨ। ਗੁਰੂ ਨਾਨਕ ਵਿਰਾਸਤ ਦੇ ਵਸਤੂ-ਯਥਾਰਥ ਵਿਚ ਅਜਿਹੇ ਮਾਹੌਲ ਦਾ ਖੰਡਨ ਹੈ - *'ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ।'* ਆਪਣੀ ਕਹਿਣੀ ਤੇ ਦੂਜੇ ਦੀ ਸੁਣਨੀ ਦਾ ਸੰਦੇਸ਼ ਇਸ ਵਿਰਾਸਤ ਵਿਚ ਪਿਆ ਹੈ। ਸਿੱਧ ਗੋਸਟਾਂ ਅਸਹਿਮਤੀ ਨੂੰ ਮੂਲੋਂ ਨਕਾਰਦੀਆਂ ਹਨ। ਗੁਰੂ ਜੀ ਦਾ ਸੂਰਜ-ਗ੍ਰਹਿਣ ਸਮੇਂ ਆਪਣੇ ਖੇਤਾਂ ਨੂੰ ਪਾਣੀ ਭੇਜਣਾ ਜਾਂ ਪ੍ਰਮਾਤਮਾ ਦੀ ਸਰਬਵਿਆਪਕਤਾ ਦਾ ਵਿਵੇਕ ਦੇਣ ਲਈ ਮੱਕੇ ਵੱਲ ਪੈਰ ਘੁੰਮਾਉਣ ਵਾਲੀਆਂ ਸਾਖੀਆਂ ਤਰਕਸ਼ੀਲਤਾ ਨੂੰ ਤਰਜੀਹ ਦੇਣ ਦੀਆਂ ਮਿਸਾਲਾਂ ਹਨ। *'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ'*, ਰਾਗ ਤਿਲੰਗ ਵਿਚ ਤਤਕਾਲੀ ਦੋ ਵੱਡੇ ਧਾਰਮਿਕ ਭਾਈਚਾਰਿਆਂ 'ਤੇ ਹੁੰਦੇ ਜ਼ੁਲਮਾਂ ਵਿਰੁੱਧ ਗੁਰੂ ਜੀ 'ਹਾਅ ਦਾ ਨਾਅਰਾ' ਮਾਰਦੇ ਹਨ। ਅਜੋਕੇ ਮਾਹੌਲ ਵਿਚ ਇਹ ਪਹਿਲੀ ਚੁਣੌਤੀ ਹੈ।

ਗੁਰੂ ਸਾਹਿਬ ਦੀ ਵਿਰਾਸਤ ਅੱਗੇ ਔਰਤ ਦੀ ਹੋਂਦ ਤੇ ਹਸਤੀ ਨੂੰ ਬਚਾਉਣ ਦੀ ਵੀ ਇਕ ਹੋਰ ਵੱਡੀ ਚੁਣੌਤੀ ਹੈ। ਇਸ ਵਿਰਾਸਤ ਨੇ ਔਰਤ ਨੂੰ ਮਾੜਾ-ਮੰਦਾ ਕਹਿਣ ਵਾਲੀ ਸੰਸਕ੍ਰਿਤੀ ਨੂੰ ਵੰਗਾਰਿਆ ਸੀ। ਰਾਜਿਆਂ-ਮਹਾਰਾਜਿਆਂ ਵਰਗੇ ਵਸ਼ਿਸ਼ਟ ਨਰਾਂ ਨੂੰ ਪੈਦਾ ਕਰਦੇ ਮਾਦੇ ਲਈ ਸਤਿਕਾਰ ਦੀ ਭਾਵਨਾ ਪੈਦਾ ਕੀਤੀ। ਅਫ਼ਸੋਸ ਹੈ ਕਿ ਅੱਜ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਦਾ ਵਾਰਿਸ ਪੰਜਾਬ 'ਕੁੜੀਮਾਰਾਂ' ਦਾ ਮੋਹਰੀ ਸੂਬਾ ਕਿਹਾ ਜਾਂਦਾ ਹੈ। ਔਰਤ ਦੀ ਹਸਤੀ *'ਕਾਇਆ ਕਪੜੁ ਟੁਕੁ ਹੋਸੀ'* ਦੀ ਹਾਲਤ 'ਚ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਜਬਰ-ਜਨਾਹ ਦੇ ਮਾਮਲਿਆਂ ਵਿਚ ਵੀ ਕੋਈ ਬਹੁਤਾ ਦੁੱਧ-ਧੋਤਾ ਨਹੀਂ ਹੈ।

ਨਸ਼ੇ ਅੱਜ ਪੰਜਾਬੀ ਰਹਿਤਲ ਲਈ ਵੱਡਾ ਕੋਹੜ ਹੈ। ਪੰਜਾਬ ਦੀ ਸਾਧਨ-ਸੰਪਨ ਜਵਾਨੀ ਇਥੋਂ ਪਲਾਇਨ ਕਰ ਕੇ ਵਿਦੇਸ਼ਾਂ ਨੂੰ ਭੱਜ ਰਹੀ ਹੈ ਤੇ ਸਾਧਨ ਵਿਹੂਣੇ ਮੁੰਡੇ ਵਿਦੇਸ਼ੀ ਨਸ਼ਿਆਂ ਦੀ ਮਾਰ ਹੇਠ ਹਨ। ਭਾਰਤ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਜੇ ਪੰਜਾਬ ਤੰਬਾਕੂ, ਸਿਗਰਟ, ਹੁੱਕਾਨੋਸ਼ੀ ਤੋਂ ਮੁਕਤ ਸਮਝਿਆ ਜਾਂਦਾ ਸੀ ਤਾਂ ਇਹ ਵੀ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਦੀ ਹੀ ਬਖ਼ਸ਼ਿਸ਼ ਸੀ। *'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ'* ਵਾਲੀ ਅਵਸਥਾ ਅੱਜ ਸਾਡੀ ਜੀਵਨ-ਜਾਚ ਨਹੀਂ ਰਹੀ। ਸਾਡੀ ਵਿਰਾਸਤ ਤਾਂ ਚਿੱਟੇ ਬਾਣੇ, ਪ੍ਰਕਾਸ਼ੇ ਦਾੜ੍ਹੇ ਤੇ ਕੁੰਢੀਆਂ ਮੁੱਛਾਂ ਵਾਲੇ ਬਾਬਿਆਂ ਦੀ ਸਿਰਜਨਾ ਸੀ ਤੇ ਅੱਜ ਧੁਆਂਖੇ ਤੇ ਚਿੱਟੇ ਚਿਹਰਿਆਂਵਾਲੇ 'ਚਿੱਟੇ ਦੇ ਮਾਰੇ ਹੋਏ ਕਾਕਿਆਂ' ਦਾ ਪੰਜਾਬ *'ਮਾਸਪੁਰੀ ਵਿਚਿ ਆਖੁ ਮਸੋਲਾ'* ਹੈ। ਇਸ ਲਈ ਸਮਕਾਲੀ ਪ੍ਰਸੰਗ ਵਿਚ ਨਸ਼ਿਆਂ ਦਾ ਬੋਲਬਾਲਾ ਸਾਡੀ ਗੁਰੂ ਨਾਨਕ ਵਿਰਾਸਤ ਅੱਗੇ ਇਕ ਹੋਰ ਅਹਿਮ ਮਸਲਾ ਹੈ।

ਪੰਜਾਬ ਦਾ ਨਾਂ ਸੁਣ ਕੇ ਜੋ ਵਿਦੇਸ਼ੀ ਹਮਲਾਵਰ ਇਧਰ ਚੜ੍ਹੇ ਰਹਿੰਦੇ ਸਨ ਤਾਂ ਇਥੋਂ ਦਾ ਕੁਦਰਤੀ ਵਾਤਾਵਰਨ ਖਿੱਚ ਦਾ ਕਾਰਨ ਬਣਦਾ ਸੀ। ਇਸ ਵਾਤਾਵਰਨ ਵਿਚ ਪੰਜ ਸ਼ੁੱਧ ਪਾਣੀਆਂ ਵਾਲੇ ਦਰਿਆ, ਭਰਵੀਆਂ ਫ਼ਸਲਾਂ, ਭਰਵੀਆਂ ਬਾਰਸ਼ਾਂ, ਦੁੱਧਾਂ-ਪੁੱਤਾਂ ਨਾਲ ਖੇਡਦੀਆਂ ਔਰਤਾਂ, ਭਰਵੇਂ ਜੁੱਸੇ ਵਾਲੇ ਕੰਮੀ-ਰੁੱਝੇ ਤੰਦਰੁਸਤ ਮਰਦ ਤੇ ਹਮਲਾਵਰਾਂ ਨੂੰ ਭਜਾਉਣ ਵਾਲੇ ਨੌਜਵਾਨ ਸਨ। ਇਹ ਸਭ ਕੁਝ ਉਲਟ-ਪੁਲਟ ਹੋ ਗਿਆ। ਗੁਰੂ ਨਾਨਕ ਸਾਹਿਬ ਦੀ ਵਿਰਾਸਤ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੰਦੀ ਹੈ। ਹੁਣ ਸਾਡੇ ਪਾਣੀ ਸੁੱਕ ਚੱਲੇ ਹਨ, ਬਚੇ ਪਾਣੀ ਗੰਧਲੇ ਹਨ, ਹਵਾ ਪ੍ਰਦੂਸ਼ਿਤ ਹੈ ਤੇ ਧਰਤੀ ਨੂੰ ਰਸਾਇਣਾਂ ਨਾਲ ਰੋਗੀ ਬਣਾ ਦਿੱਤਾ ਹੈ। ਅਜਿਹਾ ਬ੍ਰਹਿਮੰਡੀ ਸੰਦੇਸ਼ ਦੇਣ ਵਾਲੀ ਵਿਰਾਸਤ ਸਾਡੀਆਂ ਬਾਜ਼ਾਰੀ ਲਾਲਸਾਵਾਂ ਅੱਗ ਬੇਮਾਅਨੀ ਹੋ ਗਈ ਲਗਦੀ ਹੈ। ਲਗਦਾ ਹੈ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਰੇਗਿਸਤਾਨ ਬਣ ਜਾਵੇਗਾ ਤੇ ਪੰਜਾਬੀ ਪਰਿਵਾਰਾਂ ਟਰਾਲੀਆਂ-ਗੱਡਿਆਂ 'ਤੇ ਜੁੱਲੀ-ਮੰਜਾ ਲੱਦੀ ਰੋਜ਼ੀ-ਰੋਟੀ ਲਈ ਰਾਜਸਥਾਨੀ ਊਠ-ਰੇੜ੍ਹਿਆਂ ਵਾਂਗ ਦਰ-ਬ-ਦਰ ਭਟਕਦੇ ਨਜ਼ਰ ਆਉਣਗੇ। ਢੋਲੇ ਦੀਆਂ ਲਾਉਣ, ਹੀਰ ਪੜ੍ਹ ਕੇ ਸੌਣ ਵਾਲੇ ਪੰਜਾਬੀ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਦੇ ਖੁੱਸਣ ਦਾ ਰੁਦਨ ਕਰਦੇ ਹੋਏ ਸੌਇਆਂ ਕਰਨਗੇ।

ਪ੍ਰੋ. ਪੂਰਨ ਸਿੰਘ ਪੰਜਾਬ ਦੀ ਗੁਰੂ ਨਾਨਕ ਵਿਰਾਸਤ ਦਾ ਕਾਇਲ ਵੀ ਸੀ ਤੇ ਉਪਦੇਸ਼ਕ ਵੀ। 'ਜਵਾਨ ਪੰਜਾਬ ਦੇ' ਵਿਚ ਉਹ ਪੰਜਾਬੀਆਂ ਨੂੰ ਕਿਸੇ ਦੀ 'ਟੈਂ ਨਾ ਮੰਨਣ ਵਾਲੇ' ਤੇ ਟਾਕਰੇ ਲਈ 'ਮੋਢਿਆਂ ਉੱਤੇ ਡਾਂਗਾਂ ਉਲਾਰ ਕੇ ਖੜ੍ਹਨ ਵਾਲੇ' ਆਖਦਾ ਹੈ। ਪੰਜਾਬ ਬਾਹਰਲੇ ਧਾੜਵੀਆਂ ਦਾ ਕੋਟ-ਦੁਆਰ ਹੋਣ ਕਰਕੇ ਦਲੇਰੀ ਤੇ ਨਾਬਰੀ ਇਸ ਦੇ ਖ਼ੂਨ ਵਿਚ ਸੀ ਤੇ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਦਾ ਵੀ ਇਸ ਵਿਚ ਵੱਡਾ ਯੋਗਦਾਨ ਸੀ। *'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ'* ਜਾਂ *'ਰਾਜੇ ਸੀਂਹ ਮੁਕਦਮ ਕੁੱਤੇ'* ਵਰਗੇ ਕਾਵਿ-ਲਲਕਾਰੇ ਗੁਰੂ ਸਾਹਿਬ ਦੀ ਬਾਣੀ ਵਿਚ ਮਿਲਦੇ ਹਨ।

ਬੈਰੂਨੀ ਤੇ ਅੰਦਰੂਨੀ ਜਾਬਰਾਂ ਪ੍ਰਤੀ ਨਾਬਰੀ ਦੀ ਪ੍ਰਤੀਧੁਨੀ ਪੰਜਾਬੀ ਪੀੜ੍ਹੀ ਦਰ ਪੀੜ੍ਹੀ ਸੁਣਦੇ ਰਹੇ ਹਨ। ਇਸ ਪ੍ਰਤੀਧੁਨੀ ਦਾ ਕੌੜਾ ਸਵਾਦ ਅਹਿਮਦ ਸ਼ਾਹ ਅਬਦਾਲੀ ਨੇ ਅਠ੍ਹਾਵੀਂ ਸਦੀ ਵਿਚ ਚੱਖਿਆ ਸੀ। ਸੋ, ਗੁਰੂ ਨਾਨਕ ਵਿਰਾਸਤ ਵਿਚ ਨਾਬਰੀ ਤੇ ਅਧੀਨਗੀ ਦਾ ਵਿਰੋਧੀ ਜੁੱਟ ਨਿਰੰਤਰ ਕਿਰਿਆਸ਼ੀਲ ਰਿਹਾ ਹੈ। ਮੌਜੂਦਾ ਸਦੀ ਵਿਚ ਇਸ ਜੁੱਟ ਪ੍ਰਤੀ ਪੰਜਾਬੀਆਂ ਦਾ ਰਵੱਈਆ ਉਦਾਸੀਨ ਹੈ। ਸੱਤਾਧਾਰੀ ਸਿਆਸੀ ਤਾਕਤਾਂ ਸਾਹਮਣੇ ਨਾਬਰੀ ਦਾ ਜਜ਼ਬਾ ਨਿਰਪੇਖ ਰਿਹਾ ਹੈ ਅਤੇ ਅਧੀਨਗੀ ਦਾ ਰੁਖ਼ ਅਗਰਗਾਮੀ ਰਿਹਾ ਹੈ। ਸ਼ਰੇਆਮ ਗੁਰੂ ਨਾਨਕ ਵਿਰਾਸਤ ਤੇ ਸਿਆਸੀ ਨਿਗਰਾਨ ਇਸ ਨੂੰ ਢਾਹ ਲਾਉਂਦੇ ਰਹੇ ਅਤੇ ਪੰਜਾਬੀ ਆਵਾਮ ਨਿਸ਼ਕਿਰਿਆ ਰਹੀ। ਇਕ ਪਰਚੀ ਨੂੰ ਗੁਰਮਤਿ ਮੰਨ ਕੇ ਸੀਸ ਝੁਕਾਅ ਦਿੱਤਾ ਜਾਂਦਾ ਰਿਹਾ। ਇਹ ਪਰਚੀ ਦਿੱਲੀ ਤੋਂ ਵੀ ਆਈ ਹੋ ਸਕਦੀ ਹੈ ਤੇ ਕਿਸੇ ਪਿੰਡੋਂ ਵੀ। ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਉਤੇ ਇਕ ਵੰਗਾਰ ਵੀ ਪੰਜਾਬੀਆਂ ਦੇ ਸਨਮੁੱਖ ਹੈ।

ਗੁਰੂ ਨਾਨਕ ਦੇਵ ਜੀ ਮਾਂ-ਬੋਲੀ ਨੂੰ ਪਿਆਰਦੇ ਤੇ ਸਤਿਕਾਰਦੇ ਹੋਏ ਆਪਣੀ ਬਾਣੀ ਪੰਜਾਬੀ ਵਿਚ ਲਿਖਦੇ ਰਹੇ ਤੇ ਪੰਜਾਬੀ ਵਿਚ ਸੰਦੇਸ਼ ਦਿੰਦੇ ਰਹੇ। ਪਰਾਈ ਬੋਲੀ ਅਪਨਾਉਣ ਦਾ ਉਹ ਖੰਡਨ-ਮੰਡਨ ਕਰਦੇ ਰਹੇ। *'ਘਰਿ ਘਰਿ ਮੀਆਂ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ'* ਅਤੇ *'ਅਭਾਖਿਆ ਕੁਠਾ ਬਕਰਾ ਖਾਣਾ, ਚਉਕੇ ਉਪਰਿ ਕਿਸੈ ਨਾ ਜਾਣਾ'* ਵਰਗੇ ਗੁਰ-ਵਾਕ ਇਸ ਖੰਡਨ-ਮੰਡਨ ਦੀਆਂ ਉਦਾਹਰਣਾਂ ਹਨ। ਗੁਰੂ ਨਾਨਕ ਵਿਰਾਸਤ ਵਿਚ ਮਾਂ-ਬੋਲੀ ਦੀ ਸੰਭਾਲ ਤੇ ਪ੍ਰਚਾਰ ਇਕ ਵਿਸ਼ੇਸ਼ ਮਹੱਤਵਪੂਰਨ ਤੱਤ ਹੈ। ਨਵੀਂ ਪੀੜ੍ਹੀ ਤੇ ਸ਼ਹਿਰੀ ਪੰਜਾਬੀਆਂ ਨੇ ਵਿਰਾਸਤ ਦੇ ਇਸ ਪੱਖ ਨੂੰ ਬਿਲਕੁਲ ਵਿਸਾਰ ਦਿੱਤਾ ਹੈ। ਗੁਰਬਾਣੀ ਦੇ ਗੁਟਕੇ ਦੇਵ ਨਾਗਰੀ ਵਿਚ ਪੜ੍ਹੇ ਜਾ ਰਹੇ ਹਨ। ਗੁਰਬਾਣੀ ਦਾ ਚੱਤੇ-ਪਹਿਰ ਪਾਠ ਕਰਨ ਵਾਲੇ ਸਾਡੇ ਗੁਰਧਾਮਾਂ ਵਿਚ ਇਸ ਨੂੰ ਕੁਰਹਿਤ ਐਲਾਨਿਆ ਜਾਣਾ ਚਾਹੀਦਾ ਹੈ। ਘੱਟੋ-ਘੱਟ ਸਾਡੇ ਗੁਰਧਾਮਾਂ ਵਿਚ ਗੁਰਬਾਣੀ ਦਾ ਪਾਠ ਗੁਰਮੁਖੀ ਵਿਚ ਹੀ ਪੜ੍ਹਿਆ-ਪੜ੍ਹਾਇਆ ਜਾਵੇ। ਪੰਜਾਬ ਵਿਚ ਗੁਰਬਾਣੀ ਦਾ ਕੋਈ ਵੀ ਸ਼ਲੋਕ ਦੇਵ ਨਾਗਰੀ ਜਾਂ ਰੋਮਨ ਵਿਚ ਨਾ ਲਿਖਿਆ ਜਾਵੇ। ਵਿਆਹ-ਸ਼ਾਦੀ ਦੇ ਕਾਰਡ ਰੋਮਨ 'ਚ ਨਾ ਲਿਖੇ ਜਾਣ।

ਸਮਕਾਲੀ ਪ੍ਰਸੰਗਾਂ ਵਿਚ ਇਕ ਹੋਰ ਚੁਣੌਤੀ ਹੈ - ਗੁਰੂ ਨਾਨਕ ਵਿਰਾਸਤ ਵਿਚ ਦੇਹਧਾਰੀ ਪਰਮਾਤਮਾ ਸਰੂਪ ਨੂੰ ਮੰਨਣਾ ਨਿਸ਼ੇਧ ਹੈ। ਬੀਤੇ ਸਮੇਂ ਵਿਚ ਡੇਰਾਵਾਦ ਨੇ ਪੰਜਾਬੀਆਂ ਦੇ ਮਨਾਂ-ਘਰਾਂ ਵਿਚ ਚੋਖੇ ਪੈਰ ਪਸਾਰੇ। ਗੁਰਦਵਾਰਿਆਂ ਦੇ ਸਮਾਨਾਂਤਰ ਡੇਰਿਆਂ ਦੀ ਮਾਨਤਾ ਵਧੀ। ਇਥੇ ਦੇਹਧਾਰੀ ਗੁਰੂ ਨੂੰ ਸਵੀਕਾਰ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਦਸ ਗੁਰੂ ਸਾਹਿਬਾਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਉਪਦੇਸ਼ ਅਤੇ ਆਦੇਸ਼ ਦੇਹਧਾਰੀ ਗੁਰੂ ਦੀ ਸ਼ਰਧਾ ਤੋਂ ਪੰਜਾਬੀਆਂ ਨੂੰ ਦੂਰ ਰੱਖਣਾ ਸੀ। ਇਹ ਪ੍ਰਵਿਰਤੀ ਅੱਜ ਡੇਰਾਵਾਦ ਰਾਹੀਂ ਪ੍ਰਫੁੱਲਤ ਹੋ ਰਹੀ ਹੈ। ਇਸ ਚੁਣੌਤੀ ਨੂੰ ਵੀ ਅੱਜ ਮੰਨਣ ਤੇ ਲਲਕਾਰਨ ਦੀ ਲੋੜ ਹੈ। ਪ੍ਰੋ. ਪੂਰਨ ਸਿੰਘ, ਜਿਹੜੇ ਪੰਜਾਬ ਨੂੰ ਗੁਰਾਂ ਦੇ ਨਾਂ 'ਤੇ ਵਸਦਾ ਚਿਤਵਦਾ ਸੀ, ਅਜਿਹਾ ਨਾ ਹੋਵੇ ਕਿ ਭਲਕ ਨੂੰ ਇਹ ਕਹਿਣਾ ਪਵੇ ਕਿ 'ਪੰਜਾਬ ਵਸਦਾ ਸਾਧਾਂ ਦੇ ਨਾਂ' ਉੱਤੇ।

ਕੰਮ-ਸਭਿਆਚਾਰ ਤੋਂ ਭੱਜੀ ਤੇ ਮੁਕਤ ਹੋਈ ਨਵੀਂ ਪੀੜ੍ਹੀ ਨੇ ਗੁਰੂ ਨਾਨਕ ਵਿਰਾਸਤ ਨੂੰ ਵਿਸਾਰ ਕੇ ਪੰਜਾਬੀ ਹੋਣ ਦੇ ਅਕਸ ਨੂੰ ਧੁੰਦਲਾ ਕੀਤਾ ਹੈ। *'ਘਾਲਿ ਖਾਇ ਕਿਛੁ ਹਥਹੁ ਦੇਇ'* ਮੁਤਾਬਕ ਕਿਰਤ ਕਰਨੀ ਤੇ ਇਸ 'ਚੋਂ ਕੀਤੀ ਕਮਾਈ ਦਾ ਕੁਝ ਹਿੱਸਾ ਵੰਡਣ ਦੇ ਉਪਦੇਸ਼ ਤੋਂ ਕਿਨਾਰਾਕਸ਼ੀ ਕਰ ਕੇ ਪੰਜਾਬੀ ਮਨੁੱਖ ਨੇ ਬਾਹਰੀ ਰਹਿਣ-ਸਹਿਣ ਚਮਕਾਇਆ ਹੈ ਤੇ ਅੰਦਰੋਂ ਬੜਾ ਕੁਝ ਗੁਆਇਆ ਹੈ। ਸਗੋਂ ਇਸ ਜੀਵਨ-ਸ਼ੈਲੀ ਨੇ ਉਸ ਨੂੰ ਖੁਦਕੁਸ਼ੀਆਂ ਦੇ ਰਾਹ ਪਾਇਆ ਹੈ।

ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਗੁਰੂ ਸਾਹਿਬ ਪਾਸੋਂ ਮਿਲੀ ਵਿਰਾਸਤ ਦੇ ਅੰਦਰੂਨੀ ਤੱਤਾਂ ਨੂੰ ਪੁਨਰ-ਮੁਲਾਂਕਿਤ ਕਰ ਕੇ ਹੀ ਮਨਾਏ ਜਾਣ ਅਤੇ ਇਹ ਸਿਰਫ਼ ਰਸਮੀ ਜਸ਼ਨ ਬਣ ਕੇ ਨਾ ਰਹਿ ਜਾਣ। ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪੁਰਬ 'ਤੇ ਬਹੁਤ ਸਾਰੇ ਵਿੱਦਿਅਕ ਅਦਾਰੇ ਖੁੱਲ੍ਹੇ। ਉਸ ਸਮੇਂ ਅਜਿਹੇ ਅਦਾਰਿਆਂ ਦੀ ਬੜੀ ਲੋੜ ਸੀ, ਜਿਸ ਕਰਕੇ ਉਸ ਗੁਰਪੁਰਬ ਮਨਾਉਣ ਦੀ ਇਹ ਪ੍ਰਾਪਤੀ ਕਹੀ ਜਾ ਸਕਦੀ ਹੈ ਪ੍ਰੰਤੂ ਬੀਤੀ ਅੱਧੀ ਸਦੀ ਵਿਚ ਨਵੇਂ ਮਸਲੇ ਤੇ ਨਵੀਆਂ ਚੁਣੌਤੀਆਂ ਉਤਪੰਨ ਹੋਈਆਂ ਹਨ। ਇਨ੍ਹਾਂ ਚੁਣੌਤੀਆਂ ਦੇ ਰੂਬਰੂ ਹੋਏ ਬਗੈਰ ਗੁਰੂ ਸਾਹਿਬ ਦਾ ਪ੍ਰਕਾਸ਼-ਪੁਰਬ ਇਕ ਰਸਮੀ ਕਾਰਜ ਬਣ ਕੇ ਹੀ ਨਾ ਲੰਘ ਜਾਵੇ। •



# ਜਿਸਮਾਨੀ ਤੇ ਰੂਹਾਨੀ ਇਬਾਦਤ ਰੋਜ਼ਾ

**ਮੁਹੰਮਦ ਅੱਬਾਸ ਧਾਲੀਵਾਲ**



1 ਮਈ, ਰਮਜ਼ਾਨ ਸ਼ੁਰੂ

ਅੱਲ੍ਹਾ ਪਾਕ ਨੇ ਆਪਣੇ ਬੰਦਿਆਂ ਲਈ ਜਿਨ੍ਹਾਂ ਅਸੂਲਾਂ 'ਤੇ ਚੱਲਣ ਲਈ ਪੈਗ਼ੰਬਰਾਂ, ਨਬੀਆਂ ਅਤੇ ਕੁਰਆਨ-ਮਜੀਦ ਰਾਹੀਂ ਜੋ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਤੇ ਜਿਨ੍ਹਾਂ ਇਬਾਦਤਾਂ ਦੀ ਰੋਜ਼ਾਨਾ ਜੀਵਨ 'ਚ ਤਾਕੀਦ ਕੀਤੀ ਹੈ, ਉਨ੍ਹਾਂ ਵਿਚ ਮਨੁੱਖਤਾ ਦੀ ਭਲਾਈ ਤੇ ਸੁੱਖ-ਸ਼ਾਂਤੀ ਦੇ ਰਾਜ਼ ਛੁਪੇ ਹਨ। ਜੇ ਇਨ੍ਹਾਂ ਉੱਪਰ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਸਾਡੀਆਂ ਕਈ ਗ਼ਲਤ-ਫਹਿਮੀਆਂ ਦੂਰ ਹੋ ਸਕਦੀਆਂ ਹਨ।

ਇਸਲਾਮ ਦੀ ਬੁਨਿਆਦ ਮੂਲ ਰੂਪ 'ਚ ਪੰਜ ਸਿਧਾਂਤਾਂ - ਕਲਮਾ, ਨਮਾਜ਼, ਰੋਜ਼ਾ, ਜ਼ਕਾਤ ਤੇ ਹੱਜ 'ਤੇ ਕਾਇਮ ਹੈ। ਭਾਵ, ਇਸਲਾਮ ਦੇ ਅਨੁਯਾਈ ਦਾ ਈਮਾਨ ਉਦੋਂ ਤਕ ਮੁਕੰਮਲ ਨਹੀਂ ਸਮਝਿਆ ਜਾਂਦਾ ਜਦ ਤਕ ਉਹ ਇਨ੍ਹਾਂ ਸਿਧਾਂਤਾਂ ਨੂੰ ਜ਼ਿੰਦਗੀ ਵਿਚ ਅਮਲੀ ਰੂਪ 'ਚ ਨਹੀਂ ਅਪਣਾਉਂਦਾ। ਇਸ ਤੋਂ ਪਹਿਲਾਂ ਕਿ ਰੋਜ਼ਿਆਂ ਦੇ ਜਿਸਮਾਨੀ ਤੇ ਰੂਹਾਨੀ ਫ਼ਾਇਦਿਆਂ ਦੀ ਗੱਲ ਕਰੀਏ, ਇਸਲਾਮ ਦੇ ਪੰਜਾਂ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕਰੀਏ।

### ਕਲਮਾ

ਕਲਮੇ ਦਾ ਅਰਥ ਹੈ ਕਿ ਰੱਬ ਇਕ ਹੈ, ਉਸ ਦਾ ਕੋਈ ਸ਼ਰੀਕ ਨਹੀਂ, ਰੱਬ ਤੋਂ ਇਲਾਵਾ ਕੋਈ ਵੀ ਇਬਾਦਤ ਜਾਂ ਬੰਦਗੀ ਦੇ ਲਾਇਕ ਨਹੀਂ ਤੇ ਹਜ਼ਰਤ ਮੁਹੰਮਦ ਸਾਹਿਬ (ਸ:) ਉਸ ਦੇ ਸੱਚੇ ਪੈਗ਼ੰਬਰ ਅਤੇ ਰਸੂਲ ਹਨ।

### ਨਮਾਜ਼

ਜਦ ਕੋਈ ਬੰਦਾ ਸੱਚੇ ਦਿਲੋਂ ਕਲਮਾ ਪੜ੍ਹਦਾ ਹੈ, ਭਾਵ ਸਾਰੇ ਜਹਾਨਾਂ ਦਾ ਰੱਬ ਇਕ ਹੋਣ ਦਾ ਇਕਰਾਰ ਕਰਦਾ ਹੈ ਤਾਂ ਉਸ ਉੱਪਰ ਇਕ ਦਿਨ 'ਚ ਪੰਜ ਨਮਾਜ਼ (ਫਜ਼ਰ, ਜ਼ੁਹਰ, ਅਸਰ, ਮਗ਼ਰਿਬ ਤੇ ਇਸ਼ਾ) ਨਿਸ਼ਚਿਤ ਸਮੇਂ ਦੌਰਾਨ ਪੜ੍ਹਨਾ ਫਰਜ਼ ਹੋ ਜਾਂਦੀਆਂ ਹਨ।

### ਹੱਜ

ਇਸੇ ਪ੍ਰਕਾਰ ਹਰ ਸਾਹਿਬ-ਏ-ਦੌਲਤ ਮੁਸਲਮਾਨ 'ਤੇ, ਭਾਵ ਹੱਜ ਦੇ ਸਫ਼ਰ ਦਾ ਖ਼ਰਚਾ ਚੁੱਕਣ ਵਾਲੇ ਉੱਪਰ ਪੂਰੀ ਉਮਰ ਵਿਚ ਇਕ ਵਾਰ 'ਹੱਜ' ਕਰਨਾ ਲਾਜ਼ਮੀ ਹੈ।

### ਰੋਜ਼ੇ

ਰਮਜ਼ਾਨ ਮਹੀਨੇ ਦੌਰਾਨ ਰੱਖੇ ਜਾਂਦੇ ਰੋਜ਼ੇ ਇਸਲਾਮ ਦੇ ਪੰਜ ਸਿਧਾਂਤਾਂ 'ਚੋਂ ਇਕ ਹਨ। ਰੋਜ਼ਾ ਜਿਸਮਾਨੀ ਦੇ ਨਾਲ-ਨਾਲ ਰੂਹਾਨੀ ਇਬਾਦਤ ਵੀ ਹੈ। ਕੁਰਆਨ ਮਜੀਦ 'ਚ ਅੱਲ੍ਹਾ ਪਾਕ ਫਰਮਾਉਂਦੇ ਹਨ, 'ਐ ਈਮਾਨ ਵਾਲਿਉ! ਤੁਹਾਡੇ ਉੱਪਰ ਉਸੇ ਤਰ੍ਹਾਂ ਰੋਜ਼ੇ ਫ਼ਰਜ਼ ਕੀਤੇ ਗਏ ਹਨ ਜਿਵੇਂ ਤੁਹਾਡੇ ਤੋਂ ਪਹਿਲੇ ਲੋਕਾਂ ਉੱਪਰ ਫ਼ਰਜ਼ ਕੀਤੇ ਗਏ ਸਨ ਤਾਂ ਕਿ ਤੁਸੀਂ ਪਰਹੇਜ਼ਗਾਰ (ਬੁਰਾਈਆਂ ਤੋਂ ਬਚਣ ਵਾਲੇ) ਬਣੋ।' ਇਕ ਹੋਰ ਥਾਂ ਅੱਲ੍ਹਾ ਪਾਕ ਫਰਮਾਉਂਦੇ ਹਨ ਕਿ 'ਰੋਜ਼ਾ ਮੇਰੇ ਲਈ ਹੈ ਤੇ ਮੈਂ ਇਸ ਦੀ ਜਜ਼ਾ (ਇਨਾਮ) ਵੀ ਖ਼ੁਦ ਹੀ ਦੇਵਾਂਗਾ। ਹਜ਼ਰਤ ਮੁਹੰਮਦ ਸਾਹਿਬ ਫਰਮਾਉਂਦੇ ਹਨ ਕਿ 'ਰੋਜ਼ਾ ਨਰਕ ਦੀ ਅੱਗ ਤੋਂ ਢਾਲ ਹੈ।'

ਰੋਜ਼ਾ ਸੂਰਜ ਨਿਕਲਣ ਤੋਂ ਸਵਾ-ਡੇਢ ਘੰਟਾ ਪਹਿਲਾਂ ਰੱਖਿਆ ਜਾਂਦਾ ਹੈ। ਪਹੁ-ਫੁੱਟਣ ਤੋਂ ਪਹਿਲਾਂ ਰੋਜ਼ੇਦਾਰ ਨੂੰ ਜ਼ਰੂਰਤ ਅਨੁਸਾਰ ਖਾ-ਪੀ ਲੈਣਾ ਚਾਹੀਦਾ ਹੈ। ਸਰਘੀ ਵੇਲੇ ਦੇ ਇਸ ਖਾਣੇ ਨੂੰ 'ਸਿਹਰੀ' ਆਖਦੇ ਹਨ। ਸਿਹਰੀ ਕਰਨਾ ਸੁੰਨਤ ਹੈ। ਸਿਹਰੀ ਦਾ ਖਾਣਾ ਬਹੁਤ ਸਾਰੀਆਂ ਬਰਕਤਾਂ ਨਾਲ ਭਰਪੂਰ ਹੁੰਦਾ ਹੈ। ਸੁੰਨਤ ਉਸ ਕੰਮ ਨੂੰ ਕਿਹਾ ਜਾਂਦਾ ਹੈ, ਜੋ ਕੰਮ ਹਜ਼ਰਤ ਮੁਹੰਮਦ ਸਾਹਿਬ ਨੇ ਅਪਣੇ ਜੀਵਨ 'ਚ ਕੀਤਾ ਹੋਵੇ ਤੇ ਲੋਕਾਂ ਨੂੰ ਉਸ ਕੰਮ ਲਈ ਪ੍ਰੇਰਿਤ ਕੀਤਾ ਹੋਵੇ।

ਰੋਜ਼ੇਦਾਰ ਪੂਰਾ ਦਿਨ ਕੁਝ ਨਹੀਂ ਖਾਂਦਾ-ਪੀਂਦਾ। ਸੂਰਜ ਛਿਪਣ ਨਾਲ ਰੋਜ਼ਾ ਅਫ਼ਤਾਰ ਕੀਤਾ, ਭਾਵ ਰੋਜ਼ਾ ਖੋਲ੍ਹਿਆ ਜਾਂਦਾ ਹੈ। ਰੋਜ਼ੇ ਨੂੰ ਖਜੂਰ ਨਾਲ ਖੋਲ੍ਹਣਾ ਸੁੰਨਤ ਤੇ ਅਫਜ਼ਲ ਸਮਝਿਆ ਜਾਂਦਾ ਹੈ। ਖਜੂਰ ਕਾਰਬੋਹਾਈਡਰੇਟਸ ਨਾਲ ਭਰਪੂਰ ਗ਼ਿਜ਼ਾ ਹੈ। ਇਹ ਖ਼ਾਲੀ ਪੇਟ ਨੂੰ ਦੂਜੇ ਖਾਣੇ ਹਜ਼ਮ ਕਰਨ ਤੇ ਮਿਹਦੇ ਨੂੰ ਤਾਕਤ ਬਖ਼ਸ਼ਣ ਦੇ ਨਾਲ-ਨਾਲ ਭੋਜਨ ਕਰਨ ਦੇ ਯੋਗ ਬਣਾਉਂਦੀ ਹੈ।

ਰੋਜ਼ਿਆਂ ਦੌਰਾਨ ਪੰਜ ਫਰਜ਼ ਨਮਾਜ਼ਾਂ ਤੋਂ ਇਲਾਵਾ ਇਸ਼ਾ ਦੀ ਨਮਾਜ਼ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਮਸਜਿਦ ਵਿਚ ਤਰਾਵੀਹ ਦੀ ਨਮਾਜ਼ ਅਦਾ ਕਰਨ ਦਾ ਅਹਿਤਮਾਮ ਕੀਤਾ ਜਾਂਦਾ ਹੈ। ਇਸ ਦੌਰਾਨ ਮੁਸਲਮਾਨ ਪੂਰਾ ਕੁਰਆਨ ਸੁਣਦੇ ਹਨ।

ਜ਼ਿਕਰਯੋਗ ਹੈ ਕਿ ਰੋਜ਼ਾ ਕੇਵਲ ਪੂਰਾ ਦਿਨ ਭੁੱਖੇ ਰਹਿਣ ਦਾ ਨਾਂ ਨਹੀਂ ਹੈ। ਰੋਜ਼ੇ ਦੌਰਾਨ ਸਾਡੇ ਸਰੀਰ, ਦਿਲ-ਓ-ਦਿਮਾਗ਼ ਅਤੇ ਇਖਲਾਕ 'ਚੋਂ ਰੋਜ਼ੇ ਦੀ ਝਲਕ ਪ੍ਰਤੱਖ ਵਿਖਾਈ ਦੇਣੀ ਚਾਹੀਦੀ ਹੈ। ਰੋਜ਼ੇ ਦੌਰਾਨ ਜਿੱਥੇ ਖਾਣ-ਪੀਣ ਦੀ ਮਨਾਹੀ ਹੈ, ਉੱਥੇ ਆਪਣੀ ਦੇਹ ਨੂੰ ਵੀ ਪਵਿੱਤਰ ਰੱਖਣਾ ਹੁੰਦਾ ਹੈ। ਅੱਖਾਂ ਦਾ ਵੀ ਰੋਜ਼ਾ ਹੁੰਦਾ ਹੈ ਤੇ ਅਸੀਂ ਕੋਈ ਮੰਦੀ ਚੀਜ਼ ਨਹੀਂ ਵੇਖਣੀ। ਕੰਨਾਂ ਦਾ ਰੋਜ਼ਾ ਇਹ ਹੈ ਕਿਸੇ ਦੀ ਚੁਗਲੀ-ਨਿੰਦਿਆ ਨਹੀਂ ਸੁਣਨੀ ਤੇ ਨਾ ਹੀ ਕਿਸੇ ਨੂੰ ਕੁਰਾਹੇ ਪਾਉਣ ਵਾਲੀਆਂ ਆਵਾਜ਼ਾਂ ਸੁਣਨੀਆਂ ਹਨ। ਇਸੇ ਪ੍ਰਕਾਰ ਜ਼ੁਬਾਨ ਦਾ ਰੋਜ਼ਾ ਇਹ ਹੈ ਕਿ ਕਿਸੇ ਨਾਲ ਮੰਦਾ ਨਾ ਬੋਲਿਆ ਜਾਵੇ, ਜ਼ੁਬਾਨ ਤੋਂ ਉਸ ਅੱਲ੍ਹਾ ਪਾਕ ਦੀ ਸਿਫ਼ਤ ਹੀ ਨਿਕਲੇ। ਇਸੇ ਤਰ੍ਹਾਂ ਹੱਥਾਂ ਤੇ ਪੈਰਾਂ ਦਾ ਵੀ ਰੋਜ਼ਾ ਹੈ ਕਿ ਇਨ੍ਹਾਂ ਹੱਥਾਂ ਨਾਲ ਅਸੀਂ ਕੋਈ ਮਾੜਾ ਕਾਰਜ ਨਹੀਂ ਕਰਨਾ ਅਤੇ ਪੈਰਾਂ ਨਾਲ ਚੱਲ ਕੇ ਉਸ ਮਾੜੀ ਥਾਂ ਨਹੀਂ ਜਾਣਾ, ਜਿੱਥੇ ਪਾਪ ਹੁੰਦੇ ਹੋਣ। ਕਿਸੇ ਨਾਲ ਬੇਈਮਾਨੀ ਜਾਂ ਠੱਗੀ ਨਹੀਂ ਮਾਰਨੀ। ਕਿਸੇ ਨਾਲ ਲੜਨਾ ਨਹੀਂ, ਜੇ ਕੋਈ ਲੜੇ ਤਾਂ ਉਸ ਨੂੰ ਇਹੋ ਕਹਿਣਾ ਹੈ ਕਿ ਮੈਂ ਤਾਂ ਰੋਜ਼ੇ ਨਾਲ ਹਾਂ।

### ਜ਼ਕਾਤ

*ਜ਼ਕਾਤ ਉਨ੍ਹਾਂ ਮਾਲਦਾਰ ਜਾਂ ਧਨਵਾਨ ਲੋਕਾਂ 'ਤੇ ਫਰਜ਼ ਹੈ, ਜਿਨ੍ਹਾਂ ਕੋਲ ਸਾਢੇ ਸੱਤ ਤੋਲੇ ਸੋਨਾ ਜਾਂ ਬਵੰਜਾ ਤੋਲੇ ਚਾਂਦੀ ਜਾਂ ਇਸ ਦੀ ਕੀਮਤ ਬਰਾਬਰ ਨਕਦੀ ਹੋਵੇ ਜਾਂ ਚਾਂਦੀ ਅਤੇ ਸੋਨੇ ਦੋਵਾਂ ਦੀ ਸਮੁਚੀ ਮਾਲੀਅਤ ਸਾਢੇ ਬਵੰਜਾ ਤੋਲੇ ਚਾਂਦੀ ਦੇ ਬਰਾਬਰ ਹੋਵੇ ਜਾਂ ਇਸ ਤੋਂ ਵਧੇਰੇ ਚਾਂਦੀ ਜਾਂ ਨਕਦੀ ਆਦਿ ਮੌਜੂਦ ਹੋਵੇ ਤਾਂ ਇਸ ਸੂਰਤ 'ਚ ਜ਼ਕਾਤ ਅਦਾ ਕਰਨਾ ਉਸ ਮੁਸਲਮਾਨ ਫ਼ਰਦ ਲਈ ਵਾਜ਼ਿਬ ਹੋ ਜਾਂਦਾ ਹੈ, ਭਾਵ ਅਜਿਹਾ ਸਰਦੇ-ਪੁੱਜਦੇ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਸਾਲ ਉਪਰੰਤ ਅਪਣੀ ਇਸ ਰਕਮ 'ਚੋਂ ਢਾਈ ਫ਼ੀਸਦੀ ਦੇ ਹਿਸਾਬ ਨਾਲ ਬਣਦੀ ਜ਼ਕਾਤ ਗ਼ਰੀਬਾਂ 'ਚ ਵੰਡੇ। ਇਹ ਵੀ ਲਾਜ਼ਮੀ ਹੈ ਕਿ ਜਦ ਕਿਸੇ ਗ਼ਰੀਬ ਲੋੜਵੰਦ ਨੂੰ ਜ਼ਕਾਤ ਦਿੱਤੀ ਜਾਵੇ ਤਾਂ ਇਸ ਦਾ ਵਿਖਾਵਾ ਨਾ ਕੀਤਾ ਜਾਵੇ।*

### ਰੋਜ਼ੇ ਦੇ ਜਿਸਮਾਨੀ ਫ਼ਾਇਦੇ

ਰੋਜ਼ੇ ਰੱਖਣ ਦੇ ਜਿੱਥੇ ਬਹੁਤ ਸਾਰੇ ਰੂਹਾਨੀ ਫ਼ਾਇਦੇ ਹਨ ਉੱਥੇ ਇਨ੍ਹਾਂ ਤੋਂ ਇਕ ਮੁਸਲਮਾਨ ਨੂੰ ਸੱਚੇ-ਸੁੱਚੇ ਰਹਿਣ, ਨੇਕ ਕੰਮ ਕਰਨ ਤੇ ਬੁਰੇ ਕੰਮਾਂ ਤੋਂ ਬਚਣ ਦੀ ਪ੍ਰੇਰਣਾ ਮਿਲਦੀ ਹੈ। ਰੋਜ਼ਿਆਂ ਦੇ ਬੇਸ਼ੁਮਾਰ ਜਿਸਮਾਨੀ ਫ਼ਾਇਦੇ ਵੀ ਹਨ। ਅਸੀਂ ਜਾਣਦੇ ਹਾਂ ਕਿ ਸਾਡਾ ਸਰੀਰ ਇਕ ਮਸ਼ੀਨ ਵਾਂਗ ਹੈ। ਜਿਵੇਂ ਮਸ਼ੀਨਾਂ ਲਗਾਤਾਰ ਕੰਮ ਕਰਦਿਆਂ ਗਰਮ ਹੋ ਜਾਂਦੀਆਂ ਹਨ ਤਾਂ ਅਸੀਂ ਮਸ਼ੀਨਾਂ ਨੂੰ ਕੁਝ ਸਮੇਂ ਲਈ ਰੋਕ ਲੈਂਦੇ ਹਾਂ ਤਾਂ ਕਿ ਉਹ ਮੁੜ ਵਧੀਆ ਢੰਗ ਨਾਲ ਕੰਮ ਕਰ ਸਕਣ। ਮਸ਼ੀਨ ਵਾਂਗ ਸਾਡਾ ਸਰੀਰ ਵੀ ਬਾਰਾਂ ਮਹੀਨੇ ਚੌਵੀ ਘੰਟੇ ਨਿਰੰਤਰ ਕੰਮ ਕਰਦਾ ਰਹਿੰਦਾ ਹੈ, ਜਿਸ ਕਾਰਨ ਇਸ ਵਿਚ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੋਣ ਜਾਂ ਸਿਹਤ ਖ਼ਰਾਬ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਦੋਂ ਅਸੀਂ ਰਮਜ਼ਾਨ ਮਹੀਨੇ ਰੋਜ਼ੇ ਰੱਖਦੇ ਹਾਂ ਤਾਂ ਸਾਡੇ ਮਿਹਦੇ ਸਮੇਤ ਜਿਸਮ ਦੇ ਸਮੁੱਚੇ ਅੰਗਾਂ ਨੂੰ ਬਹੁਤ ਸਾਰਾ ਆਰਾਮ ਮਿਲਦਾ ਹੈ। ਫਲਸਰੂਪ ਸਰੀਰ ਵੱਖ-ਵੱਖ ਅੰਗ ਸਕੂਨ ਤੇ ਤਰੋ-ਤਾਜ਼ਗੀ ਮਹਿਸੂਸ ਕਰਦੇ ਹਨ।

ਰੋਜ਼ਾ ਰੱਖਣ ਨਾਲ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਰਾਹਤ ਮਿਲਦੀ ਹੈ। ਰੋਜ਼ੇ ਦੌਰਾਨ ਖ਼ੂਨ ਦਾ ਵਹਾਅ ਅਤੇ ਰਫ਼ਤਾਰ ਮੁਨਾਸਿਬ ਹੋ ਜਾਂਦੀ ਹੈ। ਰੋਜ਼ਾ ਰੱਖਣ ਨਾਲ ਹੱਡੀਆਂ ਦੇ ਗੁੱਦੇ ਵਿਚ ਸਰੀਰ ਦੀ ਲੋੜ ਅਨੁਸਾਰ ਖ਼ੂਨ ਦੇ ਨਵੇਂ ਖੁਲੀਏ ਬਣਦੇ ਹਨ। ਰੋਜ਼ੇ ਵੱਧਦੇ ਹੋਏ ਵਜ਼ਨ ਲਈ ਵੀ ਲਾਭਦਾਇਕ ਹਨ। ਬਲੱਡ ਪ੍ਰੈਸ਼ਰ ਅਤੇ ਵੱਧਰੇ ਕੋਲੈਸਟ੍ਰੋਲ ਤੋਂ ਪੀੜਤ ਮਰੀਜ਼ਾਂ ਨੂੰ ਇਸ ਤਕਲੀਫ਼ ਤੋਂ ਰਾਹਤ ਮਿਲਦੀ ਹੈ।

ਕੁੱਲ ਮਿਲਾ ਕੇ ਰੋਜ਼ਾ ਇਕ ਅਜਿਹਾ ਅਭਿਆਸ ਹੈ, ਜੋ ਮਨੁੱਖ ਨੂੰ ਸਬਰ, ਸੰਤੋਖ ਸੁਹਿਰਦਤਾ, ਦਿਆਲੂ, ਸਹਿਜਤਾ, ਨੇਕੀ ਆਦਿ ਵਡਮੁੱਲੇ ਗੁਣਾਂ ਦਾ ਧਾਰਨੀ ਬਣਾਉਂਦਾ ਹੈ। ਰੋਜ਼ਾ ਇਕ ਅਜਿਹੀ ਇਬਾਦਤ, ਅਰਾਧਨਾ ਜਾਂ ਭਗਤੀ ਹੈ, ਜੋ ਮਨੁੱਖ ਨੂੰ ਹਕੀਕੀ ਅਰਥਾਂ ਵਿਚ ਇਨਸਾਨੀਅਤ ਦਾ ਸਬਕ ਦਿੰਦਿਆਂ ਉਸ ਅੱਲ੍ਹਾ ਪਾਕ ਦੇ ਨੇੜੇ ਲੈ ਕੇ ਆਉਂਦੀ ਹੈ। •

98552-59650

# ਭਗਤੀ, ਸ਼ਕਤੀ ਤੇ ਬ੍ਰਹਮ-ਵਿੱਦਿਆ ਦੇ ਸੋਮੇ ਭਗਵਾਨ ਸ਼੍ਰੀ ਪਰਸ਼ੂਰਾਮ

**ਤਲਵਿੰਦਰ ਸ਼ਾਸਤਰੀ ਨਾਰੀਕੇ**

ਜਦੋਂ ਵੀ ਧਰਤ 'ਤੇ ਪਾਪ ਅਤੇ ਅੱਤਿਆਚਾਰ ਵਧੇ ਹਨ, ਉਦੋਂ-ਉਦੋਂ ਪਾਪ ਤੇ ਪਾਪੀਆਂ ਦਾ ਨਾਸ਼ ਕਰਨ ਤੇ ਧਰਮ ਦੀ ਸਥਾਪਨਾ ਲਈ ਈਸ਼ਵਰ ਆਪ ਮਨੁੱਖੀ ਰੂਪ 'ਚ ਅਵਤਾਰ ਧਾਰਣ ਕਰਦੇ ਹਨ। ਇਹ ਪਵਿੱਤਰ ਬੋਲ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨਾਲ ਸੰਵਾਦ ਦੌਰਾਨ ਉਚਾਰੇ ਸਨ, ਜੋ ਸ੍ਰੀਮਦ ਭਗਵਤ ਗੀਤਾ 'ਚ ਦਰਜ ਹਨ। ਅਜਿਹਾ ਹਰ ਯੁਗ ਅੰਦਰ ਹੁੰਦਾ ਆਇਆ ਹੈ। ਅਜਿਹੇ ਹੀ ਅਰਾਜਕਤਾ ਭਰੇ ਮਾਹੌਲ ਵਿਚ ਭਗਵਾਨ ਪਰਸ਼ੂਰਾਮ ਜੀ ਨੇ ਅਵਤਾਰ ਧਾਰਨ ਕਰ ਕੇ ਚੰਡਾਲ ਲੋਕਾਂ ਦੇ ਜ਼ੁਲਮਾਂ ਤੋਂ ਆਮ ਲੋਕਾਂ, ਸੰਤਾਂ ਤੇ ਰਿਸ਼ੀਆਂ ਮੁਨੀਆਂ ਨੂੰ ਬਚਾਇਆ ਅਤੇ ਧਰਤੀ ਨੂੰ ਅਤਿਆਚਾਰੀ ਤੇ ਜ਼ਾਲਮ ਰਾਜਿਆਂ ਤੋਂ ਮੁਕਤ ਕਰਵਾ ਕੇ ਧਰਮ-ਕਰਮ ਦੀ ਸਥਾਪਨਾ ਕੀਤੀ। ਮਹਾਕਵੀ ਰਾਮਧਾਰੀ ਸਿੰਘ ਦਿਨਕਰ ਭਗਵਾਨ ਦੀ ਉਸਤਤ 'ਚ ਲਿਖਦੇ ਹਨ :

ਮੁੱਖ ਮੇਂ ਵੇਦ, ਪੀਠ ਪਰ ਤਰਕਸ਼,
ਕਰ ਮੇਂ ਕਠਿਨ ਕੁਠਾਰ ਵਿਮਲ।
ਸ਼ਾਪ ਔਰ ਸ਼ਰ ਦੋਨੋਂ ਹੀ ਥੇ
ਜਿਸ ਮਹਾਨ ਰਿਸ਼ੀ ਕੇ ਸੰਬਲ।

ਵੇਦ-ਸ਼ਾਸਤਰਾਂ ਵਿਚ ਲਿਖਿਆ ਹੈ ਕਿ ਭਗਵਾਨ ਵਿਸ਼ਨੂੰ ਜੀ ਦੇ 10 ਅਵਤਾਰ 'ਮਤੱਸਯਾ ਅਵਤਾਰ', 'ਕੂਰਮ ਅਵਤਾਰ' 'ਵਾਰਾਹ ਅਵਤਾਰ', 'ਨਰਸਿੰਹ ਅਵਤਾਰ', 'ਵਾਮਨ ਅਵਤਾਰ', 'ਪਰਸ਼ੂਰਾਮ ਅਵਤਾਰ', 'ਸ਼੍ਰੀਰਾਮ ਅਵਤਾਰ', 'ਸ਼੍ਰੀ ਕ੍ਰਿਸ਼ਨ ਅਵਤਾਰ', 'ਬੁੱਧ ਅਵਤਾਰ', 'ਕਲਕਿ ਅਵਤਾਰ' ਹੋਏ ਹਨ। ਸ਼ਾਸਤਰਾਂ ਦਾ ਮਤ ਹੈ ਕਿ 'ਕਲਕਿ ਅਵਤਾਰ' ਭਵਿੱਖ ਦੇ ਅਵਤਾਰ ਹੋਣਗੇ।

ਭਗਵਾਨ ਪਰਸ਼ੂਰਾਮ ਜੀ ਭਗਵਾਨ ਵਿਸ਼ਨੂੰ ਜੀ ਦੇ 6ਵੇਂ ਅੰਸ਼-ਅਵਤਾਰ ਹਨ। ਭਗਵਾਨ ਪਰਸ਼ੂਰਾਮ ਨੇ ਰਿਸ਼ੀ ਯਮਦਗਨੀ ਦੀ ਧਰਮਾਤਮਾ ਪਤਨੀ ਰੇਣੂਕਾ ਜੀ ਦੀ ਕੁੱਖੋਂ ਵਿਸ਼ਾਖ ਮਹੀਨੇ ਦੇ ਸ਼ੁਕਲ ਪੱਖ ਦੀ ਅਕਸ਼ੈ ਤ੍ਰਿਤੀਆ (ਤੀਜ) ਨੂੰ ਰਾਤ ਦੇ ਪਹਿਲੇ ਪਹਿਰ ਅਵਤਾਰ ਧਾਰਨ ਕੀਤਾ। ਰੇਣੂਕਾ ਜੀ ਈਕਸ਼ਵਾਕੂ ਵੰਸ਼ ਦੇ ਮਹਾਰਾਜਾ ਪ੍ਰਸੇਨਜਿਤ ਦੀ ਸਪੁੱਤਰੀ ਸੀ। ਭਗਵਾਨ ਪਰਸ਼ੂਰਾਮ ਦੇ ਬਚਪਨ ਦਾ ਨਾਂ ਰਾਮ ਸੀ। ਆਪ ਆਪਣੇ ਭਰਾਵਾਂ ਰੁਕਮਵਾਨ, ਸੁਸ਼ੇਣਵਸੂ, ਵਿਸ਼ਵਾਸੂ ਤੋਂ ਸਭ ਤੋਂ ਛੋਟੇ ਸਨ। ਆਪ ਭਗਵਾਨ ਸ਼ਿਵ ਦੀ ਤਪੱਸਿਆ 'ਚ ਲੀਨ ਰਹਿੰਦੇ। ਭਗਵਾਨ ਸ਼ਿਵ ਨੇ ਉਨ੍ਹਾਂ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਪਰਸਾ (ਫਰਸਾ) ਤੇ ਤੀਰਾਂ ਤੋਂ ਕਦੇ ਸੱਖਣਾ ਨਾ ਹੋਣ ਵਾਲਾ ਤਰਕਸ ਵਰਦਾਨ ਵਜੋਂ ਦਿੱਤਾ। ਭਗਵਾਨ ਮਹਾਦੇਵ ਦੀ ਆਗਿਆ ਅਨੁਸਾਰ ਆਪ ਨੂੰ ਪਰਸੇ ਦੀ ਵਰਤੋਂ ਗ਼ਰੀਬਾਂ ਤੇ ਮਜ਼ਲੂਮਾਂ ਦੇ ਹੱਕ 'ਚ ਕਰਦਿਆਂ ਦੇਖ ਕੇ ਪ੍ਰਿਥਵੀ ਵਾਸੀਆਂ ਨੇ 'ਪਰਸ਼ੂਰਾਮ' ਦੇ ਨਾਂ ਨਾਲ ਆਪ ਦੀ ਜੈ-ਜੈਕਾਰ ਕੀਤੀ।

ਭਗਵਾਨ ਪਰਸ਼ੂਰਾਮ ਦੀ ਆਲੌਕਿਕ ਸੁੰਦਰਤਾ ਦਾ ਵਰਨਣ ਕਰਦਿਆਂ ਸ਼੍ਰੀਰਾਮ ਚਰਿਤਮਾਨਸ ਵਿਚ ਗੋਸਵਾਮੀ ਤੁਲਸੀਦਾਸ ਆਖਦੇ ਹਨ, 'ਭ੍ਰਿਗੂਕੁਲ ਰੂਪੀ ਕਮਲ ਦੇ ਸੂਰਜ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੇ ਸੀਸ 'ਤੇ ਜਟਾਵਾਂ, ਵਿਸ਼ਾਲ ਮੱਥੇ 'ਤੇ ਤ੍ਰਿਪੁੰਡਰ (ਤਿਲਕ), ਗੋਰੇ ਸਰੀਰ 'ਤੇ ਵਿਭੂਤੀ (ਰਾਖ), ਬੈਲ ਦੇ ਸਮਾਨ ਮੋਢੇ ਤੇ ਪਵਿੱਤਰ ਜਨੇਊ ਸ਼ੋਭਾ ਦੇ ਰਿਹਾ ਹੈ, ਦੋ ਤਰਕਸ਼, ਗਲ ਵਿਚ ਮਾਲਾ, ਕਮਰ 'ਤੇ ਮ੍ਰਿਗਚਰਮ ਤੇ ਮੁਨੀਆਂ ਵਾਲੇ ਵਸਤਰ, ਹੱਥ ਵਿਚ ਧਨੁਸ਼-ਬਾਣ ਤੇ ਮੋਢੇ 'ਤੇ ਸੁੰਦਰ ਪਰਸ਼ਾ ਸਜੇ ਹੋਏ ਹਨ। ਅਜਿਹਾ ਅਲੌਕਿਕ ਦ੍ਰਿਸ਼, ਜਿਵੇਂ ਸਾਖਿਆਤ ਬੀਰ-ਰਸ ਹੀ ਮਨੁੱਖੀ ਰੂਪ ਵਿਚ ਆਇਆ ਹੋਵੇ।

ਸਰਸਵਤੀ ਕਿਨਾਰੇ ਸਥਿਤ ਉਹ ਭੂਮੀ, ਜਿਸ ਨੂੰ ਯੱਗ-ਹਵਨ ਤੇ ਪੂਜਾ ਅਰਾਧਨਾ ਦੀ ਭੂਮੀ ਆਖਿਆ ਜਾਂਦਾ ਹੈ, ਭਗਵਾਨ ਪਰਸ਼ੂਰਾਮ ਜੀ ਦੀ ਜਨਮ ਭੂਮੀ ਹੈ। ਭਗਵਾਨ ਪਰਸ਼ੂਰਾਮ ਭਗਤੀ ਤੇ ਸ਼ਕਤੀ ਦੇ ਪ੍ਰਤੀਕ, ਗਿਆਨ ਦੇ ਸੋਮੇ, ਯੋਗ, ਵੇਦ, ਨੀਤੀ ਵਿਚ ਨਿਪੁੰਨ, ਬ੍ਰਹਮ ਵਿੱਦਿਆ ਤੇ ਸ਼ਸਤਰ-ਵਿੱਦਿਆ ਵਿਚ ਕੁਸ਼ਲ ਸਨ। ਭਗਵਾਨ ਪਰਸ਼ੂਰਾਮ ਨੇ ਸ਼ਸਤਰਾਂ ਦੀ ਵਰਤੋਂ ਕਿਸੇ ਧਰਮ ਜਾਂ ਜਾਤੀ ਵਿਰੁੱਧ ਨਹੀਂ ਬਲਕਿ ਇਨ੍ਹਾਂ ਨੂੰ ਤਾਕਤ ਦੇ ਨਸ਼ੇ ਵਿਚ ਚੂਰ ਜ਼ਾਲਮ ਰਾਜਿਆਂ ਵਿਰੁੱਧ ਉਠਾਇਆ।

ਭਗਵਾਨ ਪਰਸ਼ੂਰਾਮ ਬਾਰੇ ਕਿਸੇ ਵਿਦਵਾਨ ਨੇ ਲਿਖਿਆ ਹੈ, 'ਅਧਿਆਤਮਵਾਦ ਦੀ ਦੁਨੀਆ ਇਹ ਮੰਨਦੀ ਹੈ ਕਿ ਭਗਵਾਨ ਪਰਸ਼ੂਰਾਮ ਆਪ ਹੀ ਭਗਤ, ਭਗਤੀ ਤੇ ਭਗਵਾਨ ਹਨ। ਤਪੱਸਿਆ ਵਿਚ ਸ਼੍ਰਿਮਣੀ ਅਤੇ ਤੇਜ਼ ਵਿਚ ਅਨੁਪਮ ਹਨ। ਉਨ੍ਹਾਂ ਲਈ ਮਾਤਾ-ਪਿਤਾ ਹੀ ਈਸ਼ਵਰ ਰੂਪ ਸਨ। ਆਪ ਨੇ ਮਾਤਾ-ਪਿਤਾ ਦੀ ਹਰ ਆਗਿਆ ਨੂੰ 'ਈਸ਼ਵਰ-ਆਗਿਆ' ਮੰਨ ਕੇ ਖਿੜ੍ਹੇ ਮੱਥੇ ਪ੍ਰਵਾਨ ਕੀਤਾ।

ਇਕ ਪੌਰਾਣਿਕ ਕਥਾ ਅਨੁਸਾਰ ਕਾਰਤਵੀਰਯ ਅਰਜੁਨ ਨਾਂ ਦੇ ਰਾਜਾ ਨੇ ਭਗਵਾਨ ਪਰਸ਼ੂਰਾਮ ਜੀ ਦੇ ਤਪੱਸਿਆ ਲਈ ਜਾਣ ਮਗਰੋਂ ਉਨ੍ਹਾਂ ਦੇ ਪਿਤਾ ਰਿਸ਼ੀ ਜਮਦਗਨੀ ਦੇ ਆਸ਼ਰਮ 'ਤੇ ਹਮਲਾ ਕਰ ਕੇ ਉਨ੍ਹਾਂ ਦਾ ਕਤਲ ਕਰ ਦਿੱਤਾ ਤੇ ਆਸ਼ਰਮ ਨੂੰ ਤਹਿਸ਼-ਨਹਿਸ਼ ਕਰ ਕੇ ਇੱਛਾਵਾਂ ਪੂਰੀਆਂ ਕਰਨ ਵਾਲੀ ਕਾਮਧੇਨੂ ਗਊ ਚੁਰਾ ਲਈ।।ਇਹ ਗਿਆਤ ਹੋਣ 'ਤੇ ਪਰਸ਼ੂਰਾਮ ਜੀ ਨੇ ਪਾਪੀ ਰਾਜਾ ਕਾਰਤਵੀਰਯ ਅਰਜੁਨ ਤੇ ਉਸ ਦੇ ਵੰਸ਼ ਨੂੰ ਖ਼ਤਮ ਕਰ ਕੇ ਸਾਰਾ ਰਾਜ-ਭਾਗ ਮਹਾਰਿਸ਼ੀ ਕੱਸ਼ਯਪ ਨੂੰ ਸੌਂਪ ਦਿੱਤਾ। ਇਸ ਪ੍ਰਕਾਰ ਭਗਵਾਨ ਪਰਸ਼ੂਰਾਮ ਨੇ 21 ਵਾਰ ਸਾਰੀ ਧਰਤੀ ਫ਼ਤਹਿ ਕੀਤੀ। ਸਾਰੀ ਧਰਤੀ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਵੀ ਭਗਵਾਨ ਪਰਸ਼ੂਰਾਮ ਦੇ ਮਨ 'ਚ ਕਦੇ 'ਰਾਜਸੁੱਖ' ਦੀ ਇੱਛਾ ਨਹੀਂ ਹੋਈ। ਆਪ ਸਾਰੀ ਧਰਤੀ ਦਾ ਦਾਨ ਰਿਸ਼ੀਆਂ ਨੂੰ ਕਰ ਕੇ, ਤਿਆਗ ਦੀ ਮੂਰਤੀ ਸਿੱਧ ਹੋਏ। ਇਸੇ ਲਈ ਉਨ੍ਹਾਂ ਨੂੰ 'ਦਾਨਵੀਰ' ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।

ਭਗਵਾਨ ਪਰਸ਼ੂਰਾਮ ਜੀ ਚਿਰੰਜੀਵੀ ਹਨ। ਉਨ੍ਹਾਂ ਨੇ ਆਪਣਾ ਸ਼ਰੀਰ ਤਿਆਗਿਆ ਨਹੀਂ। ਅੱਜ ਵੀ ਉਨ੍ਹਾਂ ਦੇ ਮਹੇਂਦਰਾਂਚਲ ਗਿਰੀ 'ਤੇ ਤਪੱਸਿਆ 'ਚ ਲੀਨ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। ਮਰਿਆਦਾ ਪੁਰਸ਼ੋਤਮ ਸ਼੍ਰੀਰਾਮ ਵੱਲੋਂ ਪਰਸ਼ੂਰਾਮ ਜੀ ਅੱਗੇ ਆਦਰ ਸਹਿਤ ਸਿਰ ਝੁਕਾਉਣਾ ਪਰਸ਼ੂਰਾਮ ਜੀ ਨੂੰ 'ਭਗਵਾਨ' ਦੇ ਰੂਪ ਵਿਚ ਸੁਸ਼ੋਭਿਤ ਕਰਦਾ ਹੈ। ਆਓ, ਭਗਵਾਨ ਪਰਸ਼ੂਰਾਮ ਜੀ ਦੀ ਪਵਿੱਤਰ ਜੈਅੰਤੀ ਮੌਕੇ ਸੰਕਲਪ ਕਰੀਏ ਕਿ ਸਮਾਜ 'ਚ ਫੈਲੀਆਂ ਕੁਰੀਤੀਆਂ ਦੇ ਹਨ੍ਹੇਰੇ, ਜ਼ੁਲਮਾਂ ਤੇ ਪਾਪਾਂ ਵਿਰੁੱਧ ਲੋੜ ਪੈਣ 'ਤੇ ਜੂਝਣ ਤੋਂ ਗੁਰੇਜ ਨਹੀਂ ਕਰਾਂਗੇ। ਇਸ ਧਰਤੀ ਨੂੰ ਧਰਮ-ਕਰਮ, ਪ੍ਰੇਮ, ਸ਼ਾਂਤੀ, ਦਇਆ ਤੇ ਭਾਈਚਾਰਕ ਸਾਂਝ ਨਾਲ ਸ਼ਿੰਗਾਰੀਏ। ਇਹੀ ਭਗਵਾਨ ਪਰਸ਼ੂਰਾਮ ਜੀ ਪ੍ਰਤੀ ਸਾਡੀ ਸੱਚੀ ਸ਼ਰਧਾ ਹੋਵੇਗੀ। •

94643-48258



1 ਮਈ, ਜਯੰਤੀ 'ਤੇ

# ਖ਼ਾਲਸਾ ਰਾਜ ਦਾ ਮੋਢੀ ਬਾਬਾ ਬੰਦਾ ਸਿੰਘ ਬਹਾਦਰ

**ਧਰਮਿੰਦਰ ਸਿੰਘ ਚੱਬਾ**



12 ਮਈ, ਸਰਹਿੰਦ ਫ਼ਤਹਿ ਦਿਵਸ 'ਤੇ

ਸਰਹਿੰਦ ਇਕ ਪੁਰਾਣਾ ਸ਼ਹਿਰ ਹੈ। ਪਹਿਲਾਂ ਇਹ ਸਮਾਣੇ ਦੇ ਅਧੀਨ ਸੀ। ਫ਼ਿਰੋਜ਼ਸ਼ਾਹ ਤੁਗ਼ਲਕ ਨੇ ਇਸ ਨੂੰ ਵੱਖਰਾ ਪਰਗਣਾ ਬਣਾਇਆ। ਸ਼ਾਹੀ ਸੜਕ 'ਤੇ ਹੋਣ ਕਾਰਨ ਇਹ ਦਿਨੋਂ ਦਿਨ ਵੱਧਦਾ ਗਿਆ ਤੇ ਮੁਗ਼ਲਾਂ ਦੇ ਸਮੇਂ ਸਰਹਿੰਦ ਦੇ ਅਧੀਨ ਸਮਾਣਾ ਆਦਿ 28 ਪਰਗਣੇ ਸਨ।

ਮੁਗ਼ਲ ਬਾਦਸ਼ਾਹ ਕਸ਼ਮੀਰ ਆਉਂਦੇ-ਜਾਂਦੇ ਇਥੇ ਠਹਿਰਦੇ ਸਨ। ਸ਼ਾਹੀ ਮਹਿਲ, ਸੁੰਦਰ ਬਾਗ਼, ਤਲਾਅ ਤੇ ਸੈਰਗਾਹਾਂ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ। ਬੜੇ-ਬੜੇ ਆਲਮ ਫ਼ਾਜ਼ਲ, ਧਨਾਢ ਸ਼ਾਹੂਕਾਰ ਤੇ ਸੱਰਾਫ਼ ਇਥੇ ਵੱਸਦੇ ਸਨ। ਇਸ ਦੇ ਨਾਲ ਹੀ ਸਰਹਿੰਦ ਸ਼ਹਿਰ 'ਚ ਪਾਪ ਵੀ ਬਹੁਤ ਵੱਧ ਗਏ ਸਨ। ਇਲਾਕੇ ਦੇ ਲੋਕ ਹਾਕਮਾਂ ਤੋਂ ਦੁਖੀ ਸਨ। ਧੀਆਂ-ਭੈਣਾਂ ਦੀ ਇੱਜ਼ਤ ਮਹਿਫ਼ੂਜ਼ ਨਹੀਂ ਸੀ। ਕਿਸੇ ਦਾ ਵੀ ਘਰ-ਬਾਰ ਲੁੱਟ ਲਿਆ ਜਾਂਦਾ ਸੀ।

ਗੁਰੂ ਦੇ ਸਿੱਖਾਂ 'ਤੇ ਵੀ ਸਰਹਿੰਦ ਤੇ ਆਸ-ਪਾਸ ਦੇ ਸ਼ਹਿਰਾਂ 'ਚ ਬਹੁਤ ਜ਼ੁਲਮ ਹੋਏ। ਸਮਾਣੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਰਹਿੰਦੇ ਸਨ। ਸਢੌਰੇ ਪੀਰ ਬੁੱਧੂ ਸ਼ਾਹ ਜੀ ਨੂੰ ਸ਼ਹੀਦ ਕਰਨ ਵਾਲਾ ਹਾਕਮ ਉਸਮਾਨ ਖ਼ਾਂ ਰਹਿੰਦਾ ਸੀ। ਸਰਹਿੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣ ਕੇ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਸਰਹਿੰਦ 'ਚ ਵਜ਼ੀਰ ਖ਼ਾਂ, ਸੁੱਚਾ ਨੰਦ ਤੇ ਹੋਰ ਬਹੁਤ ਸਾਰੇ ਪਾਪੀਆਂ ਨੇ ਅੱਤ ਚੁੱਕੀ ਹੋਈ ਸੀ। ਇਸ ਲਈ ਸਿੱਖਾਂ ਨੂੰ ਇਸ ਗੁਰੂ ਮਾਰੀ ਸਰਹਿੰਦ ਨਾਲ ਹਿਸਾਬ-ਕਿਤਾਬ ਚੁਕਤਾ ਕਰਨਾ ਸੀ। ਇਸ ਲਈ ਇਕ ਬਹਾਦਰ ਸੂਰਬੀਰ ਯੋਧੇ ਦੀ ਲੋੜ ਸੀ।

ਇਕ ਸਵੇਰ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਡੇਰੇ ਪਹੁੰਚੇ। ਉਸ ਦੇ ਪਲੰਘ 'ਤੇ ਬਿਰਾਜਮਾਨ ਹੋ ਗਏ। ਸ੍ਰੀ ਗੁਰ ਪੰਥ ਪ੍ਰਕਾਸ਼ 'ਚ ਰਤਨ ਸਿੰਘ ਭੰਗੂ ਲਿਖਦੇ ਹਨ :

ਪਹੁੰਚਯੋ ਸਤਿਗੁਰ ਜਿਹ ਸਮੈਂ,
ਗਯੋ ਬੰਦੋ ਕਹੂੰ ਔਰ।
ਪਲੰਘ ਸ਼ਿੰਗਾਰਯੋ ਦੇਖਿ ਕੈ
ਗੁਰ ਚੜ੍ਹ ਬੈਠੇ ਦੌਰ।

ਮਾਧੋ ਦਾਸ ਉਸ ਸਮੇਂ ਡੇਰੇ 'ਚ ਨਹੀ ਸੀ। ਮਾਧੋ ਦਾਸ ਦੇ ਪੰਜ ਬੀਰ ਆਪਣੀ ਕਰਾਮਾਤੀ ਸ਼ਕਤੀ ਫੇਲ੍ਹ ਹੁੰਦੀ ਵੇਖ ਕੇ ਮਾਧੋ ਦਾਸ ਕੋਲ ਪੁੱਜੇ ਤੇ ਸਾਰੀ ਕਹਾਣੀ ਦੱਸੀ। ਮਾਧੋ ਦਾਸ ਨੇ ਡੇਰੇ ਪਹੁੰਚ ਕੇ ਰਿੱਧੀਆਂ-ਸਿੱਧੀਆਂ ਦੀ ਵਰਤੋਂ ਕੀਤੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਸਭ ਫੇਲ੍ਹ ਹੋ ਗਈਆਂ। ਮਾਧੋ ਦਾਸ ਢਹਿ ਕੇ ਪੈਰੀਂ ਪੈ ਗਿਆ। ਗੁਰੂ ਸਾਹਿਬ ਨੇ ਉਸ ਨੂੰ ਅੰਮ੍ਰਿਤ ਛਕਾ ਕੇ, ਸਿੰਘ ਸਜਾ ਕੇ ਮਾਧੋ ਦਾਸ ਤੋਂ ਬੰਦਾ ਸਿੰਘ ਬਣਾ ਦਿੱਤਾ। ਬੰਦਾ ਸਿੰਘ ਨੂੰ ਸਿੱਖਾਂ ਦੀਆਂ ਸ਼ਹੀਦੀਆਂ ਦਾ ਇਤਿਹਾਸ ਸੁਣਾਇਆ ਗਿਆ। ਬੰਦਾ ਸਿੰਘ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਡੌਲ਼ੇ ਫੜਕ ਉੱਠੇ। ਬੰਦਾ ਸਿੰਘ ਨੂੰ ਗੁਰੂ ਸਾਹਿਬ ਨੇ ਆਪਣੇ ਭੱਥੇ 'ਚੋਂ ਪੰਜ ਤੀਰ, ਇਕ ਨਗਾਰਾ, ਇਕ ਨਿਸ਼ਾਨ ਸਾਹਿਬ, ਪੰਜ ਪ੍ਰਮੁੱਖ ਸਿੰਘ, ਹੁਕਮਨਾਮਾ, ਪੱਚੀ ਸਿੰਘਾਂ ਦਾ ਜਥਾ ਤੇ ਥਾਪੜਾ ਦੇ ਕੇ ਜਰਨੈਲ ਥਾਪ ਕੇ ਪੰਜਾਬ ਵੱਲ ਤੋਰਿਆ ਤੇ ਨਾਲ ਨਸੀਹਤਾਂ ਦਿੱਤੀਆਂ ਕਿ ਆਪਾ ਨਹੀਂ ਭੁੱਲਣਾ, ਜਤ-ਸਤ ਦੇ ਪੱਕੇ ਰਹਿਣਾ, ਗ਼ਰੀਬ-ਮਾਰ ਨਹੀਂ ਕਰਨੀ। ਆਪ ਦੀ ਸਦਾ ਚੜ੍ਹਦੀ ਕਲਾ ਹੋਵੇਗੀ।

ਨੰਦੇੜ ਤੋਂ ਚੱਲਣ ਸਮੇਂ ਬੰਦਾ ਸਿੰਘ ਨੇ ਖ਼ਾਲਸੇ ਦੀ ਖਿੰਡਰੀ-ਪੁੰਡਰੀ ਸ਼ਕਤੀ ਨੂੰ ਦੁਬਾਰਾ ਇਕ ਝੰਡੇ ਥੱਲੇ ਇੱਕਠਾ ਕਰਨ ਦੀ ਸ਼ੁਰੂਆਤ ਕੀਤੀ। ਸਿੱਖ ਕੌਮ ਨੂੰ ਜਥੇਬੰਦ ਕੀਤਾ। ਮਾਰੋ-ਮਾਰ ਕਰਦਾ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਪੁੱਜਾ ਤੇ ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੰਘਾਂ ਦੇ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ। ਹੁਕਮਨਾਮੇ ਮਿਲਦਿਆਂ ਸਿੰਘ ਤਿਆਰੀਆਂ ਵਿਚ ਜੁਟ ਗਏ। 26 ਨਵੰਬਰ 1709 ਨੂੰ ਸਮਾਣੇ 'ਤੇ ਹਮਲਾ ਕੀਤਾ ਗਿਆ, ਕਿਉਂਕਿ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲ-ਉਦ-ਦੀਨ ਸਮਾਣੇ ਦਾ ਰਹਿਣ ਵਾਲਾ ਸੀ। ਇਸ ਤੋਂ ਬਾਅਦ ਸਢੌਰਾ ਨੂੰ ਮਲੀਆਮੇਟ ਕੀਤਾ, ਕਿਉਂਕਿ ਗੁਰੂ ਘਰ ਦੇ ਅਨਿੰਨ ਸੇਵਕ ਪੀਰ ਬੁੱਧੂ ਸ਼ਾਹ ਨੂੰ ਇਥੋਂ ਦੇ ਹਾਕਮ ਉਸਮਾਨ ਖ਼ਾਂ ਨੇ ਸ਼ਹੀਦ ਕੀਤਾ ਸੀ। ਮਈ 1710 ਨੂੰ ਚੱਪੜਚਿੜੀ ਦੇ ਮੈਦਾਨ 'ਚ ਭਿਅੰਕਰ ਜੰਗ ਹੋਈ। ਮੁਗ਼ਲ ਫ਼ੌਜ 'ਚ ਭਾਜੜ ਪੈ ਗਈ। ਫਿਰ ਵਾਰੀ ਆਈ ਸਰਹਿੰਦ ਸ਼ਹਿਰ ਦੀ, ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਸੀ।

24 ਮਈ ਨੂੰ ਸਿੱਖ ਫ਼ੌਜ ਸਰਹਿੰਦ ਪੁੱਜੀ। ਮੁਹੰਮਦ ਕਾਸਮ 'ਇਬਰਤ ਨਾਮਾ' 'ਚ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਪੂਰੇ ਜੋਸ਼ ਨਾਲ ਸਰਹਿੰਦ 'ਤੇ ਹਮਲਾ ਕੀਤਾ। ਗਲੀਆਂ ਬਾਜ਼ਾਰਾਂ 'ਚ ਲਹੂ-ਮਿੱਝ ਦਾ ਘਾਣ ਮਚ ਗਿਆ। ਸ਼ਾਹੀ ਸ਼ਾਨ ਨਾਲ ਵੱਸਦਾ ਸ਼ਹਿਰ ਉਜਾੜ ਹੋ ਗਿਆ। ਕਾਮਵਰ ਖ਼ਾਂ ਲਿਖਦਾ ਹੈ ਕਿ ਵਜ਼ੀਰ ਖ਼ਾਂ ਦੇ ਘਰੋਂ ਦੋ ਕਰੋੜ ਰੁਪਿਆ ਤੇ ਸੁੱਚਾ ਨੰਦ ਦੇ ਘਰੋਂ ਲੱਖਾਂ ਰੁਪਏ ਸਿੰਘਾਂ ਦੇ ਹੱਥ ਲੱਗੇ। ਵਜ਼ੀਰ ਖ਼ਾਂ ਦਾ ਪੁੱਤਰ ਪਰਿਵਾਰ ਸਮੇਤ ਜਾਨ ਬਚਾ ਕੇ ਦਿੱਲੀ ਭੱਜਣ 'ਚ ਕਾਮਯਾਬ ਹੋ ਗਿਆ। ਤਿੰਨ ਦਿਨ ਸਿੰਘਾਂ ਨੇ ਸ਼ਹਿਰ ਨੂੰ ਖ਼ੂਬ ਲੁੱਟਿਆ।

ਵਜ਼ੀਰ ਖ਼ਾਂ ਨੂੰ ਸਿੰਘਾਂ ਨੇ ਚੱਪੜਚਿੜੀ ਦੇ ਮੈਦਾਨ 'ਚੋਂ ਫੜ ਲਿਆ ਸੀ ਤੇ ਸੁੱਚਾ ਨੰਦ ਵੀ ਪਰਿਵਾਰ ਸਮੇਤ ਫੜਿਆ ਗਿਆ। ਗਿਆਨੀ ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਸਾਰੇ ਪਾਪੀਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਸਾਹਮਣੇ ਪੇਸ਼ ਕੀਤਾ ਗਿਆ। ਬਾਬਾ ਜੀ ਨੇ ਵਜ਼ੀਰ ਖ਼ਾਂ ਨੂੰ ਉਸ ਵੱਲੋਂ ਕੀਤੇ ਪਾਪ ਯਾਦ ਕਰਵਾਏ ਤੇ ਸਿੱਖਾਂ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਉਸ ਦੀਆਂ ਲੱਤਾਂ ਬੰਨ੍ਹ ਕੇ, ਵਹਿੜਕਿਆਂ ਮਗਰ ਪਾ ਕੇ ਸਾਰੇ ਸ਼ਹਿਰ 'ਚ ਘੜੀਸਿਆ ਤੇ ਫਿਰ ਸਹਿਕਦੇ ਹੋਏ ਨੂੰ ਅੱਗ 'ਚ ਸੁੱਟਿਆ ਗਿਆ ਤੇ ਅਖ਼ੀਰ ਅੱਧ ਜਲੇ ਦੀ ਲੋਥ ਨੂੰ ਦਰੱਖ਼ਤ ਨਾਲ ਪੁੱਠਾ ਲਟਕਾ ਦਿੱਤਾ, ਜਿੱਥੇ ਕਈ ਦਿਨ ਉਸ ਦੀ ਲਾਸ਼ ਨੂੰ ਇੱਲਾਂ ਤੇ ਕਾਂ ਖਾਂਦੇ ਰਹੇ। ਫਿਰ ਵਾਰੀ ਆਈ ਸੁੱਚਾ ਨੰਦ ਦੀ। ਉਸ ਦੇ ਜ਼ੋਰ ਪਾਉਣ 'ਤੇ ਹੀ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ। ਸੁੱਚਾ ਨੰਦ ਨੂੰ ਮੰਦੇ ਹਾਲ ਕਰ ਕੇ ਗਲੀਆਂ 'ਚ ਫੇਰਿਆ ਗਿਆ। ਬੂਹੇ-ਬੂਹੇ ਤੋਂ ਭੀਖ ਮੰਗਵਾਈ ਗਈ ਤੇ ਅੰਤ ਉਸ ਨੂੰ ਵੀ ਖ਼ਤਮ ਕਰ ਦਿੱਤਾ ਗਿਆ।

ਜਿੱਥੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੀਹਾਂ 'ਚ ਚਿਣੇ ਗਏ ਸਨ, ਉੱਥੇ ਖ਼ਾਲਸੇ ਨੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ। ਸਰਹਿੰਦ 'ਚ ਖ਼ਾਲਸਾ ਰਾਜ ਦੀ ਕਾਇਮੀ ਦਾ ਐਲਾਨ ਕੀਤਾ ਗਿਆ। ਸਰਦਾਰ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ ਗਿਆ। ਬੰਦਾ ਸਿੰਘ ਬਹਾਦਰ ਨੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਮੋਹਰ ਵੀ ਜਾਰੀ ਕੀਤੀ। ਮੋਹਰ ਉੱਤੇ ਉੱਕਰਿਆ ਹੋਇਆ ਸੀ : 'ਦੇਗ਼ੋ ਤੇਗ਼ੋ ਫ਼ਤਹਿ ਨੁਸਰਤ ਬੇਦਰੰਗ। ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

ਗਿਆਨੀ ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਰਹਿਤ ਮਰਿਯਾਦਾ ਅਨੁਸਾਰ ਬੰਦਾ ਸਿੰਘ ਬਹਾਦਰ ਪੂਰਨ ਗੁਰਸਿੱਖ ਸੀ। ਉਹ ਅੰਮ੍ਰਿਤਧਾਰੀ, ਬਾਣੀ ਦਾ ਨਿਤਨੇਮੀ ਤੇ ਰਹਿਤ 'ਚ ਪੂਰਾ ਸੀ। ਗੁਰੂ ਮਹਾਰਾਜ ਉੱਤੇ ਉਸ ਦਾ ਪੂਰਾ ਭਰੋਸਾ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਉਹ 'ਮਹਾਂਪੁਰਖ' ਜਾਂ 'ਸੱਚਾ ਸਾਹਿਬ' ਕਹਿੰਦਾ ਸੀ। ਹਰ ਕੰਮ ਉਹ ਅਰਦਾਸਾ ਕਰ ਕੇ ਕਰਦਾ ਸੀ, ਜੋ ਤਾਕਤ ਉਸ ਨੇ ਹਾਸਲ ਕੀਤੀ, ਉਹ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਕਰਕੇ ਸਮਝਦਾ ਸੀ। ਇਸ ਮਹੀਨੇ 12 ਮਈ, ਐਤਵਾਰ ਨੂੰ ਸਰਹਿੰਦ ਫ਼ਤਹਿ ਦਿਵਸ ਮਨਾਇਆ ਜਾ ਰਿਹਾ ਹੈ। •

# ਪੰਜਾਬ ਭਾਜਪਾ ਮਾਮਲਿਆਂ ਦੇ ਇੰਚਾਰਜ ਵਿਜੇ ਰੁਪਾਨੀ ਨੇ ਭਾਜਪਾ ਆਗੂਆਂ ਤੋਂ ਜਾਣੀਆਂ ਲੋਕ ਸਭਾ ਸਰਗਰਮੀਆਂ

**ਚੰਡੀਗੜ੍ਹ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਚ ਭਾਜਪਾ ਵੱਡੀ ਪੱਧਰ ਉੱਤੇ ਜਿੱਤ ਦਰਜ ਕਰਨ ਜਾ ਰਹੀ ਹੈ, ਕਿਉਂਕਿ ਸੂਬੇ ਦੇ ਲੋਕ ਜਿੱਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਤੋਂ ਅੱਕ ਚੁੱਕੇ ਹਨ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਮੁਖੀ ਏਜੰਡੇ ਨੂੰ ਸੂਬੇ ਚ ਜਲਦ ਤੋਂ ਜਲਦ ?ਲਾਗੂ ਹੋਇਆ ਵੇਖਣਾ ਚਾਹੁੰਦੇ ਹਨ।

ਇਹ ਪ੍ਰਗਟਾਵਾ ਬਠਿੰਡਾ ਚ ਭਾਜਪਾ ਆਗੂਆਂ ਨਾਲ ਮੀਟਿੰਗ ਦੌਰਾਨ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਮਾਮਲਿਆਂ ਦੇ ਇੰਚਾਰਜ ਵਿਜੇ ਰੁਪਾਨੀ ਨੇ ਗੱਲਬਾਤ ਦੌਰਾਨ ਕੀਤਾ।

ਵਿਜੇ ਰੁਪਾਨੀ ਭਾਜਪਾ ਦੀ ਜਿੱਤ ਨੂੰ ਨਿਸ਼ਚਿਤ ਕਰਨ ਲਈ ਬੁੱਧਵਾਰ ਨੂੰ ਬਠਿੰਡਾ ਚ ਪਾਰਟੀ ਆਗੂਆਂ ਨਾਲ ਮੀਟਿੰਗ ਕਰਨ ਲਈ ਪੁੱਜੇ ਸਨ।

ਇਸ ਮੌਕੇ ਵਿਜੇ ਰੁਪਾਨੀ ਨੇ ਲੋਕ ਸਭਾ ਹਲਕਾ ਬਠਿੰਡਾ ਦੇ ਭਾਜਪਾ ਆਗੂਆਂ ਤੇ ਵਰਕਰਾਂ ਦੇ ਹੌਸਲੇ ਨੂੰ ਵੇਖਦੇ ਹੋਏ ਕਿਹਾ ਕਿ ਹੁਣ ਇਸ ਹਲਕੇ ਚ ਕੋਈ ਵੀ ਤਾਕਤ ਬੀਬੀ ਪਰਮਜੀਤ ਕੌਰ ਸਿੱਧੂ ਮਲੂਕਾ ਦੀ ਜਿੱਤ ਨੂੰ ਨਹੀਂ ਰੋਕ ਸਕਦੀ ਤੇ ਪੰਜਾਬ ਦੀ ਸਿਆਸੀ ਰਾਜਧਾਨੀ ਚ ਭਾਜਪਾ ਦਾ ਝੰਡਾ ਜ਼ਰੂਰ ਲਹਿਰਾਏਗਾ।

ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਨੈਸ਼ਨਲ ਸੈਕਟਰੀ ਭਾਜਪਾ ਡਾ. ਨਰਿੰਦਰ ਰੈਣਾ, ਸਟੇਟ ਜਨਰਲ ਸੈਕਟਰੀ ਆਰਗੇਨਾਈਜ਼ੇਸ਼ਨ ਮੰਤਰੀ ਸ੍ਰੀਨਿਵਾਸਲੂ, ਸਟੇਟ ਜਨਰਲ ਸੈਕਟਰੀ ਦਿਆਲ ਸੋਢੀ, ਵਾਈਸ ਪ੍ਰੈਜ਼ੀਡੈਂਟ ਸੁਰਜੀਤ ਜਿਆਣੀ, ਜਗਦੀਪ ਸਿੰਘ ਨਕਈ, ਮੋਨਾ ਜੈਸਵਾਲ ਤੇ ਬਠਿੰਡਾ ਲੋਕ ਸਭਾ ਤੋਂ ਭਾਜਪਾ ਉਮੀਦਵਾਰ ਪਰਮਜੀਤ ਕੌਰ ਸਿੱਧੂ ਮਲੂਕਾ ਵੀ ਮੌਜੂਦ ਸਨ।

ਇਸ ਮੌਕੇ ਵੱਖ-ਵੱਖ ਭਾਜਪਾ ਆਗੂਆਂ ਨੇ ਇੰਚਾਰਜ ਵਿਜੇ ਰੁਪਾਨੀ ਨੂੰ ਲੋਕ ਸਭਾ ਚੋਣਾਂ ਚ ਭਾਜਪਾ ਦੀਆਂ ਸਰਗਰਮੀਆਂ ਦੀ ਜਾਣਕਾਰੀ ਦਿੱਤੀ ਤੇ ਆਪਣੇ ਤਜਰਬੇ ਸਾਂਝੇ ਕੀਤੇ।

ਇਸੇ ਤਰ੍ਹਾਂ ਬਠਿੰਡਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਸਿੰਗਲਾ, ਬਠਿੰਡਾ ਦਿਹਾਤੀ ਤੋਂ ਰਵੀ ਪ੍ਰੀਤ ਸਿੱਧੂ, ਮਾਨਸਾ ਤੋਂ ਰਕੇਸ਼ ਜੈਨ ਤੇ ਮੁਕਤਸਰ ਤੋਂ ਸਤੀਸ਼ ਅਸੀਜਾ, ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਪਰਮਜੀਤ ਕੌਰ ਸਿੱਧੂ ਮਲੂਕਾ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ, ਸਾਬਕਾ ਐਮਐਲਏ ਮੰਗਤ ਰਾਏ ਬਾਂਸਲ ਨੇ ਭਰਵੀਂ ਵਿਚਾਰ ਚਰਚਾ ਚ ਹਿੱਸਾ ਲਿਆ।

ਇਸ ਮੌਕੇ ?ਸਟੇਟ ਕੋ-ਕਨਵੀਨਰ ਮੀਡੀਆ ਮੈਨੇਜਮੈਂਟ ਸੈੱਲ ਸੁਨੀਲ ਸਿੰਗਲਾ ਸਮੇਤ 42 ਮੰਡਲ ਪ੍ਰਧਾਨ, ਜਨਰਲ ਸੈਕਟਰੀ ਤੇ ਇਲਾਕੇ ਦੇ ਭਾਜਪਾ ਵਰਕਰ ਮੌਜੂਦ ਸਨ।

# ਪਟਿਆਲਾ ਜ਼ਿਲ੍ਹੇ 'ਚ ਅਸਲਾ ਜਮ੍ਹਾਂ ਕਰਵਾਉਣ ਦੀ ਤਰੀਕ 6 ਮਈ ਸ਼ਾਮ 5 ਵਜੇ ਤੱਕ

**ਪਟਿਆਲਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹੇ ਦੇ ਅਸਲਾ ਧਾਰਕਾਂ ਨੂੰ ਆਪਣਾ ਅਸਲਾ ਜਮ੍ਹਾਂ ਕਰਵਾਉਣ ਲਈ ਤਰੀਕ 6 ਮਈ 2024 ਸ਼ਾਮ 5 ਵਜੇ ਤੱਕ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਵੱਲੋਂ ਜਾਰੀ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਲਾਇਸੈਂਸੀ ਧਾਰਕ ਆਪਣਾ ਅਸਲਾ ਲੋਕਲ ਥਾਣੇ ਜਾਂ ਸਬੰਧਤ ਅਸਲਾ ਡੀਲਰਾਂ ਪਾਸ ਜਮ੍ਹਾਂ ਕਰਵਾਉਣ ਅਤੇ ਜੇਕਰ ਕੋਈ ਵਿਅਕਤੀ ਆਪਣਾ ਲਾਇਸੰਸੀ ਅਸਲਾ ਜਮ੍ਹਾਂ ਕਰਵਾਉਣ ਸਬੰਧੀ ਛੋਟ ਪ੍ਰਾਪਤ ਕਰਨਾ ਚਾਹੁੰਦਾ ਹੈ

ਤਾਂ ਉਹ ਦਫ਼ਤਰੀ ਕੰਮ ਕਾਜ ਵਾਲੇ ਦਿਨ ਦਫ਼ਤਰ ਸਮੇਂ ਵਿੱਚ ਸਕਰੀਨਿੰਗ ਕਮੇਟੀ ਦੇ ਸਨਮੁਖ ਮਿਤੀ 6 ਮਈ ਤੱਕ ਦਫ਼ਤਰ ਡਿਪਟੀ ਕਮਿਸ਼ਨਰ ਪਟਿਆਲਾ ਕਮਰਾ ਨੰਬਰ 122 ਬਲਾਕ ਏ ਮਿੰਨੀ ਸਕੱਤਰੇਤ ਪਟਿਆਲਾ ਵਿਖੇ ਦਰਖਾਸਤ ਪੇਸ਼ ਕਰ ਸਕਦਾ ਹੈ। ਇਹ ਹੁਕਮ 6 ਜੂਨ 2024 ਤੱਕ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਜ, ਬਾਵਰਦੀ ਪੁਲਿਸ ਕਰਮਚਾਰੀਆਂ ਅਤੇ ਬੈਂਕਾਂ 'ਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ ਸਮੇਤ ਇੰਸਟੀਚਿਊਟ ਜਾਂ ਪ੍ਰਾਈਵੇਟ ਅਦਾਰੇ ਵਿੱਚ ਸਕਿਉਰਿਟੀ ਦਾ ਕੰਮ ਕਰਦੇ ਸਕਿਉਰਿਟੀ ਗਾਰਡ (ਸ਼ਰਤਾਂ ਅਧੀਨ), ਸਪੋਰਟਸ ਪਰਸਨ ਜੋ ਨੈਸ਼ਨਲ ਰਾਇਫਲ ਐਸੋਸੀਏਸ਼ਨ ਦੇਲੋਕਲ ਥਾਣੇ ਜਾਂ ਸਬੰਧਤ ਅਸਲਾ ਡੀਲਰਾਂ ਪਾਸ ਜਮ੍ਹਾਂ ਕਰਵਾਉਣ ਅਤੇ ਜੇਕਰ ਕੋਈ ਵਿਅਕਤੀ ਆਪਣਾ ਲਾਇਸੰਸੀ ਅਸਲਾ ਜਮ੍ਹਾਂ ਕਰਵਾਉਣ ਸਬੰਧੀ ਛੋਟ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਦਫ਼ਤਰੀ ਕੰਮ ਕਾਜ ਵਾਲੇ ਦਿਨ ਦਫ਼ਤਰ ਸਮੇਂ ਵਿੱਚ ਸਕਰੀਨਿੰਗ ਮੈਬਰਜ਼ ਹਨ ਅਤੇ ਮੌਜੂਦਾ ਸਮੇਂ ਵਿੱਚ ਸਰਕਾਰੀ ਮੁਲਾਜ਼ਮਾਂ 'ਤੇ ਲਾਗੂ ਨਹੀਂ ਹੋਣਗੇ।

# ਪ੍ਰੈਸ ਕਲੱਬ ਸ੍ਰੀ ਆਨੰਦਪੁਰ ਸਾਹਿਬ ਦੀ ਸਰਬਸੰਮਤੀ ਦੇ ਨਾਲ ਹੋਈ ਚੋਣ



**ਸ੍ਰੀ ਅਨੰਦਪੁਰ ਸਾਹਿਬ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਵਾਰ ਦੀ ਤਰ੍ਹਾਂ ਇਸ ਵਾਰ ਪ੍ਰੈਸ ਕਲੱਬ ਸ੍ਰੀ ਆਨੰਦਪੁਰ ਸਾਹਿਬ ਦੀ ਨਵੀਂ ਟੀਮ ਦੇ ਗਠਨ ਲਈ ਅਹਿਮ ਬੈਠਕ ਪ੍ਰਧਾਨ ਦਲਜੀਤ ਸਿੰਘ ਅਰੋੜਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਸਮੂੰਹ ਮੈਂਬਰ ਸਹਿਬਾਨ ਨੇ ਹਿੱਸਾ ਲਿਆ।

ਇਸ ਦੌਰਾਨ ਬੀਤੇ ਕਾਰਜਕਾਲ ਦੀ ਕਾਰਗੁਜ਼ਾਰੀ ਪੇਸ਼ ਕਰਨ ਦੇ ਲਈ ਕਲੱਬ ਦੇ ਜਨਰਲ ਸਕੱਤਰ ਸੁਖਵਿੰਦਰ ਪਾਲ ਸਿੰਘ ਸੁੱਖੂ ਨੇ ਪ੍ਰਧਾਨ ਅਤੇ ਚੇਅਰਮੈਨ ਨੂੰ ਬੋਲਣ ਦਾ ਸਮਾਂ ਦਿੱਤਾ। ਜਿਸ ਤੇ ਦੋਵਾਂ ਨੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਲੱਬ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਇਆ। ਇਸ ਦੌਰਾਨ ਨਵੀਂ ਟੀਮ ਦੇ ਗਠਨ ਲਈ ਦਲਜੀਤ ਸਿੰਘ ਅਰੋੜਾ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਸੋਨੀ ਦੇ ਨਾਮ ਦੀ ਤਜਵੀਜ਼ ਪੇਸ਼ ਕੀਤੀ ਗਈ। ਜਿਸਦੀ ਤਾਈਦ ਚੇਅਰਮੈਨ ਨਰਿੰਦਰ ਸ਼ਰਮਾ ਵੱਲੋਂ ਕੀਤੀ ਅਤੇ ਸਮੂੰਹ ਮੈਂਬਰਾਂ ਨੇ ਸਰਬਸੰਮਤੀ ਦੇ ਨਾਲ ਸੋਨੀ ਦੇ ਨਾਮ ਤੇ ਸਹਿਮਤੀ ਜਤਾਈ। ਇਸ ਉਪਰੰਤ ਜਨਰਲ ਸਕੱਤਰ ਦੇ ਅਹੁਦੇ ਲਈ ਜਗਦੇਵ ਸਿੰਘ ਦਿਲਬਰ ਵੱਲੋਂ ਨੌਜੁਆਨ ਪੱਤਰਕਾਰ ਤੇ ਵੱਖ-ਵੱਖ ਸਮਾਜ ਸੇਵਾ ਵਿੱਚ ਨਾਮਣਾ ਖੱਟਣ ਵਾਲੇ ਦਵਿੰਦਰ ਪਾਲ ਸਿੰਘ ਦਾ ਨਾਮ ਪੇਸ਼ ਕੀਤਾ ਗਿਆ। ਜਿਸਦੀ ਸਹਿਮਤੀ ਰਾਜ ਘਈ, ਮਨਪ੍ਰੀਤ ਸਿੰਘ ਮਿੱਟੂ, ਅੰਕੁਸ਼ ਕੁਮਾਰ, ਅਰਵਿੰਦਰ ਬਿੰਦੀ ਵੱਲੋਂ ਕੀਤੀ ਗਈ।

ਇਸ ਮੌਕੇ ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ ਵੱਲੋਂ ਚੇਅਰਮੈਨ ਦੇ ਅਹੁਦੇ ਲਈ ਤਜ਼ੁਰਬੇਕਾਰ ਪੱਤਰਕਾਰ ਮਧੂ ਸੂਦਨ ਦਾ ਨਾਮ ਪੇਸ਼ ਕੀਤਾ ਗਿਆ। ਜਿਸਦੀ ਤਾਈਦ ਕਰਨੈਲ ਸਿੰਘ ਸੈਣੀ ਵੱਲੋਂ ਕੀਤੀ ਗਈ ਅਤੇ ਸਮੂੰਹ ਪੱਤਰਕਾਰਾਂ ਨੇ ਇਸਦੀ ਸਹਿਮਤੀ ਦਿੱਤੀ। ਇਸ ਮੌਕੇ ਬੋਲਦੇ ਹੋਏ ਬੀ.ਐਸ.ਚਾਨਾ, ਰਾਜਪਾਲ ਆਂਗਰਾ, ਨਰਿੰਦਰ ਕੁਮਾਰ ਨੱਢਾ, ਗੋਪਾਲ ਸ਼ਰਮਾ ਨੇ ਕਿਹਾ ਕਿ ਇਸ ਵਾਰ ਚੁਣੀ ਗਈ ਟੀਮ ਤਜ਼ੁਰਬੇ ਅਤੇ ਜੋਸ਼ੀਲੀਆਂ ਕਲਮਾਂ ਦੇ ਨਾਲ-ਨਾਲ ਨੌਜੁਆਨ ਹੱਥਾਂ ਵਿੱਚ ਦਿੱਤੀ ਗਈ ਹੈ।

ਜੋ ਅਗਲੇ ਦੋ ਸਾਲਾਂ ਤੱਕ ਕਲੱਬ ਦੀ ਬਿਹਤਰੀ, ਸਮਾਜ ਨੂੰ ਨਵੀਂ ਸੇਧ ਦੇਣ ਅਤੇ ਪੀਲੀ ਪੱਤਰਕਾਰੀ ਤੋਂ ਪਵਿੱਤਰ ਧਰਤੀ ਨੂੰ ਬਚਾਉਣ ਦੇ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਤੇ ਹਾਜ਼ਰ ਸਮੂੰਹ ਪੱਤਰਕਾਰਾਂ ਭਾਈਚਾਰੇ ਨੇ ਕਲੱਬ ਦੀ ਚੁਣੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਅੱਜ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਜ਼ਿਲ੍ਹਾ ਪ੍ਰੈਸ ਕਲੱਬ ਐਸੋਸੀਏਸ਼ਨਜ਼ ਦੇ ਪ੍ਰਧਾਨ ਬਹਾਦਰਜੀਤ ਸਿੰਘ, ਜਨਰਲ ਸਕੱਤਰ ਕੁਲਵਿੰਦਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਸੁਰਿੰਦਰ ਸਿੰਘ ਸੋਨੀ ਅਤੇ ਉਨ੍ਹਾਂ ਦੀ ਟੀਮ ਵਧਾਈ ਦੀ ਪਾਤਰ ਹੈ।

ਉਨ੍ਹਾਂ ਸ੍ਰੀ ਆਨੰਦਪੁਰ ਸਾਹਿਬ ਪ੍ਰੈਸ ਕਲੱਬ ਨੇ ਸਮੂੰਹ ਮੈਂਬਰਾਂ ਨੂੰ ਵੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਕਲੱਬ ਨੇ ਮਿਸਾਲ ਪੈਦਾ ਕੀਤੀ ਹੈ ਕਿ ਹਰ ਵਾਰ ਨਵੀਂ ਟੀਮ ਸਰਬਸੰਮਤੀ ਨਾਲ ਚੁਣ ਕੇ ਇੱਕ ਚੰਗਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਇੰਟਰਨੇਟ ਤਾਰਾਂ ਪਾਉਣ ਵਾਲੀ ਕੰਪਨੀ ਨੇ ਕਲੋਨੀ ਦਾ ਮੇਨ ਪਾਣੀ-ਸੀਵਰੇਜ ਕੀਤਾ ਬੰਦ




ਤੋੜੀ ਗਈ ਪਾਈਪ ਲਾਇੰਨ ਦੀ ਤਸਵੀਰ

**ਜ਼ੀਰਕਪੁਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਕਿਰਪਾਲ ਨਗਰ ਤੇ ਜਰਨੈਲ ਇਨਕਲੇਵ ਫੇਸ 2 ਵਿਚ ਟੈਲੀਫੋਨ ਕੰਪਨੀ ਵੱਲੋਂ ਜਮੀਨਦੋਜ਼ ਤਾਰਾਂ ਪਾਉਣ ਲਈ ਸੜਕ ਪੁਟੀ ਗਈ ਸੀ। ਪੁਟਾਈ ਦੌਰਾਨ ਅਚਾਨਕ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਲਾਈਨ ਟੁੱਟ ਗਈ। ਜਿਸਦਾ ਅਸਰ ਇਹ ਹੋਇਆ ਕਿ ਟੂਟੀ ਪਾਣੀ ਦੀ ਲਾਈਨ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋ ਕੇ ਲੋਕਾਂ ਦੇ ਘਰਾਂ ਵਿਚ ਪਹੁੰਚ ਗਿਆ। ਇਸ ਸਬੰਧੀ ਜਾਣਕਾਰੀ ਦੇਂਦੇ ਵਾਰਡ 30 ਦੇ ਕੌਂਸਲਰ ਨਵਤੇਜ ਨਵੀ ਨੇ ਦਸਿਆ ਕਿ ਜਦੋ ਉਨ੍ਹਾਂ ਮੌਕੇ ਤੇ ਜਾ ਕੇ ਦੇਖਿਆ ਅੰਡਰ ਗਰਾਊਡ ਡਰਿਲ ਕਰਕੇ ਤਾਰਾਂ ਦੀਆਂ ਪਾਈਪਾਂ ਪਾਉਣ ਦਾ ਕੰਮ ਚੱਲ ਰਿਹਾ ਸੀ। ਉਨ੍ਹਾਂ ਦਸਿਆ ਕਿ ਜਦੋਂ ਉਨ੍ਹਾਂ ਵੱਲੋ ਸਬੰਧਿਤ ਠੇਕੇਦਾਰ ਨੂੰ ਜਮੀਨਦੋਜ਼ ਤਾਰਾਂ ਦੀਆਂ ਪਾਈਪਾਂ ਪਾਉਣ ਦੀ ਪਰਮਿਸ਼ਨ ਬਾਰੇ ਪੁੱਛਿਆਂ ਤਾਂ ਉਨ੍ਹਾਂ ਕੋਲ ਕੋਈ ਸਪਸਟ ਜਵਾਬ ਨਹੀ ਸੀ, ਨਾ ਹੀ ਇਸ ਕੰਮ ਨੂੰ ਠੇਕੇਦਾਰ ਕੋਲ ਕੋਈ ਲੇਬਰ ਸੀ। ਨਵਤੇਜ ਨਵੀਂ ਨੇ ਆਪ ਹੀ ਮੋਕੇ ਤੇ ਜਾ ਕੇ ਕੰਮ ਬੰਦ ਕਰਵਾਇਆ ਅਤੇ ਉਂਨਾਂ ਵਲੋ ਕੀਤੇ ਨੁਕਸਾਨ ਦੀ ਵਾਰਡ ਵਾਸੀਆਂ ਨਾਲ ਮਿਲ ਸ਼ਿਕਾਇਤ ਕਿਤੀ ਜਾਵੇਗੀ। ਕੁਝ ਸਮੇਂ ਪਹਿਲਾਂ ਵੀ ਜਰਨੈਲ ਇਨਕਲੇਵ ਫੇਸ 2 ਵਿੱਚ ਖੁਦਾਈ ਦੌਰਾਨ ਅਚਾਨਕ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਲਾਈਨ ਟੁੱਟ ਗਈ। ਜਿਸ ਨਾਲ ਪੀਣ ਵਾਲੇ ਪਾਣੀ ਦੀ ਸਮੱਸਿਆ ਤੋ ਕਲੋਨੀ ਵਾਸੀ ਜੂਝ ਰਹੇ। ਨਗਰ ਕੋਸਲ ਵਲੋ ਉਸ ਠੇਕੇਦਾਰ ਤੇ ਅੱਜ ਤੱਕ ਕੋਈ ਕਾਰਵਾਈ ਨਹੀ ਕੀਤੀ ਗਈ। ਨਵਤੇਜ ਨਵੀਂ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਦੱਸੀਆਂ ਕੀ ਇਹਨਾ ਦੋਨੇ ਠੇਕੇਦਾਰਾਂ ਤੇ ਜੇਕਰ ਕੋਈ ਕਾਰਵਾਈ ਨਹੀ ਹੋਈ ਤਾਂ ਉਹ ਮਾਨਯੋਗ ਕੋਰਟ ਦਾ ਸਹਾਰਾ ਲੈਣਗੇ।

# ਹਲਕਾ ਸ਼੍ਰੀ ਅਨੰਦਪੁਰ ਸਾਹਿਬ 'ਚ ਲਗਾਤਾਰ ਵੱਧ ਰਿਹਾ ਆਮ ਆਦਮੀ ਪਾਰਟੀ ਦਾ ਪਰਿਵਾਰ



**ਸ੍ਰੀ ਅਨੰਦਪੁਰ ਸਾਹਿਬ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਸ਼੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਪਿੰਡਾਂ ਦੇ ਦਰਜਨਾਂ ਆਗੂਆਂ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਗੰਭੀਰਪੁਰ ਸਥਿਤ ਰਿਹਾਇਸ਼ ਵਿਖੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ, ਇਸ ਮੌਕੇ ਨੰਬਰਦਾਰ ਮੁਹਿੰਦਰ ਸਿੰਘ ਗੰਗੂਵਾਲ, ਸਾਬਕਾ ਸਰਪੰਚ ਪੁਸ਼ਪਾ ਦੇਵੀ ਗੰਗੂਵਾਲ, ਕਾਂਗਰਸੀ ਆਗੂ ਨੀਲਮ ਰਾਣਾ ਗੰਗੂਵਾਲ, ਕਾਂਗਰਸੀ ਆਗੂ ਕਰਤਾਰ ਸਿੰਘ ਬਣੀ, ਗੁਰਮੀਤ ਸਿੰਘ ਬਣੀ, ਰਘੁਵੀਰ ਸਿੰਘ ਬਣੀ, ਤਲਵਿੰਦਰ ਸਿੰਘ ਬਣੀ ਬੁੱਧ ਦਾਸ ਬਣੀ ਤੇ ਸੰਤੋਸ਼ ਕੁਮਾਰੀ ਬਣੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ, ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ

ਇਨਾਂ ਆਗੂਆਂ ਨੇ ਕਿਹਾ ਕਿ ਉਹ ਪਿਛਲੇ ਦੋ ਸਾਲਾਂ ਤੋਂ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਬਿਨਾਂ ਕਿਸੇ ਭੇਦਭਾਵ ਤੋਂ ਹਲਕੇ ਵਿੱਚ ਕਰਵਾਏ ਜਾ ਰਹੇ ਸਰਬਪੱਖੀ ਵਿਕਾਸ ਤੇ ਹਲਕੇ ਦੀ ਦਿਨ-ਬ-ਦਿਨ ਬਦਲ ਰਹੀ ਨੁਹਾਰ ਨੂੰ ਵੇਖਦੇ ਆ ਰਹੇ ਹਨ।ਉਨਾਂ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਦੀ ਦੋ ਸਾਲਾਂ ਦੀ ਸ਼ਾਨਦਾਰ ਕਾਰਗੁਜਾਰੀ ਦੇਖਦੇ ਹੋਏ ਪਾਰਟੀ ਵਿੱਚ ਸ਼ਾਮਲ ਹੋਏ ਹਨ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੂਬੇ ਦਾ ਲੋਕਾਂ ਨਾਲ ਜਿੰਨੇ ਵੀ ਵਾਅਦੇ ਕੀਤੇ, ਲਗਭਗ ਪੂਰੇ ਕੀਤੇ ਹਨ ਤੇ ਅੱਜ ਪੂਰੇ ਪੰਜਾਬ ਵਿੱਚ ਬਿਜਲੀ ਦੇ ਬਿੱਲ 0 ਆ ਰਹੇ ਹਨ।ਸੱਖਿਆ ਦੇ ਖੇਤਰ ਵਿੱਚ ਆਈ ਕ੍ਰਾਂਤੀ ਸਭ ਦੇ ਸਾਹਮਣੇ ਹੈ ਤੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਵਿੱਚ ਆਇਆ ਸੁਧਾਰ ਪੰਜਾਬ ਦੇ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ।ਸਿਹਤ ਸਹੂਲਤਾਂ ਦੀ ਗੱਲ ਕਰਦਿਆਂ ਉਨਾਂ ਕਿਹਾ ਕਿ ਅੱਜ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਮੁਫਤ ਮਿਲ ਰਹੀਆਂ ਹਨ ਤੇ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਉਨਾਂ ਕਿਹਾ ਕਿ ਉਪਰੋਕਤ ਸਾਰੀਆਂ ਸਹੂਲਤਾਂ ਤੋਂ ਪ੍ਰਭਾਵਿਤ ਹੋ ਕੇ ਆਪ ਵਿੱਚ ਸ਼ਾਮਲ ਹੋ ਰਹੇ ਹਨ ਤੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਬਿਹਤਰੀ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ।ਉਨਾਂ ਕਿਹਾ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਲਈ ਗਈ ਨਿੱਜੀ ਦਿਲਚਸਪੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼੍ਰੀ ਅਨੰਦਪੁਰ ਸਾਹਿਬ ਦੀ ਸ਼ਾਨ ਵਧਾ ਰਿਹਾ ਹੈ ਤੇ ਹਜਾਰਾਂ ਦੀ ਗਿਣਤੀ ਵਿੱਚ ਰੋਜਾਨਾ ਸ਼੍ਰੀ ਅਨੰਦਪੁਰ ਸਾਹਿਬ ਆ ਰਹੀਆਂ ਸੰਗਤਾਂ ਇਸ ਪਾਰਕ ਵਿੱਚ ਜਾ ਕੇ ਸਰਕਾਰ ਵੱਲੋਂ ਕੀਤੇ ਗਏ ਸ਼ਾਨਦਾਰ ਕਾਰਜ ਦੀਆਂ ਸਿਫਤਾਂ ਕਰਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।ਜਿਵੇਂ ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਉਵੇਂ ਉਵੇਂ ਵੱਖ ਵੱਖ ਪਾਰਟੀਆਂ ਦੀ ਸ਼ਾਖ ਨੂੰ ਖੋਰਾ ਲੱਗ ਰਿਹਾ ਹੈ ਤੇ ਪੂਰੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਥਿਤੀ ਲਗਾਤਾਰ ਮਜਬੂਤ ਹੁੰਦੀ ਜਾ ਰਹੀ ਹੈ। ਜਿਕਰਯੋਗ ਹੈ ਕਿ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਬੀਤੇ ਸਮੇਂ ਦੌਰਾਨ ਵੱਖ ਵੱਖ ਪਾਰਟੀਆਂ ਤੋਂ ਕਈ ਸੀਨੀਅਰ ਤੇ ਨੌਜਵਾਨ ਆਗੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕਰਵਾਏ ਗਏ ਸ਼ਾਨਦਾਰ ਕਾਰਜਾਂ ਤੋਂ ਪ੍ਰਭਾਵਿਤ ਹੋਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ, ਇਸ ਮੌਕੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ, ਰਾਕੇਸ਼ ਚੌਧਰੀ ਚੇਅਰਮੈਨ, ਜਸਪਾਲ ਸਿੰਘ ਢਾਹੇ, ਰਾਜੂ ਗੰਗੂਵਾਲ ਤੇ ਹੋਰ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਸ਼ਾਮਿਲ ਸਨ।

# ਸੁਨੀਲ ਜਾਖੜ ਬੋਲੇ; ਆਪਣੇ ਹੀ ਆਗੂਆਂ ਦੇ ਬੜਬੋਲੇਪਣ ਨੇ ਕਾਂਗਰਸ ਦੀ ਜੜ੍ਹ ਵੱਢੀ




**ਚੰਡੀਗੜ੍ਹ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਚ ਕਾਂਗਰਸ ਆਖਰੀ ਸਾਹ ਲੈਣ ਕੰਢੇ ਪਹੁੰਚ ਚੁੱਕੀ ਹੈ ਤੇ ਕਾਂਗਰਸ ਦੀ ਇਹ ਸਥਿਤੀ ਕਿਸੇ ਹੋਰ ਨੇ ਨਹੀਂ ਕੀਤੀ, ਸਗੋਂ ਉਸ ਆਗੂਆਂ ਵੱਲੋਂ ਆਪਣੀ ਹੀ ਪਾਰਟੀ ਦੀਆਂ ਜੜ੍ਹਾਂ ਵੱਢਣ ਕਾਰਨ ਹੋਈ ਹੈ।ਇਹ ਪ੍ਰਗਟਾਵਾ ਚੰਡੀਗੜ੍ਹ ਚ ਵੱਖ-ਵੱਖ ਪਾਰਟੀਆਂ ਤੋਂ ਆਏ ਸਿਆਸੀ ਆਗੂਆਂ ਨੂੰ ਭਾਜਪਾ ਸ਼ਾਮਲ ਕਰਨ ਮੌਕੇ ਬੀਜੇਪੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਗੱਲਬਾਤ ਕਰਦੇ ਹੋਏ ਕੀਤਾ।ਪ੍ਰਧਾਨ ਜਾਖੜ ਨੇ ਸਟੇਜ ਉੱਤੇ ਬਿਰਾਜਮਾਨ ਬੀਬੀ ਕਰਮਜੀਤ ਕੌਰ ਚੌਧਰੀ ਦਾ ਜ਼ਿਕਰ ਨਾਲ ਗੱਲਬਾਤ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਹ ਉਹ ਚੌਧਰੀ ਪਰਿਵਾਰ ਹੈ, ਜਿਸ ਨੇ 18 ਚੋਣਾਂ ਜਿੱਤੀਆਂ ਹਨ, ਤਿੰਨ ਪੀੜ੍ਹੀਆਂ ਕਾਂਗਰਸ ਦੇ ਲੇਖੇ ਲਾਈਆਂ ਹਨ, ਬੀਬੀ ਕਰਮਜੀਤ ਕੌਰ ਦੇ ਪਤੀ ਐਮਪੀ ਸੰਤੋਖ ਸਿੰਘ ਚੌਧਰੀ ਨੇ ਰਾਹੁਲ ਗਾਂਧੀ ਦੀ ਕਥਿਤ ਭਾਰਤ ਜੋੜੋ ਯਾਤਰਾ ਦੌਰਾਨ ਆਪਣੀ ਜਾਨ ਤੱਕ ਦੇ ਦਿੱਤੀ, ਪਰ ਪਾਰਟੀ ਨੇ ਕੋਈ ਮੁੱਲ ਨਹੀਂ ਪਾਇਆ।

ਇਸੇ ਤਰ੍ਹਾਂ ਦਲਵੀਰ ਗੋਲਡੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਚਾਹੇ ਗੋਲਡੀ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਜੁਆਇਨ ਕੀਤੀ ਹੈ, ਪਰ ਸਵਾਲ ਇਹ ਹੈ ਕਿ ਉਸ ਵਰਗਾ ਮਿਹਨਤੀ ਆਗੂ ?ਤੇ ਮਿੱਠ ਬੋਲੜਾ ਬੁਲਾਰਾ ਕਿਉਂ ਕਾਂਗਰਸ ਛੱਡ ਕੇ ਗਿਆ ? ਇਸ ਦਾ ਸਹੀ ਜਵਾਬ ਇਹ ਹੈ ਕਿ ਪੰਜਾਬ ਕਾਂਗਰਸ ਆਗੂਆਂ ਦੀ ਬੋਲ ਬਾਣੀ ਉੱਤੇ ਕੋਈ ਲਗਾਮ ਨਹੀਂ ਹੈ। ਇੰਝ ਲੱਗਦਾ ਹੈ ਜਿਵੇਂ ਪੰਜਾਬ ਚ ਕਾਂਗਰਸ ਆਪਣੀ ਮੁਕਤੀ ਵੱਲ ਵਧ ਰਹੀ ਹੋਵੇ ਤੇ ਸੱਚ ਇਹ ਵੀ ਹੈ ਕਿ ਕਾਂਗਰਸ ਦੀ ਇਸ ਤਰਸਯੋਗ ਸਥਿਤੀ ਲਈ ਉਸ ਦੇ ਆਗੂ ਹੀ ਜ਼ਿੰਮੇਵਾਰ ਹਨ, ਜੋ ਨੇ ਆਪਣੀ ਪਾਰਟੀ ਦੀ ਜੜ੍ਹ ਵੱਢ ਰਹੇ ਹੈ।ਇਸ ਮੌਕੇ ਗੱਲਬਾਤ ਕਰਦੇ ਹੋਏ ਭਾਜਪਾ ਦੇ ਕੇਂਦਰੀ ਆਗੂ ਗਜਿੰਦਰ ਸਿੰਘ ਸ਼ੇਖਾਵਤ ਨੇ ਪੰਜਾਬ ਚ ਭਾਜਪਾ ਦੇ ਪਰਿਵਾਰ ਦੇ ਵਾਧੇ ਉੱਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਬੀਤੇ ਦਿਨੀਂ ਰਾਜਸਥਾਨ, ਮੱਧ ਪ੍ਰਦੇਸ਼, ਝਾਰਖੰਡ ਤੇ ਯੂਪੀ ਦਾ ਦੌਰਾ ਕਰਕੇ ਆਏ ਹਨ। ਸ਼ੇਖਾਵਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਵਾਹੀ ਚ ਭਾਜਪਾ ਦੇ ਵਿਕਾਸ ਏਜੰਡੇ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਨ੍ਹਾਂ ਚੋਣਾਂ ਦੌਰਾਨ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਲੋਕ ਮੋਦੀ ਸਰਕਾਰ ਦੇ ਵਿਕਾਸ ਮੁਖੀ ਏਜੰਡੇ ਉੱਤੇ ਮੋਹਰ ਲਾਉਣਗੇ ਤੇ ਸੂਬੇ ਦੀਆਂ 13 ਸੀਟਾਂ ਉੱਤੇ ਹੀ ਭਾਜਪਾ ਦੇ ਉਮੀਦਵਾਰ ਜਿੱਤਣਗੇ। ਉਨ੍ਹਾਂ ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਸਬੰਧੀ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਚ ਕੋਈ ਸ਼ੱਕ ਨਹੀਂ ਕਿ ਸੂਬੇ ਦੇ ਕਿਸਾਨ ਮੁਸ਼ਕਿਲ ਸਥਿਤੀਆਂ ਕਾਰਨ ਸੰਘਰਸ਼ ਦੇ ਰਾਹ ਉੱਤੇ ਹਨ, ਪਰ ਫਿਰ ਵੀ ਇਹੀ ਕਹਿਣਾ ਬਣਦਾ ਹੈ ਕਿ ਕੋਈ ਵੀ ਮਸਲਾ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ।ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਹਰ ਵੇਲੇ ਤਿਆਰ ਹੈ ਤੇ ਦਰਵਾਜ਼ੇ ਖੁੱਲ੍ਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਤੋਂ ਭਾਜਪਾ ਚ ਸ਼ਾਮਲ ਹੋਈ ਜਲੰਧਰ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਤੇ ਉਨ੍ਹਾਂ ਦੇ ਸਾਥੀਆਂ ਤੇ ਹੋਰ ਆਗੂਆਂ ਨੂੰ ਸਨਮਾਨਤ ਕੀਤਾ ਗਿਆ।

# ਨਗਰ ਕੌਂਸਲ ਸ.ਫਾਈ ਕਰਮਚਾਰੀ ਯੂਨੀਅਨ ਵੱਲੋਂ ਝੰਡਾ ਲਹਿਰਾ ਕੇ ਮਜ਼ਦੂਰ ਦਿਵਸ ਮਨਾਇਆ



ਨਗਰ ਕੌਂਸਲ ਦਫ਼ਤਰ ਦੇ ਬਾਹਰ ਝੰਡਾ ਲਹਿਰਾ ਮਜ਼ਦੂਰ ਦਿਵਸ ਮਨਾਉਦੇ ਆਗੂ

**ਡੇਰਾ ਬਸੀ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਫਾਈ ਕਰਮਚਾਰੀ ਯੂਨੀਅਨ (ਏਟਕ) ਡੇਰਾਬੱਸੀ ਦੇ ਮੈਂਬਰਾਂ ਵੱਲੋਂ ਨਗਰ ਕੌਂਸਲ ਡੇਰਾਬੱਸੀ ਦੇ ਦਫਤਰ ਦੇ ਬਾਹਰ ਆਪਣਾ ਝੰਡਾ ਲਹਿਰਾ ਕੇ ਮਜ਼ਦੂਰ ਦਿਵਸ ਮਨਾਇਆ ਗਿਆ ਹੈ । ਇਸ ਮੌਕੇ ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸ਼ਿਕਾਗੋ ਦੇ ਸ਼ਹੀਦ ਮਜ਼ਦੂਰ ਅਮਰ ਰਹਿਣ ਦੇ ਨਾਰੇ ਲਗਾਏ ਗਏ । ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਬੰਤ ਸਿੰਘ ਬਰਾੜ ਪ੍ਰਧਾਨ ਏਟਕ ਪੰਜਾਬ , ਵਿਨੋਦ ਚੁੱਘ ਮੀਤ ਪ੍ਰਧਾਨ ਪੰਜਾਬ ਏਟਕ ਅਤੇ ਕਾਮਰੇਡ ਜਸਪਾਲ ਸਿੰਘ ਦਪਰ ਐਡਵੋਕੇਟ ਨੇ ਦੱਸਿਆ ਹੈ ਕਿ ਇਸ ਦਿਨ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ 8 ਘੰਟੇ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਮਜ਼ਦੂਰ ਜਮਾਤ ਨੇ ਇਕਮੁੱਠ ਹੋ ਕੇ ਹੜਤਾਲ ਕੀਤੀ ਸੀ ਅਤੇ ਹਕੂਮਤ ਦੀਆਂ ਗੋਲੀਆਂ/ਫਾਂਸੀਆਂ ਦਾ ਸਾਹਮਣਾ ਕੀਤਾ ਸੀ। ਇਹ ਦਿਨ ਪਿਛਲੇ ਸੰਘਰਸ਼ਾਂ 'ਤੇ ਝਾਤ ਅਤੇ ਅਗਲੇ ਐਕਸ਼ਨਾਂ ਦੀ ਤਿਆਰੀ ਅਤੇ ਨਵੇਂ ਸੰਕਲਪ ਲੈਣ ਦਾ ਵੀ ਮੌਕਾ ਹੁੰਦਾ ਹੈ।

ਇਸ ਵਾਰ 2024 ਦਾ ਮਈ ਦਿਵਸ ਵਿਸ਼ੇਸ਼ ਮਹੱਤਵ ਰੱਖਦਾ ਹੈ ਜਦੋਂ ਸੰਸਾਰ ਦੀ ਸਭ ਤੋਂ ਜਿਆਦਾ 144 ਕਰੋੜ ਵਸੋਂ ਵਾਲਾ ਸਾਡਾ ਭਾਰਤ ਭਵਿੱਖ ਦੇ ਦੋਰਾਹੇ ਤੇ ਖੜਾ ਦੇਸ਼ ਦੇ ਭਵਿੱਖ ਦਾ ਫੈਸਲਾ ਕਰਨ ਜਾ ਰਿਹਾ ਹੈ।

ਲੋਕ ਸਭਾ ਚੋਣਾ ਦੇ ਦੋ ਗੇੜ ਹੋ ਚੁੱਕੇ ਹਨ ਅਤੇ ਪਹਿਲੀ ਜੂਨ ਨੂੰ ਸੱਤਵੇਂ ਅਤੇ ਆਖ਼ਰੀ ਗੇੜ ਵਿੱਚ ਪੰਜਾਬ ਸਮੇਤ ਰਹਿੰਦੀਆਂ ਸੀਟਾਂ ਤੇ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਬਾਅਦ 4 ਜੂਨ ਨੂੰ ਨਤੀਜਿਆਂ ਦਾ ਐਲਾਨ ਹੋ ਜਾਣਾ ਹੈ। ਇਹ ਚੋਣਾਂ ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ, ਕਰੋੜਾਂ ਕਿਸਾਨ-ਮਜ਼ਦੂਰ ਬਨਾਮ ਮੁਠੀ ਭਰ ਅਰਬਾਂ ਪਤੀ ਕਾਰਪੋਰੇਟ ਘਰਾਣਿਆਂ ਵਿਚਕਾਰ, ਦੇਸ਼ ਦੀ ਕੌਮੀ ਜਾਇਦਾਦ ਸਾਡੇ ਪਬਲਿਕ ਸੈਕਟਰ ਅਦਾਰਿਆਂ ਨੂੰ ਨਿਜੀਕਰਨ ਦੇ ਭਿਆਨਕ ਹਮਲੇ ਤੋਂ ਬਚਾਉਣ ਅਤੇ ਵੇਚਣ ਵਾਲਿਆਂ ਵਿਚਕਾਰ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਅਤੇ ਇਸ ਤੋਂ ਇਨਕਾਰੀ ਕੇਂਦਰ/ਪੰਜਾਬ ਸਰਕਾਰਾਂ ਵਿਚਕਾਰ, ਮਹਿੰਗਾਈ ਵਧਾਉਣ ਪਰ ਮਹਿੰਗਾਈ ਭੱਤਾ ਵਧਾਉਣ ਤੋਂ ਇਨਕਾਰੀ ਸਰਕਾਰਾਂ ਅਤੇ ਮਹਿੰਗਾਈ ਰੋਕਣ ਦੀ ਮੰਗ ਕਰ ਰਹੇ ਲੋਕਾਂ/ਮੁਲਾਜ਼ਮਾਂ ਵਿਚਕਾਰ, ਸੰਵਿਧਾਨ ਦੇ ਆਦਰਸ਼ਾਂ ਧਰਮ ਨਿਰਪੱਖਤਾ/ ਸਮਾਜਵਾਦ ਦੀ ਰਾਖੀ ਕਰਨ ਵਾਲਿਆਂ ਅਤੇ ਇਸ ਨੂੰ ਬਦਲ ਕੇ ਇੱਕ ਫਿਰਕੇ ਦਾ ਰਾਜ ਕਾਇਮ ਕਰਨ ਵਾਲੀਆਂ ਤਾਕਤਾਂ ਵਿਚਕਾਰ, ਸੱਚਾਈ ਅਤੇ ਝੂਠ/ਪਖੰਡ/ਬੇਈਮਾਨੀ ਵਿਚਕਾਰ, ਇਨਸਾਨੀਅਤ ਅਤੇ ਹੈਵਾਨੀਅਤ ਵਿਚਕਾਰ ਫੈਸਲਾਕੁੰਨ ਵਿਚਾਰਧਾਰਕ ਜੰਗ ਦਾ ਰੂਪ ਧਾਰਣ ਕਰ ਚੁਕੀਆਂ ਹਨ। ਇਨਾਂ ਚੋਣਾਂ ਦੇ ਨਤੀਜਿਆਂ ਨੇ ਸਾਡੇ ਦੇਸ਼ ਦੀ ਆਉਣ ਵਾਲੀ ਪੀੜੀ ਦਾ ਭਵਿੱਖ ਤਹਿ ਕਰਨਾ ਹੈ।

ਉਨਾਂ ਨੇ ਉਹਨਾਂ ਨੇ ਕਿਹਾ ਹੈ ਕਿ ਮਜ਼ਦੂਰ ਵਿਰੋਧੀ ਸਰਕਾਰ ਨੂੰ ਸੱਤਾ ਤੋਂ ਲਾਣਾ ਜਰੂਰੀ ਹੈ ਅਤੇ ਨਾਰਾ ਦਿੱਤਾ ਹੈ ਕਿ ਭਾਜਪਾ ਹਟਾਓ ਦੇਸ਼ ਬਚਾਓ ਇਸ ਤੋਂ ਇਲਾਵਾ ਯੂਨੀਅਨ ਦੇ ਪ੍ਰਧਾਨ ਹਰਵਿੰਦਰ ਕੁਮਾਰ, ਸੋਮਨਾਥ ਜਨਰਲ ਸਕੱਤਰ, ਦੀਪਕ ਉਪ ਪ੍ਰਧਾਨ, ਦਵਿੰਦਰ ਪਾਲ ਜੋਇੰਟ ਸੈਕਟਰੀ, ਵਿਕਰਮਜੀਤ ਸਿੰਘ ਸਲਾਹਕਾਰ, ਸੁਖਵਿੰਦਰ ਸਿੰਘ ਖਜਾਨਚੀ ਨੇ ਦੱਸਿਆ ਹੈ ਕਿ ਅੱਜ ਵੀ ਮਜ਼ਦੂਰ ਮੁਲਾਜ਼ਮ ਇੱਕ ਗੁਲਾਮੀ ਭਰੀ ਜ਼ਿੰਦਗੀ ਜੀ ਰਹੇ ਹਨ ਸਮੇਂ ਦੀਆਂ ਸਰਕਾਰਾਂ ਮਜ਼ਦੂਰ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਕਰ ਰਹੇ ਹਨ ਗੈਰ ਕਾਨੂੰਨੀ ਤਰੀਕੇ ਨਾਲ ਠੇਕੇਦਾਰੀ ਸਿਸਟਮ ਚਲਾਇਆ ਜਾ ਰਿਹਾ ਹੈ । ਘੱਟ ਤਨਖਾਵਾਂ ਵਿੱਚ ਕੰਮ ਕਰਨ ਨੂੰ ਮਜਬੂਰ ਹਨ ਸਮੇਂ ਦੀਆਂ ਸਰਕਾਰਾਂ ਵੱਲੋਂ ਪਿਛਲੇ 12 ਸਾਲਾਂ ਤੋਂ ਮਿਨੀਮਮ ਵੇਜ ਦੇ ਵਿੱਚ ਅੱਜ ਤੱਕ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਉਹਨਾਂ ਨੇ ਮੰਗ ਕੀਤੀ ਹੈ।

# ਸਤਲੁਜ ਨੇੜਿਓਂ 5400 ਲਿਟਰ ਲਾਹਣ ਬਰਾਮਦ

**ਮੁੱਲਾਂਪੁਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਲੁਧਿਆਣਾ (ਦਿਹਾਤੀ) ਪੁਲੀਸ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨਸ਼ੀਲੇ ਪਦਾਰਥਾਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਥਾਣਾ ਦਾਖਾ ਦੀ ਪੁਲੀਸ ਨੇ ਆਬਕਾਰੀ ਵਿਭਾਗ ਦੇ ਸਹਿਯੋਗ ਨਾਲ ਅੱਜ ਸਤਲੁਜ ਦਰਿਆ ਦੇ ਕਿਨਾਰੇ ਪਿੰਡ ਬਲੀਪੁਰ ਦੀ ਹੱਦ ਅੰਦਰ ਤਲਾਸ਼ੀ ਦੌਰਾਨ 5400 ਲਿਟਰ ਲਾਹਣ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਜਾਂਚ ਅਫ਼ਸਰ ਥਾਣੇਦਾਰ ਪਰਮਜੀਤ ਸਿੰਘ ਅਨੁਸਾਰ ਆਬਕਾਰੀ ਵਿਭਾਗ ਦੇ ਇੰਸਪੈਕਟਰ ਬਲਕਰਨ ਸਿੰਘ ਅਤੇ ਥਾਣੇਦਾਰ ਬਲਵੀਰ ਸਿੰਘ ਸਮੇਤ ਪੂਰੀ ਟੀਮ ਨੇ ਤਲਾਸ਼ੀ ਮੁਹਿੰਮ ਤਹਿਤ ਇਹ ਬਰਾਮਦਗੀ ਕੀਤੀ ਹੈ। ਉਨ੍ਹਾਂ ਦੱਸਿਆ ਕਿ 5 ਤਰਪਾਲਾਂ ਵਿੱਚ ਲੁਕਾ ਕੇ ਰੱਖੀ 5400 ਲਿਟਰ ਤਿਆਰ ਲਾਹਣ ਮਿਲੀ ਸੀ। ਉਨ੍ਹਾਂ ਕਿਹਾ ਕਿ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੌਮਾਂਤਰੀ ਮਜ਼ਦੂਰ ਦਿਵਸ ਸਿਰ ਤੇ ਕਿਰਦਾਰ ਉੱਚਾ ਰੱਖਣ ਦਾ ਸੰਦੇਸ਼ ਦਿੰਦਾ ਹੈ. ਰਾਣਾ




**ਨਵਾਸ਼ਹਿਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਮਲਪੁਰ ਅੜਕਾਂ ਵਿਖੇ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਮਈ ਦਿਵਸ ਮਨਾਉਣ ਲਈ ਵਿਸ਼ੇਸ਼ ਸਮਾਗਮ ਸਰਜੀਤ ਸਿੰਘ ਮਲਪੁਰੀ ਦੀ ਅਗਵਾਈ ਹੇਠ ਕੀਤਾ ਗਿਆ ਜਿਸ ਵਿੱਚ ਮਨਰੇਗਾ ਕਿਰਤੀਆਂ ਤੇ ਹੋਰ ਕਿਰਤੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆਇਸ ਮੌਕੇ ਸਾਥੀਕਰਨ ਸਿੰਘ ਰਾਣਾ ਸਬਾਈ ਜਨਸ ਸਕੱਤਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਈ ਦਿਵਸ ਦਾ ਸ਼ਘਰਸ਼ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਸ਼ੁਰੂ ਹੋਇਆ ਅਤੇ ਪੂਰੀ ਦੁਨੀਆ ਵਿੱਚ ਫੈਲਿਆ ਕਿਰਤੀਆਂ ਦੇ ਸਿਰੜ ਅਤੇ ਬਲਿਦਾਨ ਨੇ ਘੋਲ ਨੂੰ ਜੇਤੂ ਬਣਾਇਆ ਅਤੇ ਕਿਰਤ ਦੀ ਜਿੱਤ ਦਾ ਝੰਡਾ ਬੁਲੰਦ ਕੀਤਾ ਉਹਨਾਂ ਕਿਹਾ ਕਿ ਸਿਰ ਉੱਚਾ ਚੁੱਕ ਕੇ ਅਤੇ ਕਿਰਦਾਰ ਨੂੰ ਉੱਚਾ ਚੁੱਕਣ ਦਾ ਸੰਦੇਸ਼ ਕਿਰਤੀ ਦਿਵਸ ਦਿੰਦਾ ਹੈਸਾਥੀ ਰਾਣਾ ਨੇ ਕਿਹਾ ਕਿ ਅਠ ਘੰਟੇ ਦੀ ਦਿਹਾੜੀ ਦੀ ਮੰਗ ਲਈ ਪਹਿਲੀ ਮਈ 1886 ਨੂੰ ਅਮਰੀਕਾ ਦੇ ਕਿਰਤੀਆਂ ਨੇ ਹੜਤਾਲ ਕੀਤੀ ਸ਼ਿਕਾਗੋ ਵਿੱਚ ਹੜਤਾਲ ਦਾ ਸਭ ਤੋ ਵੱਧ ਅਸਰ ਸੀ ਜਿਸ ਤੋਂ ਬਖਲਾ ਕੇ ਪੂੰਜੀਪਤੀ ਹਕੂਮਤ ਨੇ ਕਿਰਤੀਆਂ ਤੇ ਬੇਤਹਾਸ਼ਾ ਜਬਰ ਕੀਤਾ ਝੂਠੇ ਤੇ ਬੇਬੁਨਿਆਦ ਕੇਸ ਬਣਾ ਕੇ ਬੇਕਸੂਰ ਚਾਰ ਮਜ਼ਦੂਰ ਆਗੂਆਂ ਨੂੰ ਫਾਂਸੀ ਦਿੱਤੀ ਗਈ ਝੂਠ ਦੇ ਆਧਾਰ ਤੇ ਮਜ਼ਦੂਰਾਂ ਦੀ ਗਿਰਫ਼ਤਾਰੀਆਂ ਕਰਕੇ ਦਹਿਸ਼ਤ ਪੈਦਾ ਕੀਤੀ ਗਈ ਪਰ 1893 ਵਿੱਚ ਸਰਕਾਰ ਨੇ ਆਪਣੀ ਗਲਤੀ ਮੰਨ ਕੇ ਕਿਰਤੀ ਧਿਰ ਦੀ ਮੰਗ ਮੰਨ ਲਈ ਅਤੇ ਸਭ ਮਜ਼ਦੂਰ ਆਗੂਆਂ ਨੂੰ ਰਿਹਾ ਕਰ ਦਿੱਤਾ ਇਸ ਤਰ੍ਹਾਂ ਇਹ ਜਿੱਤ ਹੋਈਇਸ ਮੌਕੇ ਬੀਬੀ ਚਰਨਜੀਤ ਕੌਰ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਮਜ਼ਦੂਰਾਂ ਦੇ ਖ਼ੂਨ ਨਾਲ ਰੰਗਿਆ ਪਰਚਮ ਸਾਨੂੰ ਅਗਲੇ ਕਾਰਜ ਯਾਦ ਕਰਵਾਉਂਦਾ ਰਹੇਗਾ ਇਹ ਪਰਚਮ ਮੰਗ ਕਰਦਾ ਹੈ ਕਿ ਸਾਰੇ ਸੰਸਾਰ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ ਲਈ ਕਿਰਤੀ ਧਿਰ ਦੀ ਜਿੰਮੇਵਾਰੀ ਹੈ ਇਸ ਜਿੰਮੇਵਾਰੀ ਨੂੰ ਨਿਭਾਉਣਾ ਪਹਿਲੀ ਮਈ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਇਸ ਮੌਕੇ ਜਸਵਿੰਦਰ ਕੌਰ, ਪਿਆਰਾ ਲਾਲ , ਬਿੰਦਰ ਕੁਮਾਰ ਅਤੇ ਕਾਂਤਾ ਦੇਵੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ

# ਲੋਕਾਂ ਨੂੰ 'ਲਾਪਤਾ' ਸੰਸਦ ਮੈਂਬਰ ਤੋਂ ਛੇਤੀ ਮਿਲੇਗੀ ਰਾਹਤ: ਵੜਿੰਗ



**ਲੁਧਿਆਣਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਲੁਧਿਆਣਾ ਨੂੰ ਜਲਦੀ ਹੀ ਉਸ 'ਗੁਮਸ਼ੁਦਾ' ਸੰਸਦ ਮੈਂਬਰ ਤੋਂ ਰਾਹਤ ਮਿਲੇਗੀ, ਜਿਸ ਨੂੰ ਸ਼ਹਿਰ ਵਾਸੀ ਪਿਛਲੇ ਦਸ ਸਾਲਾਂ ਤੋਂ ਝੱਲ ਰਹੇ ਹਨ। ਇੱਥੇ ਇੱਕ ਬਿਆਨ ਵਿੱਚ ਰਾਜਾ ਵੜਿੰਗ ਨੇ ਕਿਹਾ ਕਿ ਇਸ ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਦੇ ਪੂਰੀ ਤਰ੍ਹਾਂ ਗਾਇਬ ਹੋਣ ਦੀ ਗਿਣਤੀ ਸ਼ੁਰੂ ਹੋ ਗਈ ਹੈ। ਕਾਂਗਰਸੀ ਉਮੀਦਵਾਰ ਨੇ ਕਿਹਾ ਕਿ ਦਸ ਸਾਲਾਂ ਤੱਕ ਲੁਧਿਆਣਾ ਦੇ ਲੋਕਾਂ ਨੂੰ ਆਪਣੇ ਸੰਸਦ ਮੈਂਬਰ ਦੀ ਇੱਕ ਝਲਕ ਦੇਖਣ ਜਾਂ ਉਸ ਦੀ ਆਵਾਜ਼ ਸੁਣਨ ਲਈ ਵੀ ਸੰਘਰਸ਼ ਕਰਨਾ ਪਿਆ ਹੈ। ਉਨ੍ਹਾਂ ਕਿਹਾ, "ਬਿੱਟੂ ਇੱਕ ਲਾਪਤਾ ਵਿਅਕਤੀ ਵਾਂਗ ਸਾਬਤ ਹੋਇਆ ਕਿਉਂਕਿ ਕੋਈ ਵੀ ਉਸ ਨੂੰ ਦੇਖ ਨਹੀਂ ਸਕਦਾ ਸੀ ਅਤੇ ਨਾ ਹੀ ਕੋਈ ਉਸ ਦੀ ਆਵਾਜ਼ ਸੁਣ ਸਕਦਾ ਸੀ।" ਉਨ੍ਹਾਂ ਕਿਹਾ ਕਿ ਬਿੱਟੂ ਦੀ ਖਾਸੀਅਤ ਇਹ ਹੈ ਕਿ ਉਹ ਹਲਕੇ ਵਿੱਚ ਕਿਤੇ ਵੀ ਨਜ਼ਰ ਨਹੀਂ ਆਏ ਅਤੇ ਫੋਨ ਦਾ ਜਵਾਬ ਦੇਣਾ ਤਾਂ ਦੂਰ ਦੀ ਗੱਲ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਸਰਕਾਰ ਤੋਂ ਆਪਣੇ ਵਾਸਤੇ ਰਿਹਾਇਸ਼ ਅਲਾਟ ਕਰਾਉਣ ਦੇ ਬਾਵਜੂਦ ਬਿੱਟੂ ਨੇ ਉੱਥੇ ਕਦੇ ਵੀ ਕਿਸੇ ਵਰਕਰ ਜਾਂ ਜਨਤਾ ਨਾਲ ਮੁਲਾਕਾਤ ਨਹੀਂ ਕੀਤੀ।

# ਬੰਤੋ ਕਟਾਰੀਆ ਅੰਬਾਲਾ ਵਿੱਚ ਭਗਵਾ ਲਹਿਰਾ ਸਕਦੇ ਹਨ

**ਪੰਚਕੂਲਾ, 5 ਮਈ**
**- ਧਾਲੀਵਾਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ-ਜਿਵੇਂ ਹਰਿਆਣਾ ਵਿੱਚ ਚੋਣਾਂ ਦੀ ਤਰੀਕ ਨੇੜੇ ਆ ਰਹੀ ਹੈ, ਸਿਆਸੀ ਤਾਪਮਾਨ ਵਧਣ ਲੱਗਾ ਹੈ। ਅੱਜ ਅੰਬਾਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਬੰਤੋ ਕਟਾਰੀਆ ਨੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ਹੈ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ,



ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਕੈਬਨਿਟ ਮੰਤਰੀ ਕੰਵਰਪਾਲ ਗੁੱਜਰ, ਰਾਜ ਮੰਤਰੀ ਅਸੀਮ ਗੋਇਲ ਹਾਜ਼ਰ ਸਨ।

ਇਸ ਦੌਰਾਨ ਬੰਤੋ ਕਟਾਰੀਆ ਦੇ ਸਮਰਥਨ ਵਿੱਚ ਪੰਚਕੂਲਾ ਅਤੇ ਯਮੁਨਾਨਗਰ ਵਿਧਾਨ ਸਭਾ ਹਲਕਿਆਂ ਤੋਂ ਵੀ ਸਮਰਥਕ ਅੰਬਾਲਾ ਲੋਕ ਸਭਾ ਸੀਟ 'ਤੇ ਪਹੁੰਚਣਗੇ। ਇਸ ਵਾਰ ਅੰਬਾਲਾ ਲੋਕ ਸਭਾ ਹਲਕੇ ਵਿੱਚ ਤਿਕੋਣਾ ਮੁਕਾਬਲਾ ਦਿਲਚਸਪ ਹੋਣ ਜਾ ਰਿਹਾ ਹੈ। ਭਾਜਪਾ ਵੱਲੋਂ ਬੰਤੋ ਕਟਾਰੀਆ, ਕਾਂਗਰਸ ਦੇ ਉਮੀਦਵਾਰ ਵਰੁਣ ਚੌਧਰੀ ਅਤੇ ਜਨ ਨਾਇਕ ਜਨਤਾ ਪਾਰਟੀ ਦੀ ਉਮੀਦਵਾਰ ਡਾ: ਕਿਰਨ ਪੂਨੀਆ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹਨ। ਕਾਂਗਰਸ ਨੇ ਉਮੀਦਵਾਰ ਵਰੁਣ ਚੌਧਰੀ ਦੀ ਮੌਜੂਦਗੀ ਵਿੱਚ ਪੰਚਕੂਲਾ ਦੇ ਸੈਕਟਰ 10 ਵਿੱਚ ਚੋਣ ਦਫ਼ਤਰ ਖੋਲ੍ਹਿਆ ਹੈ।

ਬੰਤੋ ਕਟਾਰੀਆ ਵਿਚ ਵਿਸ਼ਵਾਸ ਜਤਾਉਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅੰਬਾਲਾ ਲੋਕ ਸਭਾ ਵਿਚ ਉਨ੍ਹਾਂ ਦੇ ਪਰਿਵਾਰ ਦੀ ਪੁਰਾਣੀ ਪਕੜ ਹੈ। ਉਨ੍ਹਾਂ ਦੇ ਪਤੀ ਰਤਨ ਲਾਲ ਭਾਜਪਾ ਦੇ ਸੂਬਾ ਪ੍ਰਧਾਨ ਹੋਣ ਦੇ ਨਾਲ-ਨਾਲ ਇੱਥੋਂ ਤਿੰਨ ਵਾਰ ਸੰਸਦ ਮੈਂਬਰ ਵੀ ਰਹਿ ਚੁੱਕੇ ਹਨ।

ਇੱਕ ਹੋਰ ਕਾਰਨ ਇਹ ਹੈ ਕਿ ਬੰਤੋ ਕਟਾਰੀਆ ਭਾਜਪਾ ਦੇ ਸੂਬਾ ਪ੍ਰਧਾਨ ਅਤੇ ਹਾਲ ਹੀ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਕਰੀਬੀ ਹਨ। ਇਨ੍ਹਾਂ ਦੋਵਾਂ ਪਰਿਵਾਰਾਂ ਦੇ ਪੁਰਾਣੇ ਸਬੰਧ ਹਨ। ਇਹੀ ਕਾਰਨ ਹੈ ਕਿ ਜਦੋਂ ਨਾਇਬ ਸੈਣੀ ਨੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਆਪਣੀ ਸੂਬਾਈ ਟੀਮ ਦਾ ਐਲਾਨ ਕੀਤਾ ਤਾਂ ਉਨ੍ਹਾਂ ਨੇ ਸੂਬਾ ਮੀਤ ਪ੍ਰਧਾਨ ਦਾ ਅਹੁਦਾ ਬੰਤੋ ਕਟਾਰੀਆ ਨੂੰ ਸੌਂਪ ਦਿੱਤਾ।

ਬੰਤੋ ਕਟਾਰੀਆ ਦਾ ਜਨਮ 5 ਮਈ 1964 ਨੂੰ ਘਰੌਂਡਾ ਵਿੱਚ ਹੋਇਆ ਸੀ। ਇਹ ਪਰਿਵਾਰ ਸ਼ੁਰੂ ਤੋਂ ਹੀ ਜਨ ਸੰਘ ਨਾਲ ਜੁੜਿਆ ਰਿਹਾ ਹੈ। ਵਿਆਹ ਸਮੇਂ ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਹੀ ਪੂਰੀ ਕੀਤੀ ਸੀ। ਵਿਆਹ ਤੋਂ ਬਾਅਦ ਪਰਿਵਾਰ ਦੇ ਸਹਿਯੋਗ ਅਤੇ ਆਪਣੀ ਲਗਨ ਨਾਲ ਉਸ ਨੇ ਬੀ.ਏ., ਐਮ.ਏ., ਐਲ.ਐਲ.ਬੀ. ਤੱਕ ਦੀ ਪੜ੍ਹਾਈ ਪੂਰੀ ਕੀਤੀ। ਬੰਤੋ ਨੇ ਕੁਝ ਸਮਾਂ ਹਰਿਆਣਾ ਹਾਈ ਕੋਰਟ ਵਿੱਚ ਵਕਾਲਤ ਵੀ ਕੀਤੀ। ਬੰਤੋ 1980 ਤੋਂ ਭਾਜਪਾ ਦੇ ਮੈਂਬਰ ਹਨ ਅਤੇ ਮੰਡਲ ਪ੍ਰਧਾਨ ਤੋਂ ਲੈ ਕੇ ਸੂਬਾ ਮੀਤ ਪ੍ਰਧਾਨ ਤੱਕ ਦੀ ਜ਼ਿੰਮੇਵਾਰੀ ਨਿਭਾ ਚੁੱਕੇ ਹਨ। ਉਹ ਭਾਰਤ ਦੇ ਨਵਰਤਨਾਂ ਵਿੱਚੋਂ ਇੱਕ ਗੇਲ ਦੀ ਇੱਕ ਸੁਤੰਤਰ ਨਿਰਦੇਸ਼ਕ ਹੈ। ਉਹ ਕੁਝ ਮਹੀਨਿਆਂ ਲਈ ਪ੍ਰਦੇਸ਼ ਭਾਜਪਾ ਦੀ ਉਪ ਪ੍ਰਧਾਨ ਵੀ ਰਹੀ ਹੈ।

# ਪਾਰਕ ਵਿੱਚ ਸੈਰ ਕਰਦੇ ਲੋਕਾਂ ਨੂੰ ਮਿਲੇ ਬਿੱਟੂ



**ਲੁਧਿਆਣਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਲਈ ਵੱਖ-ਵੱਖ ਸਿਆਸੀ ਧਿਰਾਂ ਦੇ ਉਮੀਦਵਾਰਾਂ ਨੇ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਭਾਜਪਾ ਦੇ ਉਮੀਦਵਰ ਰਵਨੀਤ ਬਿੱਟੂ ਨੇ ਜਿੱਥੇ ਚੋਣ ਪ੍ਰਚਾਰ ਲਈ ਆਪਣਾ ਸਾਰਾ ਜ਼ੋਰ ਸ਼ਹਿਰੀ ਹਲਕਿਆਂ ਵਿੱਚ ਲਾਇਆ ਹੋਇਆ ਹੈ। ਉਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਪੇਂਡੂ ਹਲਕਿਆਂ ਜ਼ੋਰ ਅਜਮਾਇਸ਼ ਕਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਵੱਲੋਂ ਵੀ ਸ਼ਹਿਰੀ ਤੇ ਪੇਂਡੂ ਹਲਕਿਆਂ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ।ਅੱਜ ਰਵਨੀਤ ਬਿੱਟੂ ਨੇ ਰੋਜ਼ ਗਾਰਡਨ ਵਿੱਚ ਸੈਰ ਕਰਨ ਵਾਲਿਆਂ ਨਾਲ ਚੋਣਾਂ ਬਾਰੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਸਵੇਰੇ ਦੀ ਸੈਰ ਕਰਨ ਦੇ ਨਾਲ ਚਾਹ ਪੀਤੀ ਤੇ ਯੋਗ ਕੀਤਾ। ਬਿੱਟੂ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਸ਼ਾਨਦਾਰ ਪ੍ਰਧਾਨ ਮੰਤਰੀ ਦੀ ਚੋਣ ਹੋਵੇਗੀ ਤੇ ਨਰਿੰਦਰ ਮੋਦੀ ਤੋਂ ਵਧੀਆ ਹੋਰ ਕੋਈ ਵਿਅਕਤੀ ਨਹੀਂ ਹੋ ਸਕਦਾ।

ਬਿੱਟੂ ਨੇ ਲੋਕਾਂ ਨੂੰ ਕਿਹਾ, "ਪਹਿਲਾਂ ਵੀ ਤੁਸੀਂ ਮੈਨੂੰ ਜਿਤਾ ਕੇ ਸੰਸਦ ਵਿੱਚ ਭੇਜਿਆ ਸੀ ਪਰ ਭਾਈਵਾਲ ਸਰਕਾਰ ਨਾ ਹੋਣ ਕਾਰਨ ਮੈਨੂੰ ਫੰਡ ਨਹੀਂ ਮਿਲੇ ਤੇ ਹਲਕੇ ਦੇ ਕੰਮ ਅਧੂਰੇ ਰਹਿ ਗਏ"। ਇਸ ਮੌਕੇ ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਦੇਸ਼ ਵਿੱਚ ਭਾਜਪਾ ਦੀ ਸਰਕਾਰ ਬਣਾਓ ਤਾਂ ਜੋ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਦਾ ਰਸਤਾ ਪੱਧਰਾ ਕੀਤਾ ਜਾ ਸਕੇ।

'ਆਪ' ਦੇ ਅਸ਼ੋਕ ਪਰਾਸ਼ਰ ਪੱਪੀ ਨੇ ਅੱਜ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਹਲਕਾ ਦੱਖਣੀ ਤੋਂ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਅਤੇ ਅਮਨਦੀਪ ਸਿੰਘ ਮੋਹੀ ਦੀ ਅਗਵਾਈ ਵਿੱਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਰ ਵਰਗ ਦਾ ਖਿਆਲ ਰੱਖਿਆ ਹੈ। ਉਹ ਕਿਸਾਨਾਂ ਦੇ ਨਾਲ ਵੀ ਖੜ੍ਹੀ ਹੈ। ਚਾਹੇ ਕਿਸਾਨ ਅੰਦੋਲਨ ਹੋਵੇ ਜਾਂ ਫਿਰ ਕੁਦਰਤੀ ਆਫਤ ਆਈ ਹੋਵੇ।

# ਨਾਗਰਿਕਾਂ ਦੇ ਨਾਲ-ਨਾਲ ਪਸ਼ੂਆਂ ਨੂੰ ਵੀ ਹੀਟਵੇਵ ਤੋਂ ਬਚਾਉਣਾ ਜਰੂਰੀ

**ਚੰਡੀਗੜ੍ਹ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਨੇ ਆਮਜਨਤਾ ਦੇ ਨਾਲ-ਨਾਲ ਪਸ਼ੂਧਨ ਨੂੰ ਵੀ ਹੀਟ-ਵੇਵ ਤੋਂ ਬਚਾਉਣ ਲਈ ਜਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਗਰਮੀ ਤੇ ਲੂ ਨਾਲ ਵੇਚਣ ਲਈ ਨਾਗਰਿਕਾਂ ਦੇ ਨਾਲ ਹੀ ਪਸ਼ੂਧਨ ਨੂੰ ਵੀ ਗਰਮੀ ਤੋਂ ਬਚਾਅ ਕਰਨਾ ਹੈ। ਪਸ਼ੂਆਂ ਨੂੰ ਵੀ ਦੁਪਹਿਰ ਦੇ ਸਮੇਂ ਬਾਹਰ ਤੇ ਖੇਤ ਵਿਚ ਲੈ ਜਾਣ ਤੋਂ ਬੱਚਣ।

**ਪਸ਼ੂਧਨ ਨੂੰ ਹੀਟ ਵੇਵ ਤੋਂ ਬਚਾਅ ਲਈ ਸਾਵਧਾਨੀ ਵਰਤਣਾ ਜਰੂਰੀ**

ਉਨ੍ਹਾਂ ਨੇ ਦਸਿਆ ਕਿ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਦਾ ਵੀ ਵਿਸ਼ੇਸ਼ ਧਿਆਨ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਆਮਜਨਤਾ ਦੇ ਨਾਲ-ਨਾਲ ਪਸ਼ੂਆਂ ਦੇ ਪੀਣ ਦੇ ਪਾਣੀ ਲਈ ਟਿਊਬਵੈੱਲ ਆਦਿ ਦਾ ਵੀ ਪ੍ਰਬੰਧ ਕੀਤਾ ਜਾਵੇ। ਮਵੇਸ਼ੀਆਂ ਦੀ ਸੁਰੱਖਿਆ ਦੇ ਲਈ ਹੀਟਵੇਵ ਐਕਸ਼ਨ ਪਲਾਨ ਤਿਆਰ ਕਰਨ। ਗਰਮੀ ਦੀ ਸਥਿਤੀ ਦੌਰਾਨ ਪਸ਼ੂਆਂ ਵਿਚ ਆਉਣ ਵਾਲੀ ਬੀਮਾਰੀ ਦੇ ਲੱਛ ਤੇ ਉਸ ਤੋਂ ਬਚਾਅ ਦੇ ਬਾਰੇ ਵਿਚ ਲੋਕਾਂ ਨੂੰ ਜਾਗਰੁਕਰ ਕਰਨ। ਪਸ਼ੂਆਂ ਨੂੰ ਸੁਰੱਖਿਅਤ ਰੱਖਣ ਤਹਿਤ ਟੀਕਾਕਰਣ ਦਾ ਕੰਮ ਨਿਯਮਤ ਰੂਪ ਨਾਲ ਸੰਚਾਲਿਤ ਕੀਤਾ ਜਾਵੇ ਅਤੇ ਨਾਲ ਹੀ ਕੇਂਦਰਾਂ 'ਤੇ ਜਰੂਰੀ ਦਵਾਈਆਂ ਦਾ ਸਟੋਰੇਜ ਯਕੀਨੀ ਹੋਵੇ। ਉਨ੍ਹਾਂ ਨੇ ਕਿਹਾ ਕਿ ਗਰਮੀ ਦੇ ਦਿਨਾਂ ਵਿਚ ਕਿਸਾਨਾਂ ਅਤੇ ਪਸ਼ੂਪਾਲਕਾਂ ਦੇ ਪਸ਼ੂਆਂ 'ਤੇ ਵੀ ਪ੍ਰਭਾਵ ਪੈਂਦਾ ਹੈ ਅਤੇ ਉਨ੍ਹਾਂ ਨੂੰ ਗਰਮੀ ਤੋਂ ਬਚਾਉਣ ਦੀ ਜਰੂਰਤ ਹੁੰਦੀ ਹੈ। ਇਸ ਦੇ ਮੱਦੇਨਜਰ ਪਸ਼ੂ ਮੈਡੀਕਲ ਵਿਭਾਗ ਵੱਲੋਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਆਪਣੇ ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਸਹੀ ਉਪਾਅ ਅਤੇ ਪ੍ਰਬੰਧਨ ਕਰਨ।

**ਪਸ਼ੂਆਂ ਨੂੰ ਛਾਂ ਵਾਲੇ ਦਰਖਤਾਂ ਦੇ ਹੇਠਾਂ ਰੱਖਣ ਪਸ਼ੂਪਾਲਕ**

ਉਨ੍ਹਾਂ ਨੇ ਦਸਿਆ ਕਿ ਕਿਸਾਨਾਂ ਅਤੇ ਪਸ਼ੂਪਾਲਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਆਪਣੇ ਪਸ਼ੂਆਂ ਦੇ ਲਈ ਆਵਾਸ ਗ੍ਰਹਿ, ਪਸ਼ੂ ਸ਼ੈਡ ਦੀ ਵਿਵਸਥਾ ਕਰਨ। ਦੁਪਹਿਰ ਵਿਚ ਪਸ਼ੂਆਂ ਨੂੰ ਛਾਂ ਵਾਲੇ ਦਰਖਤਾਂ ਦੇ ਹੇਠਾਂ ਆਰਾਮ ਕਰਾਉਣ, 45 ਡਿਗਰੀ ਤੋਂ ਵੱਧ ਤਾਪਮਾਨ ਹੋਣ 'ਤੇ ਪਸ਼ੂਆਂ ਦੇ ਆਵਾਸ ਗ੍ਰਹਿ ਦੀ ਖਿੜਕੀ, ਦਰਵਾਜਾ 'ਤੇ ਗਿੱਲੇ ਪਰਦੇ ਨਾਲ ਬਚਾਅ ਕਰਨ। ਦੁਧਾਰੂ ਪਸ਼ੂਆਂ ਦੇ ਲਈ ਕੂਲਰ ਦੀ ਵਿਵਸਥਾ ਵੀ ਕੀਤੀ ਜਾ ਸਕਦੀ ਹੈ। ਪਸ਼ੂਆਂ ਦੇ ਲਈ ਦਿਨ ਵਿਚ 4-5 ਵਾਰ ਸਾਫ ਅਤੇ ਠੰਢੇ ਪਾਣੀ ਦੀ ਵਿਵਸਥਾ ਕਰਨ। ਪਾਣੀ ਦੀ ਸਮੂਚੀ ਵਿਵਸਥਾ ਹੋਣ 'ਤੇ ਪਸ਼ੂਆਂ ਨੂੰ ਇਸ਼ਨਾਨ ਵੀ ਕਰਵਾਇਆ ਜਾ ਸਕਦਾ ਹੈ। ਪਸ਼ੂਆਂ ਦੇ ਭੋਜਨ ਵਿਚ ਪੌਸ਼ਟਿਕਤਾ ਵਾਲਾ ਭੋਜਨ ਸ਼ਾਮਿਲ ਕਰਨ ਅਤੇ ਦਿਨ ਵਿਚ ਦੋ ਵਾਰ ਗੁੱਡ ਐਂਡ ਨਮਕ ਦੇ ਪਾਣੀ ਦਾ ਘੋਲ ਜ਼ਰੂਰ ਪਿਲਾਉਂਦ। ਪਸ਼ੂਆਂ ਨੂੰ ਗਰਮੀ ਦੇ ਮੌਸਮ ਵਿਚ ਮਿਨਰਲ ਮਿਕਚਰ ਅਤੇ ਮਲਟੀ ਵਿਟਾਮਿਨ ਜਰੂਰ ਦੇਣ। ਪਸ਼ੂਆਂ ਦੇ ਸਿਹਤਮੰਦ ਹੋਣ 'ਤੇ ਤੁਰੰਤ ਪਸ਼ੂ ਡਾਕਟਰਾਂ ਤੋਂ ਇਲਾਜ ਕਰਾਉਣ।

# ਕਾਂਗਰਸੀ ਉਮੀਦਵਾਰ ਸ਼ੈਲਜਾ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ



**ਸਿਰਸਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸਿਰਸਾ ਤੋਂ ਕਾਂਗਰਸ ਦੀ ਉਮੀਦਵਾਰ ਕੁਮਾਰੀ ਸ਼ੈਲਜਾ ਨੇ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਕਾਂਗਰਸ ਦੀ ਉਮੀਦਵਾਰ ਕੁਮਾਰੀ ਸ਼ੈਲਜਾ ਤੇ ਕਾਂਗਰਸੀ ਆਗੂ ਤੇ ਵਰਕਰ ਅੱਜ ਸਵੇਰੇ ਕਾਂਗਰਸ ਭਵਨ ਇਕੱਠੇ ਹੋਏ ਜਿਥੋਂ ਇਕ ਕਾਫਲੇ 'ਚ ਉਹ ਮਿਨੀ ਸਕੱਤਰੇਤ ਪੁੱਜੇ ਅਤੇ ਉਨ੍ਹਾਂ ਨੇ ਜ਼ਿਲ੍ਹਾ ਚੋਣ ਅਧਿਕਾਰੀ ਕੋਲ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਇਸ ਮੌਕੇ ਬੀਰੇਂਦਰ ਸਿੰਘ, ਰਣਦੀਪ ਸੂਰਜੇਵਾਲਾ, ਕਿਰਨ ਚੌਧਰੀ, ਚੰਦਰਮੋਹਨ, ਸਰੂਤੀ ਚੌਧਰੀ ਤੋਂ ਇਲਾਵਾ ਸਾਬਕਾ ਐਮਪੀ ਚਰਨਜੀਤ ਸਿੰਘ ਰੋੜੀ, ਅਮਿਤ ਸਿਹਾਗ, ਭਰਤ ਸਿੰਘ ਬੈਨੀਵਾਲ, ਪਵਨ ਬੈਨੀਵਾਲ, ਸੰਤੋਸ਼ ਬੈਨੀਵਾਲ, ਰਾਜ ਕੁਮਾਰ ਸ਼ਰਮਾ ਆਦਿ ਸਮੇਤ ਕਾਂਗਰਸ ਦੇ ਕਈ ਸੀਨੀਅਰ ਆਗੂ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਉਹ ਮਹਿੰਗਾਈ, ਬੇਰੁਜ਼ਗਾਰੀ ਆਦਿ ਦੇ ਜਨਤਕ ਮੁੱਦਿਆਂ ਨੂੰ ਲੈ ਕੇ ਲੋਕਾਂ ਨੂੰ ਵੋਟ ਦੀ ਅਪੀਲ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ 'ਚ ਕਿਸੇ ਤਰ੍ਹਾਂ ਦੀ ਗੁੱਟਬਾਜ਼ੀ ਨਹੀਂ ਹੈ। ਸਾਰੀ ਕਾਂਗਰਸ ਇਕਜੁੱਟ ਹੈ ਤੇ ਪੂਰੇ ਜੋਸ਼ ਨਾਲ ਚੋਣ ਮੈਦਾਨ ਵਿੱਚ ਨਿਤਰੀ ਹੈ। ਭਾਜਪਾ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਨੇ ਕਿਹਾ ਕਿ ਸਰਕਾਰ ਕੋਲ ਕੋਈ ਮੁੱਦਾ ਹੀ ਨਹੀਂ ਹੈ। ਲੋਕ ਇਸ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ। ਭਾਜਪਾ ਆਗੂ ਸਿਰਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਣਗਾਣ ਕਰਨ ਵਿੱਚ ਹੀ ਲੱਗੇ ਹੋਏ ਹਨ ਜਦਕਿ ਪ੍ਰਧਾਨ ਮੰਤਰੀ ਬੇਲੋੜੀ ਬਿਆਨਬਾਜ਼ੀ ਕਰਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਬੰਬ ਦੀ ਧਮਕੀ ਮਗਰੋਂ ਐੱਨਸੀਆਰ ਦੇ ਸਕੂਲਾਂ 'ਚ ਦਹਿਸ਼ਤ

**ਫਰੀਦਾਬਾਦ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਸਕੂਲਾਂ ਵਿੱਚ ਈਮੇਲ ਆਉਣ ਦੀਆਂ ਖ਼ਬਰਾਂ ਮਗਰੋਂ ਐੱਨਸੀਆਰ ਦੇ ਸਕੂਲਾਂ ਵਿੱਚ ਵੀ ਦਹਿਸ਼ਤ ਫੈਲ ਗਈ ਹੈ। ਇੱਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਇਸ ਜ਼ਿਲ੍ਹੇ ਵਿੱਚ ਬੰਬ ਬਾਰੇ ਕੋਈ ਈਮੇਲ ਜਾਂ ਸੂਚਨਾ ਨਹੀਂ ਹੈ। ਉਧਰ ਗੁਰੂਗ੍ਰਾਮ ਪੁਲੀਸ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਸੁਰੱਖਿਆ ਨੂੰ ਲੈ ਕੇ ਬਿਲਕੁਲ ਵੀ ਚਿੰਤਤ ਹੋਣ ਦੀ ਲੋੜ ਨਹੀਂ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਈਮੇਲ ਡਰ ਫੈਲਾਉਣ ਲਈ ਭੇਜੀ ਗਈ ਸੀ। ਗੌਤਮ ਬੁੱਧ ਨਗਰ ਦੇ ਸੰਯੁਕਤ ਪੁਲੀਸ ਕਮਿਸ਼ਨਰ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਸ਼ਿਵ ਹਰੀ ਮੀਨਾ ਦਾ ਕਹਿਣਾ ਹੈ ਕਿ ਡੀਪੀਐੱਸ ਨੂੰ ਧਮਕੀ ਭਰੀ ਈ-ਮੇਲ ਮਿਲਣ ਦੀ ਸੂਚਨਾ 'ਤੇ ਪੁਲੀਸ ਟੀਮ ਨੇ ਡੌਗ ਸਕੁਐਡ-3 ਦੇ ਨਾਲ ਸਕੂਲ ਕੰਪਲੈਕਸ ਦੀ ਬਰੀਕੀ ਨਾਲ ਜਾਂਚ ਕੀਤੀ। ਉਨ੍ਹਾਂ ਮੁਤਾਬਕ ਹੁਣ ਤੱਕ ਦੀ ਜਾਂਚ 'ਚ ਧਮਕੀ ਮਹਿਜ਼ ਅਫਵਾਹ ਸੀ। ਗ੍ਰੇਟਰ ਨੋਇਡਾ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ ਦੇ ਗ੍ਰੇਟਰ ਨੋਇਡਾ ਦੇ ਦਿੱਲੀ ਪਬਲਿਕ ਸਕੂਲਾਂ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਵਾਲੀ ਮੇਲ ਮਿਲੀ ਹੈ। ਸਾਵਧਾਨੀ ਦੇ ਤੌਰ ਤੇ ਸਕੂਲ ਪ੍ਰਬੰਧਕਾਂ ਨੇ ਬੱਚਿਆਂ ਨੂੰ ਸੁਰੱਖਿਅਤ ਘਰ ਭੇਜਣ ਦਾ ਫੈਸਲਾ ਕੀਤਾ। ਇਸ ਸਬੰਧੀ ਮਾਪਿਆਂ ਨੂੰ ਮੈਸੇਜ ਅਤੇ ਫ਼ੋਨ ਕਾਲਾਂ ਰਾਹੀਂ ਸੂਚਿਤ ਕੀਤਾ। 1 ਨੋਇਡਾ ਜ਼ੋਨ



ਦੇ ਏਡੀਸੀਪੀ ਮਨੀਸ਼ ਕੁਮਾਰ ਮਿਸ਼ਰਾ ਦਾ ਕਹਿਣਾ ਹੈ ਕਿ ਨੋਇਡਾ ਦੇ ਦਿੱਲੀ ਪਬਲਿਕ ਸਕੂਲਾਂ ਵਿੱਚ ਵੀ ਧਮਕੀ ਭਰੀ ਈ-ਮੇਲ ਮਿਲੀ ਹੈ। ਮਾਪਿਆਂ ਵਿੱਚ ਕਿਸੇ ਤਰ੍ਹਾਂ ਦਾ ਤਣਾਅ ਨਾ ਹੋਵੇ, ਇਸ ਲਈ ਸਕੂਲਾਂ ਦੇ ਬਾਹਰ ਸਬੰਧਤ ਥਾਣੇ ਦੀ ਪੁਲੀਸ ਤਾਇਨਾਤ ਕੀਤੀ ਗਈ ਹੈ।

ਸਾਹਿਬਾਬਾਦ ਦੇ ਇੱਕ ਸਕੂਲ ਤੇ ਸ਼ਾਲੀਮਾਰ ਗਾਰਡਨ ਸਥਿਤ ਦਿੱਲੀ ਕਾਨਵੈਂਟ ਸਕੂਲ ਨੂੰ ਵੀ ਈਮੇਲ ਰਾਹੀਂ ਬੰਬ ਦੀ ਧਮਕੀ ਮਿਲੀ ਹੈ। ਸਵੇਰੇ 6:43 ਵਜੇ ਸਕੂਲ ਦੀ ਅਧਿਕਾਰਤ ਈਮੇਲ 'ਤੇ ਇੱਕ ਧਮਕੀ ਭਰੀ ਮੇਲ ਪ੍ਰਾਪਤ ਹੋਈ ਹੈ। ਇਸ ਦੀ ਸੂਚਨਾ ਥਾਣਾ ਡਿਵੀਜ਼ਨ ਅਤੇ ਸ਼ਾਲੀਮਾਰ ਗਾਰਡਨ ਥਾਣੇ ਨੂੰ ਦਿੱਤੀ ਗਈ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਪਰ ਕੁਝ ਨਹੀਂ ਮਿਲਿਆ। ਸਕੂਲ ਦੀ ਪ੍ਰਿੰਸੀਪਲ ਅਭਿਲਾਸ਼ਾ ਸ਼ਰਮਾ ਦਾ ਕਹਿਣਾ ਹੈ ਕਿ ਮਾਪਿਆਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਰੋਹਿਣੀ ਜ਼ਿਲ੍ਹੇ ਦੇ ਸੱਤ ਤੋਂ ਅੱਠ ਸਕੂਲਾਂ ਨੂੰ ਬੰਬ ਦੀ ਧਮਕੀ ਮਿਲੀ ਹੈ। ਇਨ੍ਹਾਂ ਵਿੱਚ ਰੋਹਿਣੀ ਸੈਕਟਰ 24 ਸਥਿਤ ਡੀਪੀਐੱਸ ਸਮੇਤ ਕਈ ਸਕੂਲ ਸ਼ਾਮਲ ਹਨ। ਇਨ੍ਹਾਂ ਸਾਰੇ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ। ਪੁਲੀਸ ਅਧਿਕਾਰੀ ਦਾ ਕਹਿਣਾ ਹੈ ਕਿ ਸਾਰੇ ਸਕੂਲਾਂ ਦੀ ਜਾਂਚ ਕੀਤੀ ਗਈ ਹੈ ਅਤੇ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

# ਦੇਸ਼ ਵਿੱਚ ਤੀਜੀ ਵਾਰ ਬਣੇਗੀ ਭਾਜਪਾ ਦੀ ਸਰਕਾਰ: ਸ਼ੇਖਾਵਤ



**ਅੰਬਾਲਾ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਵੱਲੋਂ ਅੱਜ ਅੰਬਾਲਾ ਕੈਂਟ ਦੀ ਗਾਂਧੀ ਗਰਾਊਂਡ ਵਿੱਚ ਅੰਬਾਲਾ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਬੰਤੋ ਕਟਾਰੀਆ ਦੇ ਹੱਕ ਵਿਚ ਵਿਜੈ ਸੰਕਲਪ ਰੈਲੀ ਕੀਤੀ ਗਈ, ਜਿਸ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਸਾਬਕਾ ਗ੍ਰਹਿ ਮੰਤਰੀ ਤੇ ਅੰਬਾਲਾ ਕੈਂਟ ਹਲਕੇ ਤੋਂ ਵਿਧਾਇਕ ਅਨਿਲ ਵਿੱਜ ਨੇ ਸੰਬੋਧਨ ਕੀਤਾ ਅਤੇ ਬੰਤੋ ਕਟਾਰੀਆ ਦੇ ਹੱਕ ਵਿਚ ਵੋਟਾਂ ਮੰਗੀਆਂ। ਇਸ ਦੌਰਾਨ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਦੇਸ਼ ਵਿੱਚ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਸਰਕਾਰ ਬਣੇਗੀ। ਭਾਜਪਾ 400 ਪਾਰ ਦਾ ਨਿਸ਼ਾਨਾ ਲੈ ਕੇ ਚੱਲ ਰਹੀ ਹੈ ਅਤੇ ਇਸ ਨਿਸ਼ਾਨੇ ਨੂੰ ਹਾਸਲ ਕਰਨ ਲਈ ਕੰਮ ਕੀਤਾ ਜਾਵੇਗਾ।

ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਾਂਗਰਸ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕਾਂਗਰਸ ਦੇ ਰਾਜ ਵਿੱਚ ਪਰਚੀ ਅਤੇ ਖ਼ਰਚੀ ਚੱਲਦੀ ਸੀ ਪਰ ਭਾਜਪਾ ਸਰਕਾਰ ਵਿੱਚ ਨਾ ਪਰਚੀ ਚੱਲਦੀ ਹੈ ਅਤੇ ਨਾ ਹੀ ਖ਼ਰਚੀ। ਸ੍ਰੀ ਸੈਣੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਇਤਿਹਾਸਕ ਕੰਮ ਕੀਤੇ ਹਨ। 'ਇੰਡੀਆ' ਗੱਠਜੋੜ ਪੰਜ ਸਾਲਾਂ ਵਿੱਚ ਪੰਜ ਪ੍ਰਧਾਨ ਮੰਤਰੀ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ, ਇਸ ਲਈ ਦੇਸ਼ ਦੀ ਮਜ਼ਬੂਤੀ ਅਤੇ ਸਥਿਰਤਾ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਕਦੇ ਹਨ। ਮੋਦੀ ਦੀ ਅਗਵਾਈ ਵਿੱਚ ਹੀ ਵਿਕਸਤ ਭਾਰਤ ਬਣੇਗਾ। ਇਸ ਦੌਰਾਨ ਟਰਾਂਸਪੋਰਟ ਰਾਜ ਮੰਤਰੀ ਅਸੀਮ ਗੋਇਲ ਅਤੇ ਉਮੀਦਵਾਰ ਬੰਤੋ ਕਟਾਰੀਆ ਨੇ ਵੀ ਰੈਲੀ ਵਿੱਚ ਮੌਜੂਦ ਲੋਕਾਂ ਨੂੰ ਪਾਉਣ ਦੀ ਅਪੀਲ ਕੀਤੀ।

ਇਹ ਰੈਲੀ ਸਾਬਕਾ ਗ੍ਰਹਿ ਮੰਤਰੀ ਅਤੇ ਅੰਬਾਲਾ ਕੈਂਟ ਤੋਂ ਵਿਧਾਇਕ ਅਨਿਲ ਵਿੱਜ ਨੇ ਕੀਤੀ ਸੀ। ਰੈਲੀ ਵਿੱਚ ਪਾਰਟੀ ਵੱਲੋਂ ਨਜ਼ਰਅੰਦਾਜ਼ ਕੀਤੇ ਜਾਣ ਸਬੰਧੀ ਅਨਿਲ ਵਿੱਜ ਦਾ ਦਰਦ ਫਿਰ ਛਲਕ ਪਿਆ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ, "ਕੁਝ ਲੋਕਾਂ ਨੇ ਮੈਨੂੰ ਆਪਣੀ ਹੀ ਪਾਰਟੀ ਵਿੱਚ ਬੇਗਾਨਾ ਬਣਾ ਦਿੱਤਾ।

ਕਈ ਵਾਰ ਬੇਗਾਨੇ ਆਪਣਿਆਂ ਤੋਂ ਵੱਧ ਕੰਮ ਕਰ ਜਾਂਦੇ ਹਨ। ਸਾਬਕਾ ਮੰਤਰੀ ਦੇ ਇਸ ਬਿਆਨ ਤੋਂ ਮੰਚ 'ਤੇ ਬੈਠੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਟਰਾਂਸਪੋਰਟ ਰਾਜ ਮੰਤਰੀ ਅਸੀਮ ਗੋਇਲ, ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਭਾਜਪਾ ਉਮੀਦਵਾਰ ਬੰਤੋ ਕਟਾਰੀਆ ਅਤੇ ਹੋਰ ਆਗੂ ਹੈਰਾਨ ਰਹਿ ਗਏ।

# ਘਰ 'ਚੋਂ ਗਹਿਣੇ ਤੇ ਨਕਦੀ ਚੋਰੀ

**ਰਤੀਆ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

ਰਤੀਆ ਇਲਾਕੇ ਦੇ ਪਿੰਡ ਖਾਈ ਵਿਚ ਦਿਨ ਦਿਹਾੜੇ ਇਕ ਘਰ ਦੇ ਤਾਲੇ ਤੋੜ ਕੇ ਸੋਨੇ ਦੇ ਗਹਿਣੇ ਅਤੇ 10 ਹਜ਼ਾਰ ਦੀ ਨਕਦੀ ਤੋਂ ਇਲਾਵਾ ਮੋਬਾਇਲ ਫੋਨ ਚੋਰੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਨੂੰ ਲੈ ਕੇ ਸਦਰ ਥਾਣਾ ਦੀ ਪੁਲੀਸ ਨੇ ਮਕਾਨ ਮਾਲਕ ਮੰਗਤ ਰਾਮ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖ਼ਿਲਾਫ਼ ਚੋਰੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਕਾਨ ਮਾਲਕ ਨੇ ਪੁਲੀਸ ਨੂੰ ਦੱਸਿਆ ਕਿ ਬੀਤੀ ਸਵੇਰ ਉਹ ਮਕਾਨ ਨੂੰ ਤਾਲਾ ਲਗਾ ਕੇ ਖੇਤ ਚਲਾ ਗਿਆ ਸੀ ਤੇ ਕਰੀਬ 2 ਘੰਟੇ ਉਪਰੰਤ ਹੀ ਘਰ ਪਹੁੰਚਿਆ ਤਾਂ ਚੋਰ ਤਾਲੇ ਤੋੜ ਕੇ ਕਰੀਬ 10 ਹਜ਼ਾਰ ਦੀ ਨਕਦੀ ਤੋਂ ਇਲਾਵਾ ਇਕ ਜੋੜੀ ਸੋਨੇ ਦੇ ਕੰਨਾਂ ਦੀਆਂ ਵਾਲੀਆਂ ਅਤੇ 2 ਮੋਬਾਈਲ ਫੋਨ ਚੋਰੀ ਕਰਕੇ ਲੈ ਗਏ ਹਨ। ਪੁਲੀਸ ਨੇ ਅਣਪਛਾਤੇ ਲੋਕਾਂ ਖਿਲਾਫ਼ ਚੋਰੀ ਦਾ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਰਿੰਦਰ ਮੋਦੀ ਨੇ ਵਿਸ਼ਵ ਪੱਧਰ 'ਤੇ ਭਾਰਤ ਦਾ ਰੁਤਬਾ ਉੱਚਾ ਚੁੱਕਿਆ: ਜਿੰਦਲ

**ਸ਼ਾਹਬਾਦ ਮਾਰਕੰਡਾ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਨਵੀਨ ਜਿੰਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਜ਼ਬੂਤ ਅਗਵਾਈ ਨੇ ਇਹ ਯਕੀਨੀ ਬਣਾਇਆ ਹੈ ਕਿ ਸਾਡੇ ਦੇਸ਼ ਦਾ ਕੱਦ ਅੱਜ ਵਿਸ਼ਵ ਪੱਧਰ 'ਤੇ ਕਈ ਗੁਣਾ ਉੱਚਾ ਹੋ ਗਿਆ ਹੈ ਤੇ ਹੁਣ ਅਸੀਂ ਵਿਸ਼ਵ ਸ਼ਕਤੀਆਂ ਵਿਚ ਗਿਣੇ ਜਾਣ ਲੱਗੇ ਹਾਂ। ਨਵੀਨ ਜਿੰਦਲ ਨੇ ਇਹ ਪ੍ਰਗਟਾਵਾ ਬੀਤੀ ਦੇਰ ਸ਼ਾਮ ਤਰਲੋਚਨ ਸਿੰਘ ਹਾਂਡਾ ਦੇ ਵਪਾਰਕ ਸਥਾਨ ਅਨਾਜ ਮੰਡੀ ਵਿਚ ਇਕ ਬੈਠਕ ਨੂੰ ਸੰਬੋਧਨ ਕਰਦਿਆਂ ਕੀਤਾ।

ਸ੍ਰੀ ਜਿੰਦਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਤੁਹਾਡੇ ਸਾਰਿਆਂ ਦਾ ਵੱਡੀ ਗਿਣਤੀ 'ਚ ਆਉਣ 'ਤੇ ਧੰਨਵਾਦ। ਉਨ੍ਹਾਂ ਨੂੰ ਮੰਡੀ ਐਸੋਸੀਏਸ਼ਨ, ਮੁਨੀਮ ਐਸੋਸੀਏਸ਼ਨ ਤੇ ਪੱਲੇਦਾਰ ਯੂਨੀਅਨ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੋ ਕੁਰੂਕਸ਼ੇਤਰ ਹਲਕੇ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਮਾਣ ਸਤਿਕਾਰ ਮਿਲ ਰਿਹਾ ਹੈ, ਉਹ ਉਨ੍ਹਾਂ ਵੱਲੋਂ 10 ਸਾਲ ਪਹਿਲਾਂ ਕੀਤੇ ਗਏ ਵਿਕਾਸ ਕਾਰਜਾਂ ਦਾ ਪ੍ਰਮਾਣ ਹੋਣ ਦੇ ਨਾਲ-ਨਾਲ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਵਿਕਾਸ ਕਾਰੀ ਕੰਮਾਂ ਦਾ ਪ੍ਰਮਾਣ ਹੈ।

ਜਿੰਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਸਿਰਫ ਇਕ ਨੇਤਾ ਹੀ ਸਾਡੀ ਨੌਜਵਾਨ ਪੀੜ੍ਹੀ ਦੇ ਉਜਵਲ ਭਵਿੱਖ ਨੂੰ ਯਕੀਨੀ ਬਣਾ ਸਕਦਾ ਹੈ ਤੇ ਦੇਸ਼ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾ ਸਕਦਾ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ 10 ਸਾਲ ਦੇ ਕਾਰਜਕਾਲ ਵਿਚ ਦੇਸ਼ ਵਾਸੀਆਂ ਦੀ ਭਲਾਈ ਦੇ ਕੰਮ ਕੀਤੇ ਹਨ। ਸਾਬਕਾ ਮੰਤਰੀ ਤੇ ਭਾਜਪਾ ਦੇ ਸੂਬਾ ਬੁਲਾਰੇ ਕ੍ਰਿਸ਼ਨ ਬੇਦੀ ਨੇ ਕਿਹਾ ਕਿ ਸਾਡਾ ਦੇਸ਼ ਪਿਛਲੇ 10 ਸਾਲਾਂ 'ਚ ਸ਼ਕਤੀਸ਼ਾਲੀ ਹੋ ਗਿਆ ਹੈ ਤੇ ਜਦੋਂ ਕੋਈ ਦੇਸ਼ ਤਾਕਤਵਰ ਹੁੰਦਾ ਹੈ ਤਾਂ ਖੁਸ਼ਹਾਲੀ ਆਉਂਦੀ ਹੈ। ਇਸ ਖੁਸ਼ਹਾਲੀ ਨੂੰ ਦੇਖਦੇ ਹੋਏ ਭਾਰਤ ਅੱਜ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ 2024 ਵਿਚ ਮੋਦੀ ਜੀ ਤੀਜੀ ਵਾਰ ਪ੍ਰਧਾਨ ਮੰਤਰੀ ਬਨਣਗੇ ਤੇ ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਏਗਾ। ਇਸ ਮੌਕੇ ਕਰਨਰਾਜ ਸਿੰਘ ਤੂਰ, ਤਰਲੋਚਨ ਸਿੰਘ ਹਾਂਡਾ, ਸਤਿੰਦਰਪਾਲ ਸਿੰਘ ਹਾਂਡਾ, ਬਲਦੇਵ ਰਾਜ ਸੇਠੀ, ਚੇਅਰਮੈਨ ਗੁਲਸ਼ਨ ਕਵਾਤਰਾ ਆਦਿ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਗਰੇਵਾਲ ਨੂੰ ਮੋੜਵਾਂ ਜਵਾਬ

**ਅੰਮ੍ਰਿਤਸਰ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਪੰਥ ਦੀ ਪਹਿਰੇਦਾਰ ਹੁੰਦਿਆਂ ਸਿੱਖ ਸਿਧਾਂਤਾਂ ਵਿਰੁੱਧ ਗਤੀਵਿਧੀਆਂ 'ਤੇ ਹਮੇਸ਼ਾ ਆਵਾਜ਼ ਉਠਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਭਾਜਪਾ ਵਿੱਚ ਜਾਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤੇ ਜਾਣ ਮਗਰੋਂ ਹਰਜੀਤ ਗਰੇਵਾਲ ਸਿੱਖ ਸਿਧਾਂਤਾਂ ਨੂੰ ਰਲਗੱਡ ਕਰਨ ਵਾਲੀ ਭਾਜਪਾ ਦੀ ਸਾਜ਼ਸ਼ੀ ਨੀਤੀ ਤਹਿਤ ਬਿਆਨਬਾਜ਼ੀ ਕਰ ਰਹੇ ਹਨ।

ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਆਰਐੱਸਐੱਸ ਦੇ ਏਜੰਡੇ ਤਹਿਤ ਕੰਮ ਕਰਨ ਵਾਲੀ ਭਾਜਪਾ ਸਿੱਖ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਕਰ ਕੇ ਗੁਰੂ ਘਰਾਂ ਦੇ ਪ੍ਰਬੰਧ ਨੂੰ ਸਿੱਧੇ-ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਜਿਸ ਭਾਜਪਾ ਨੂੰ ਸ੍ਰੀ ਗਰੇਵਾਲ ਸਿੱਖ-ਹਿਤੈਸ਼ੀ ਪਾਰਟੀ ਦੱਸ ਰਹੇ ਉਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲੰਬਿਤ ਪਏ ਸਿੱਖ ਮਾਮਲੇ ਸੁਲਝਾਉਣ ਵਿੱਚ ਨਾਕਾਮ ਸਾਬਤ ਹੋਈ ਹੈ। ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਸਿੱਖਾਂ ਦਾ ਮਸਲਾ ਅਤੇ ਪੰਜਾਬ ਤੋਂ



ਬਾਹਰਲੇ ਸੂਬਿਆਂ ਨਾਲ ਸਬੰਧਤ ਗੁਰੂ ਘਰਾਂ ਦੇ ਮਾਮਲੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਦੇ ਵੀ ਹੱਲ ਕਰਨ ਦੀ ਪਹਿਲਕਦਮੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸਰਕਾਰਾਂ ਵੱਲੋਂ ਇਨ੍ਹਾਂ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਦਾ ਕੌਮ ਨੇ ਹਮੇਸ਼ਾ ਮੂੰਹਤੋੜ ਜਵਾਬ ਦਿੱਤਾ ਹੈ।

ਬੇਅਦਬੀ ਦੇ ਮਾਮਲੇ ਸਬੰਧੀ ਗਰੇਵਾਲ ਵੱਲੋਂ ਉਠਾਏ ਸਵਾਲ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਾਹਮਣੇ ਆਏ ਤੱਥਾਂ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਡੇਰਾ ਸਿਰਸਾ ਨਾਲ ਸਬੰਧਤ ਲੋਕਾਂ ਵੱਲੋਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸ੍ਰੀ ਗਰੇਵਾਲ ਦੱਸਣ ਕਿ ਡੇਰਾ ਸਿਰਸਾ ਮੁਖੀ ਨੂੰ ਹਰਿਆਣਾ ਸਰਕਾਰ ਵਾਰ-ਵਾਰ ਪੈਰੋਲ ਕਿਉਂ ਦੇ ਰਹੀ ਹੈ।

# ਗੁਰੂ ਨਾਨਕ ਦੇਵ 'ਵਰਸਿਟੀ ਦੁਨੀਆ ਦੀਆਂ ਸਿਖਰਲੀਆਂ 23 ਫੀਸਦ ਯੂਨੀਵਰਸਿਟੀਆਂ 'ਚ ਸ਼ੁਮਾਰ

**ਅੰਮ੍ਰਿਤਸਰ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

ਦੇਸ਼ ਲਈ ਇਹ ਮਾਣ ਵਾਲੀ ਗੱਲ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸਰਵੋਤਮ ਯੂਨੀਵਰਸਿਟੀਆਂ ਦੀ ਵਿਸ਼ਵ ਰੈਂਕਿੰਗ 2024 ਵਿੱਚ ਦੁਨੀਆ ਭਰ ਦੀਆਂ ਚੋਟੀ ਦੀਆਂ 23 ਫੀਸਦ ਯੂਨੀਵਰਸਿਟੀਆਂ ਵਿੱਚ ਸ਼ੁਮਾਰ ਕੀਤਾ ਗਿਆ ਹੈ। ਸਟੱਡੀ ਅਬਰੌਡ ਏਡ ਵੱਲੋਂ ਵਿਸ਼ਵ ਦੀਆਂ 8032 ਯੂਨੀਵਰਸਿਟੀਆਂ ਦੇ ਕਰਵਾਏ ਗਏ ਸਰਵੇਖਣ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕਿਫਾਇਤੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਸ਼ਵ ਪੱਧਰ 'ਤੇ 1782 ਸਥਾਨ ਮਿਲਿਆ ਹੈ।



ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਰਵੋਤਮ ਮੁੱਲ ਯੂਨੀਵਰਸਿਟੀ ਦਰਜਾਬੰਦੀ ਦੋ ਮੈਟ੍ਰਿਕਸ 'ਤੇ ਅਧਾਰਿਤ ਹੈ, ਜਿਨ੍ਹਾਂ ਵਿੱਚ ਅਕਾਦਮਿਕ ਗੁਣਵੱਤਾ, ਵੇਟੇਜ਼ 75 ਫੀਸਦ ਅਤੇ ਬਾਕੀ 25 ਫੀਸਦ ਲਈ ਸਿੱਖਿਆ ਦੀ ਲਾਗਤ ਸ਼ਾਮਿਲ ਹੈ। ਏਜੰਸੀ ਅਨੁਸਾਰ ਵਿਸ਼ਵ ਯੂਨੀਵਰਸਿਟੀ ਰੈਂਕਿੰਗ 2024 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ, ਵਿਭਿੰਨਤਾ ਅਤੇ ਵਿਦਿਆਰਥੀ ਭਲਾਈ ਦੇ ਠੋਸ ਸਕਾਰਾਤਮਕ ਆਧਾਰਾਂ 'ਤੇ ਵਿਸ਼ਵ ਪੱਧਰ ਦੀਆਂ ਚੋਟੀ ਦੀਆਂ 27 ਫੀਸਦ ਯੂਨੀਵਰਸਿਟੀਆਂ ਵਿਚੋਂ ਇੱਕ ਹੈ ਅਤੇ ਇਹ ਉੱਤਰੀ ਖੇਤਰ (ਜੰਮੂ, ਕਸ਼ਮੀਰ, ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼) ਦੀ ਇਕੋ-ਇਕ ਬਹੁ-ਅਨੁਸ਼ਾਸਨੀ ਰਾਜ ਯੂਨੀਵਰਸਿਟੀ ਹੈ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਨੇ ਪਿਛਲੇ ਕੁੱਝ ਸਾਲਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰੈਂਕਿੰਗ ਨੂੰ ਉੱਚਾ ਚੁੱਕਣ ਲਈ ਉੱਚ ਗੁਣਵੱਤਾ ਵਾਲੀਆਂ ਅਕਾਦਮਿਕ ਪਹਿਲਕਦਮੀਆਂ, ਫੈਕਲਟੀ ਦੀ ਉੱਚ ਪੱਧਰੀ ਖੋਜ ਅਤੇ ਵਿਦਿਆਰਥੀ ਅਨੁਕੂਲ ਕੈਂਪਸ ਵਰਗੇ ਪ੍ਰਮੁੱਖ ਕਾਰਕਾਂ ਨੂੰ ਸਹਾਈ ਮੰਨਿਆ ਹੈ। ਉੱਚ ਪਾਏ ਦੀ ਖੋਜ ਕਾਰਨ ਸਕੋਪਸ ਵਿੱਚ ਸਿਖਰਲੇ 10 ਫੀਸਦ ਖੋਜ ਪੱਤਰਾਂ ਦੇ ਹਵਾਲੇ ਨਾਲ ਯੂਨੀਵਰਸਿਟੀ ਦਾ ਐਚ ਇੰਡੈਕਸ 64 ਤੋਂ 145 ਤੱਕ ਪਹੁੰਚ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਵੀ ਅਤਿ-ਆਧੁਨਿਕ ਵਾਤਾਵਰਣ ਪ੍ਰਦਾਨ ਕਰਦੀ ਹੈ ਅਤੇ ਰਾਸ਼ਟਰੀ ਯੁਵਕ ਮੇਲਿਆਂ ਵਿੱਚ ਚੋਟੀ ਦੀਆਂ ਪੁਜ਼ੀਸ਼ਨਾਂ ਦੇ ਨਾਲ ਰਿਕਾਰਡ 25 ਵਾਰ ਵੱਕਾਰੀ ਮੌਲਾਨਾ ਅਬੁਲ ਕਲਾਮ ਅਜ਼ਾਦ ਟਰਾਫੀ ਜਿੱਤਣਾ ਵੀ ਇਸ ਵਿੱਚ ਸ਼ਾਮਿਲ ਹੈ। ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ ਅਤੇ ਸਟਾਫ਼ ਨੂੰ ਵਧਾਈ ਦਿੰਦਿਆਂ ਵਾਈਸ ਚਾਂਸਲਰ ਪ੍ਰੋ. ਸੰਧੂ ਨੇ ਕਿਹਾ ਕਿ ਯੂਨੀਵਰਸਿਟੀ ਪਰਿਵਾਰ ਦੇ ਸੁਹਿਰਦ ਯਤਨਾਂ ਸਦਕਾ 'ਵਰਸਿਟੀ ਨੇ ਦੇਸ਼-ਵਿਦੇਸ਼ ਵਿੱਚ ਨਾਮਣਾ ਖੱਟਿਆ ਹੈ।

# ਅੰਮ੍ਰਿਤਪਾਲ ਸਿੰਘ ਨੂੰ ਚੋਣ ਲੜਨ ਤੋਂ ਰੋਕੇ ਜਾਣ ਦਾ ਖਦਸ਼ਾ

**ਅੰਮ੍ਰਿਤਸਰ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਚੋਣ ਲੜਨ ਤੋਂ ਰੋਕ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਇਸੇ ਨੀਤੀ ਤਹਿਤ ਚੋਣ ਪ੍ਰਚਾਰ ਮੁਹਿੰਮ ਲਈ ਬਣਾਏ ਗਏ ਵਟਸਐਪ ਗਰੁੱਪ ਬਲਾਕ ਕਰ ਦਿੱਤੇ ਹਨ। ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਇਸ ਸਬੰਧੀ ਜਾਰੀ ਇੱਕ ਬਿਆਨ ਰਾਹੀਂ ਭਾਰਤ ਦੇ ਚੋਣ ਕਮਿਸ਼ਨ ਨੂੰ ਲਿਖਿਆ ਕਿ ਸਰਕਾਰਾਂ ਨੇ ਉਨ੍ਹਾਂ ਵੱਲੋਂ ਬਣਾਏ ਗਏ ਵਟਸਐਪ ਗਰੁੱਪ ਦੇ ਐਡਮਿਨਾਂ ਦੇ ਨੰਬਰ ਅਤੇ ਵਟਸਐਪ ਗਰੁੱਪ ਬੰਦ ਕਰ ਦਿੱਤੇ ਹਨ ਜਿਨ੍ਹਾਂ ਨੂੰ ਤੁਰੰਤ ਚਾਲੂ ਕਰਵਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਜਿੰਨੇ ਵੀ ਕੇਸ ਦਰਜ ਹਨ, ਉਹ ਪ੍ਰਸ਼ਾਸਨ ਰਾਹੀਂ ਜਨਤਕ ਕਰਵਾਏ ਜਾਣ।

ਤਰਸੇਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਗਰੁੱਪ ਕੇਂਦਰ ਸਰਕਾਰ ਨੇ ਬੰਦ ਕਰਵਾਏ ਹਨ ਜਾਂ ਸੂਬਾ ਸਰਕਾਰ ਨੇ ਪਰ ਉਨ੍ਹਾਂ ਲਈ ਸਮੁੱਚਾ ਸਰਕਾਰੀ ਤੰਤਰ ਇੱਕੋ ਜਿਹਾ ਹੈ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਚੋਣ ਪ੍ਰਚਾਰ ਕਰਨ ਵਾਸਤੇ ਉਨ੍ਹਾਂ ਸੰਸਦੀ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕਿਆਂ ਲਈ ਵਟਸਐਪ ਗਰੁੱਪ ਬਣਾਇਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਗਰੁੱਪ ਦੇ ਐਡਮਿਨ ਦਾ ਨੰਬਰ ਅਤੇ ਹੋਰ ਸਮਰਥਨ ਕਰਨ ਵਾਲੇ ਸਿੱਖਾਂ ਦੇ ਨੰਬਰਾਂ 'ਤੇ ਚੱਲ ਰਹੇ ਵਟਸਐਪ ਬਲਾਕ



ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਚੋਣ ਪ੍ਰਚਾਰ ਮੁਹਿੰਮ ਵਿੱਚ ਅੜਿੱਕੇ ਖੜ੍ਹੇ ਕਰ ਰਹੀ ਹੈ। ਚੋਣਾਂ ਵਿੱਚ ਹਰ ਉਮੀਦਵਾਰ ਨੂੰ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ ਪਰ ਸਰਕਾਰ ਉਨ੍ਹਾਂ ਦਾ ਹੱਕ ਖੋਹ ਰਹੀ ਹੈ। ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ ਲਈ ਚੋਣ ਇੰਚਾਰਜ ਬਣਾਈ ਗਈ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਦਾਅਵਾ ਕੀਤਾ ਕਿ ਉਸ ਦੇ ਸੋਸ਼ਲ ਮੀਡੀਆ ਖਾਤੇ ਬੰਦ ਕਰ ਦਿੱਤੇ ਗਏ ਹਨ।ਸਿੱਖ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਜਥੇਬੰਦੀ ਦੇ ਮੁਖੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਸ ਵਾਰ ਖਾਲਸਾ ਪੰਥ ਅਤੇ ਪੰਜਾਬ ਵਾਸੀਆਂ ਨੂੰ ਸ਼ਾਨਦਾਰ ਇਤਿਹਾਸ ਸਿਰਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਸਤੇ ਲੋਕ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ, ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ, ਫ਼ਰੀਦਕੋਟ ਤੋਂ ਸਰਬਜੀਤ ਸਿੰਘ ਮਲੋਆ, ਲੁਧਿਆਣਾ ਤੋਂ ਅੰਮ੍ਰਿਤਪਾਲ ਸਿੰਘ ਛੰਦੜਾ (ਸਪੁੱਤਰ ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ), ਪਟਿਆਲਾ ਤੋਂ ਪ੍ਰੋਫੈਸਰ ਮਹਿੰਦਰਪਾਲ ਸਿੰਘ, ਗੁਰਦਾਸਪੁਰ ਤੋਂ ਗੁਰਿੰਦਰ ਸਿੰਘ ਬਾਜਵਾ ਤੇ ਬਠਿੰਡਾ ਤੋਂ ਲਖਬੀਰ ਸਿੰਘ ਲੱਖਾ ਸਿਧਾਣਾ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ, ਇਸੇ ਕਰਕੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥਕ ਉਮੀਦਵਾਰਾਂ ਨੂੰ ਜਿਤਾਉਣ ਦੀ ਲੋੜ ਹੈ।

# ਬੋਫੋਰਜ਼ ਤੋਪਾਂ ਦੇ ਰੌਲੇ-ਰੱਪੇ ਕਾਰਨ ਚੋਣ ਹਾਰ ਗਏ ਸਨ ਮੇਜਰ ਜਨਰਲ ਸਪੈਰੋ

**ਜਲੰਧਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੂਜੀ ਸੰਸਾਰ ਜੰਗ ਵਿੱਚ ਦੁਸ਼ਮਣਾਂ ਨਾਲ ਲੋਹਾ ਲੈਣ ਅਤੇ 1965 ਦੀ ਭਾਰਤ-ਪਾਕਿ ਜੰਗ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਬੋਫ਼ੋਰਜ਼ ਘੁਟਾਲੇ ਦੇ ਰੌਲੇ ਰੱਪੇ ਕਾਰਨ 1989 ਦੀ ਲੋਕ ਸਭਾ ਚੋਣ ਇੰਦਰ ਕੁਮਾਰ ਗੁਜਰਾਲ ਕੋਲੋਂ ਹਾਰ ਗਏ ਸਨ। ਇਸ ਹਾਰ ਨੇ ਉਨ੍ਹਾਂ ਦਾ ਸਿਆਸੀ ਸਫ਼ਰ ਹੀ ਖਤਮ ਕਰ ਦਿੱਤਾ।

ਫੌਜ ਵਿੱਚ ਰਾਜਿੰਦਰ ਸਿੰਘ ਸਪੈਰੋ ਵੱਡੇ ਅਹੁਦਿਆਂ 'ਤੇ ਆਪਣੀ ਮਿਹਨਤ ਸਦਕਾ ਪਹੁੰਚੇ ਸਨ। ਸਾਲ 1980 ਦੀਆਂ ਲੋਕ ਸਭਾ ਚੋਣਾਂ ਵਿੱਚ ਇੰਦਰਾ ਗਾਂਧੀ ਨੇ ਸਪੈਰੋ ਨੂੰ ਕਾਂਗਰਸ ਦਾ ਉਮੀਦਵਾਰ ਬਣਾਇਆ। ਉਨ੍ਹਾਂ ਨੂੰ ਦੋ ਵਾਰ ਮਹਾਂਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਰਾਜਿੰਦਰ ਸਿੰਘ ਸਪੈਰੋ ਨੇ ਆਪਣੀ ਪਹਿਲੀ ਲੋਕ ਸਭਾ ਚੋਣ ਵਿੱਚ ਜਨਤਾ ਪਾਰਟੀ ਦੇ ਵਿਰੋਧੀ ਆਗੂ ਸਰੂਪ ਸਿੰਘ ਨੂੰ ਵੱਡੇ ਫਰਕ ਨਾਲ ਹਰਾਇਆ ਸੀ। ਕਾਂਗਰਸੀ ਉਮੀਦਵਾਰ ਸਪੈਰੋ ਨੂੰ 2.14 ਲੱਖ ਵੋਟਾਂ ਪਈਆਂ ਸਨ

# ਜਲੰਧਰ ਦੇ ਲੋਕ ਇਤਿਹਾਸ ਦੀ ਨਵੀਂ ਇਬਾਰਤ ਲਿਖਣਗੇ: ਚੰਨੀ

**ਜਲੰਧਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਮਜ਼ਦੂਰ ਦਿਵਸ ਦੀਆਂ ਵਧਾਈਆਂ ਦਿੰਦਿਆਂ ਪਹਿਲੀ ਜੂਨ ਨੂੰ ਨਵਾਂ ਇਤਿਹਾਸ ਸਿਰਜਦਿਆਂ ਸੰਵਿਧਾਨ ਬਦਲਣ ਵਾਲਿਆਂ ਨੂੰ ਕਰਾਰਾ ਜਵਾਬ ਦੇਣ ਦਾ ਸੱਦਾ ਦਿੱਤਾ ਹੈ। ਲੋਕ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ 20 ਤੋਂ ਵੱਧ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਕਿਹਾ ਕਿ ਜਲੰਧਰ ਕਾਂਗਰਸ ਦਾ ਸਭ ਤੋਂ ਮਜ਼ਬੂਤ ਕਿਲ੍ਹਾ ਰਿਹਾ ਹੈ।

ਇੱਥੋਂ ਦੇ ਲੋਕ ਇਤਿਹਾਸ ਬਣਾਉਣਾ ਵੀ ਜਾਣਦੇ ਹਨ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਆਪਣੇ ਖਾਤੇ ਵਿੱਚ ਆਜ਼ਾਦੀ ਦੀ ਲੜਾਈ ਪਾਉਣ ਵਾਲਿਆਂ ਨੂੰ ਸਬਕ ਸਿਖਾਉਣਾ ਵੀ ਜਾਣਦੇ ਹਨ। ਪਹਿਲੀ ਜੂਨ ਨੂੰ ਜਲੰਧਰ ਦੇ ਲੋਕ ਇਤਿਹਾਸ ਦੀ ਨਵੀਂ ਇਬਾਰਤ ਲਿਖਣਗੇ। ਉਹ ਕੌਮਾਂਤਰੀ ਪੱਧਰ ਦੇ ਆਗੂ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਬਚਾਉਣ ਲਈ ਹਰ ਕੀਮਤ ਤਾਰਨ ਲਈ ਤਿਆਰ ਹਨ। ਚੰਨੀ ਨੇ ਕਿਹਾ ਕਿ 400 ਪਾਰ ਦਾ ਨਾਅਰਾ ਨਾਗਪੁਰ ਤੋਂ ਆਇਆ ਹੈ ਜਿਹੜੇ ਸੰਵਿਧਾਨ ਦੀ ਥਾਂ ਮਨੂੰ ਸਮ੍ਰਿਤੀ ਨੂੰ ਲਾਗੂ ਕਰਨਾ ਚਾਹੁੰਦੇ ਹਨ।

# ਹਰਿਆਣਾ ਰੋਡਵੇਜ਼ ਯੂਨੀਅਨ ਨੇ ਮਜ਼ਦੂਰ ਦਿਵਸ ਮਨਾਇਆ

**ਯਮੁਨਾਨਗਰ, 5 ਮਈ**
**-ਪ੍ਰੈਸ ਕੀ ਤਾਕਤ ਬਿਊਰੋ**

ਆਲ ਹਰਿਆਣਾ ਰੋਡਵੇਜ਼ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜਿੰਦਰ ਕੰਬੋਜ ਦੀ ਅਗਵਾਈ ਹੇਠ ਰੋਡਵੇਜ਼ ਯੂਨੀਅਨ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰਾਜਿੰਦਰ ਕੰਬੋਜ ਨੇ ਸ਼ਹੀਦ ਮਜ਼ਦੂਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੱਸਿਆ ਕਿ ਮਜ਼ਦੂਰਾਂ ਨੇ ਆਪਣੇ ਮਜ਼ਬੂਤ ?ਹੱਥਾਂ ਨਾਲ ਅਮਰੀਕਾ ਦੇ ਵੱਡੇ-ਵੱਡੇ ਸ਼ਹਿਰ ਉਸਾਰੇ, ਸੜਕਾਂ ਅਤੇ ਰੇਲਵੇ ਪਟੜੀਆਂ ਦਾ ਜਾਲ ਵਿਛਾਇਆ, ਦਰਿਆਵਾਂ ਨੂੰ ਬੰਨ੍ਹ ਦਿੱਤਾ, ਗਗਨਚੁੰਬੀ ਇਮਾਰਤਾਂ ਬਣਾਈਆਂ ਅਤੇ ਦੁਨੀਆ ਭਰ ਦੇ ਸਰਮਾਏਦਾਰਾਂ ਨੂੰ ਐਸ਼ੋ-ਆਰਾਮ ਮੁਹੱਈਆ ਕਰਵਾਇਆ। ਉਸ ਸਮੇਂ ਅਮਰੀਕਾ ਵਿੱਚ ਕਾਮਿਆਂ ਨੂੰ 12 ਤੋਂ 18 ਘੰਟੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ, ਜਿਸ ਕਰਕੇ ਬਹੁਤੇ ਮਜ਼ਦੂਰ ਆਪਣੀ ਜ਼ਿੰਦਗੀ ਦੇ 40 ਸਾਲ ਵੀ ਪੂਰੇ ਨਹੀਂ ਕਰ ਸਕੇ। ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਮਜ਼ਦੂਰਾਂ ਨੇ 1877 ਤੋਂ 1886 ਤੱਕ ਕਾਮਿਆਂ ਦੇ ਅੱਠ ਘੰਟੇ ਪ੍ਰਤੀ



ਦਿਨ ਦੇ ਕੰਮ ਦੀ ਮੰਗ ਨੂੰ ਲੈ ਕੇ ਪੂਰੇ ਅਮਰੀਕਾ ਵਿੱਚ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ ਤੇ 1 ਮਈ 1886 ਨੂੰ ਅਮਰੀਕਾ ਭਰ ਦੇ ਲੱਖਾਂ ਮਜ਼ਦੂਰਾਂ ਨੇ ਇੱਕੋ ਸਮੇਂ ਹੜਤਾਲ ਸ਼ੁਰੂ ਕਰ ਦਿੱਤੀ। 11,000 ਫੈਕਟਰੀਆਂ ਦੇ ਘੱਟੋ-ਘੱਟ ਤਿੰਨ ਲੱਖ ਅੱਸੀ ਹਜ਼ਾਰ ਮਜ਼ਦੂਰ ਇਸ ਵਿੱਚ ਸ਼ਾਮਲ ਸਨ। ਇਸ ਦੌਰਾਨ ਸ਼ਿਕਾਗੋ ਮੈਟਰੋਪੋਲੀਟਨ ਖੇਤਰ ਦੇ ਆਲੇ ਦੁਆਲੇ ਦੀ ਸਾਰੀ ਰੇਲ ਆਵਾਜਾਈ ਠੱਪ ਹੋ ਗਈ ਅਤੇ ਸ਼ਿਕਾਗੋ ਦੀਆਂ ਜ਼ਿਆਦਾਤਰ ਫੈਕਟਰੀਆਂ ਅਤੇ ਵਰਕਸ਼ਾਪਾਂ ਬੰਦ ਹੋ ਗਈਆਂ। ਇਸ ਮੌਕੇ ਸੂਬਾ ਉਪ-ਪ੍ਰਧਾਨ ਧਰਮਿੰਦਰ ਕਾਦੀਆਂ, ਸੂਬਾ ਖਜ਼ਾਨਚੀ ਰਘੁਵੀਰ ਪੰਜਾਬੀ, ਡਿੱਪੂ ਸਕੱਤਰ ਪ੍ਰਦੀਪ ਸ਼ਰਮਾ, ਡਿੱਪੂ ਖਜ਼ਾਨਚੀ ਕਮਲ ਜੋਗੀ, ਦੇਵੇਂਦਰ ਮਹਿਤਾ, ਧਰਮਵੀਰ, ਕੁਲਦੀਪ, ਸੁਨੀਲ, ਮੇਹਰ ਸਿੰਘ, ਸੋਹਨ ਲਾਲ, ਰਾਮ ਲਾਲ, ਅੰਮ੍ਰਿਤ, ਸੁਸ਼ੀਲ, ਪਵਨ ਕੁਮਾਰ, ਮਨੀਸ਼ ਕੁਮਾਰ ਆਦਿ ਕਰਮਚਾਰੀ ਹਾਜ਼ਰ ਸਨ।

ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ ਦੀ ਅਸੈਂਬਲੀ ਵਿਚ 'ਕੌਮਾਂਤਰੀ ਮਜ਼ਦੂਰ ਦਿਵਸ' ਮਨਾਇਆ ਗਿਆ। ਇਸ ਮੌਕੇ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਮੰਨਤ ਕੌਰ ਅਤੇ ਹਰਸਿਮਰਨ ਕੌਰ ਨੇ ਸਟੇਜ ਦਾ ਸੰਚਾਲਨ ਕੀਤਾ।

ਇਨ੍ਹਾਂ ਵਿਦਿਆਰਥਣਾਂ ਨੇ ਦੱਸਿਆ ਕਿ ਭਾਰਤ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲਗਭਗ 80 ਦੇਸ਼ਾਂ ਦੇ ਵਿੱਚ ਇਹ ਦਿਨ ਮਜ਼ਦੂਰਾਂ ਦੀ ਮਿਹਨਤ ਦੇ ਸਨਮਾਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਦਸਵੀਂ ਦੇ ਵਿਦਿਆਰਥੀ ਯੁਵਰਾਜ ਸਿੰਘ ਨੇ ਜਿੱਥੇ ਆਪਣੀ ਕਵਿਤਾ ਰਾਹੀਂ ਮਜ਼ਦੂਰ ਦਿਵਸ ਤੇ ਸਕੂਲ ਕਰਮਚਾਰੀਆਂ ਨੂੰ ਜੀ ਆਇਆ ਆਖਿਆ, ਉੱਥੇ ਦਸਵੀਂ ਦੀ ਹਰਸਿਫ਼ਤ ਕੌਰ ਨੇ ਵੀ ਆਪਣੀ ਕਵਿਤਾ ਰਾਹੀਂ ਮਜ਼ਦੂਰ ਦੇ ਦਰਦ ਨੂੰ ਬਿਆਨ ਕੀਤਾ। ਉਪਰੰਤ ਸਕੂਲ ਵਿਚ ਕੰਮ ਕਰਨ ਵਾਲੇ ਦਰਜਾ ਚਾਰ ਦੇ ਕਰਮਚਾਰੀਆਂ ਨੂੰ ਸਕੂਲ ਪ੍ਰਿੰਸੀਪਲ ਮਨਪ੍ਰੀਤ ਕੌਰ, ਸੀਨੀਅਰ ਅਧਿਆਪਕਾਂ ਰਮਿੰਦਰ ਕੌਰ, ਕੁਲਬੀਰ ਕੌਰ ਅਤੇ ਕੰਚਨ ਦੁਆਰਾ ਸਨਮਾਨਿਤ ਕੀਤਾ ਗਿਆ।

# ਅਕਾਲੀ ਦਲ ਨੂੰ ਹਲਕਾ ਇੰਚਾਰਜ ਲੱਭਣਾ ਚੁਣੌਤੀ ਬਣਿਆ

**ਜਲੰਧਰ, 5 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੂੰ ਜਲੰਧਰ ਲੋਕ ਸਭਾ ਹਲਕੇ ਲਈ ਕਾਂਗਰਸ ਤੋਂ ਉਮੀਦਵਾਰ ਲੈਣ ਲਈ ਮਜਬੂਰ ਹੋਣਾ ਪਿਆ ਸੀ ਹੁਣ ਆਦਮਪੁਰ ਵਾਸਤੇ ਹਲਕਾ ਇੰਚਾਰਜ ਲੱਭਣ ਦੇ ਲਾਲੇ ਪੈ ਗਏ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਇੰਚਾਰਜ ਲੱਭਣ ਲਈ ਦੋ ਵੱਡੇ ਆਗੂਆਂ ਦੀ ਡਿਊਟੀ ਵੀ ਲਾਈ ਹੋਈ ਹੈ ਪਰ ਅਜੇ ਤੱਕ ਕੋਈ ਅਜਿਹਾ ਆਗੂ ਨਹੀਂ ਲੱਭਾ ਜਿਸ ਨੂੰ ਹਲਕਾ ਆਦਮਪੁਰ ਦੀ ਵਾਂਗਡੋਰ ਸੰਭਾਲੀ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਦਾ ਹਾਲ ਇਹ ਹੋ ਗਿਆ ਹੈ ਕਿ ਸਦੀ ਤੋਂ ਵੀ ਵੱਧ ਸਮਾਂ ਪੁਰਾਣੀ ਪਾਰਟੀ ਨੂੰ ਨਾ ਤਾਂ ਜਲੰਧਰ ਵਰਗੇ ਲੋਕ ਸਭਾ ਹਲਕੇ ਲਈ ਆਪਣਾ ਉਮੀਦਵਾਰ ਲੱਭਾ ਤੇ ਨਾ ਹੀ ਹੁਣ ਆਦਮਪੁਰ ਲਈ ਹਲਕਾ ਇੰਚਾਰਜ ਲੱਭ ਰਿਹਾ ਹੈ।

ਇਸ ਹਲਕੇ ਤੋਂ ਦੋ ਵਾਰ ਵਿਧਾਇਕ ਬਣੇ ਪਵਨ ਕੁਮਾਰ ਟੀਨੂੰ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਚੋਣਾਂ ਸਿਰ 'ਤੇ ਹੋਣ ਕਾਰਨ ਪਾਰਟੀ ਵਿੱਚੋਂ ਵੱਡੇ ਆਗੂ ਦਾ ਜਾਣਾ ਅਕਾਲੀ ਦਲ ਲਈ ਮੁਸੀਬਤ ਬਣ ਗਿਆ ਹੈ।ਹੁਣ ਆਦਮਪੁਰ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਨੂੰ ਹਲਕਾ ਇੰਚਾਰਜ ਲੱਭਣਾ ਚੁਣੌਤੀ ਬਣ ਗਿਆ ਹੈ।

# ਕਾਂਗਰਸ ਨੂੰ ਵੱਡਾ ਝਟਕਾ, ਭਾਜਪਾ 'ਚ ਸ਼ਾਮਲ ਹੋਏ ਅਰਵਿੰਦਰ ਸਿੰਘ ਲਵਲੀ



ਨਵੀਂ ਦਿੱਲੀ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਕਾਂਗਰਸ ਦੇ ਸਾਬਕਾ ਪ੍ਰਧਾਨ ਅਰਵਿੰਦਰ ਸਿੰਘ ਲਵਲੀ 'ਚ ਅੱਜ ਯਾਨੀ ਸ਼ਨੀਵਾਰ ਨੂੰ ਭਾਜਪਾ 'ਚ ਸ਼ਾਮਲ ਹੋ ਗਏ। ਕੁਝ ਦਿਨ ਪਹਿਲਾਂ ਹੀ ਅਰਵਿੰਦਰ ਲਵਲੀ ਨੇ ਕਾਂਗਰਸ ਦੇ ਪ੍ਰਧਾਨ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਅਰਵਿੰਦਰ ਲਵਲੀ ਦੇ ਨਾਲ ਹੀ ਕਾਂਗਰਸ ਨੇਤਾ ਰਾਜ ਕੁਮਾਰ ਚੌਹਾਨ, ਅਮਿਤ ਮਲਿਕ, ਤਿੰਨ ਵਾਰ ਦੇ ਵਿਧਾਇਕ ਰਹੇ ਨਸੀਬ ਸਿੰਘ ਅਤੇ ਨੀਰਜ ਬੈਸੋਯਾ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ ਹੈ। ਅਰਵਿੰਦਰ ਲਵਲੀ ਸ਼ੀਲਾ ਦੀਕਸ਼ਤ ਦੀ ਸਰਕਾਰ 'ਚ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਨੂੰ ਪਿਛਲੇ ਸਾਲ ਅਗਸਤ 'ਚ ਦਿੱਲੀ ਕਾਂਗਰਸ ਦੇ ਮੁਖੀ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ।

ਹਾਲ ਹੀ 'ਚ ਲਵਲੀ ਨੇ ਦਿੱਲੀ ਇਕਾਈ ਦੇ ਪ੍ਰਧਾਨ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਦਾ ਕਾਰਨ ਆਮ ਆਦਮੀ ਪਾਰਟੀ (ਆਪ) ਨਾਲ ਗਠਜੋੜ ਦਾ ਹੋਣਾ ਵੀ ਹੈ। ਅਰਵਿੰਦਰ ਸਿੰਘ ਲਵਲੀ ਨੇ ਅਹੁਦਾ ਛੱਡਣ ਤੋਂ ਬਾਅਦ ਆਪਣੇ ਬਿਆਨ 'ਚ ਕਿਹਾ ਸੀ ਕਿ ਕਾਂਗਰਸ ਦੀ ਦਿੱਲੀ ਇਕਾਈ ਗਠਜੋੜ ਦੇ ਖ਼ਿਲਾਫ਼ ਸੀ ਅਤੇ ਪਾਰਟੀ ਹਾਈ ਕਮਾਨ ਨੇ ਰਾਸ਼ਟਰੀ ਰਾਜਧਾਨੀ ਦੇ ਨੇਤਾਵਾਂ ਦੀ ਗੱਲ ਨਹੀਂ ਸੁਣੀ ਅਤੇ 'ਆਪ' ਨਾਲ ਗਠਜੋੜ ਨੂੰ ਮਨਜ਼ੂਰੀ ਪ੍ਰਦਾਨ ਕਰ ਦਿੱਤੀ। ਉਨ੍ਹਾਂ ਨੇ ਕਾਂਗਰਸ ਦੀ ਦਿੱਲੀ ਯੂਨਿਟ 'ਚ ਚੱਲ ਰਹੀ ਖਿੱਚੋਤਾਨ ਲਈ ਦਿੱਲੀ ਇੰਚਾਰਜ ਦੀਪਕ ਬਾਬਰੀਆ ਦਾ ਵੀ ਨਾਂ ਲਿਆ ਸੀ।

# ਕੈਨੇਡਾ 'ਚ ਨਿੱਝਰ ਕਤਲ ਸਬੰਧੀ 3 ਭਾਰਤੀ ਨਾਗਰਿਕ ਗ੍ਰਿਫ਼ਤਾਰ, 'ਕਈ ਹੋਰਾਂ' ਦੀ ਨੱਪੀ ਜਾ ਰਹੀ ਪੈੜ

ਓਟਾਵਾ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਕੈਨੇਡਾ ਵਿੱਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਵਾਲੇ ਕੈਨੇਡੀਅਨ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੀ ਜਾਂਚ ਹਾਲੇ ਖਤਮ ਨਹੀਂ ਹੋਈ ਅਤੇ ਇਸ ਕਤਲ ਵਿੱਚ 'ਹੋਰਾਂ ' ਨੇ ਭੂਮਿਕਾ ਨਿਭਾਈ ਹੈ। ਐਡਮਿੰਟਨ ਦੇ ਰਹਿਣ ਵਾਲੇ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) 'ਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀ ਇਕ ਕਥਿਤ ਸਮੂਹ ਦੇ ਮੈਂਬਰ ਹਨ, ਜਿਸ ਨੂੰ ਭਾਰਤ ਸਰਕਾਰ ਨੇ ਪਿਛਲੇ ਸਾਲ ਨਿੱਝਰ ਦੀ ਹੱਤਿਆ ਦਾ ਕੰਮ ਸੌਂਪਿਆ ਸੀ। ਨਿੱਝਰ (45) ਦੀ 18 ਜੂਨ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗੁਰਦੁਆਰੇ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਨਿੱਝਰ ਕੈਨੇਡਾ ਦਾ ਨਾਗਰਿਕ ਸੀ। 'ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ' (ਆਈਐੱਚਆਈਟੀ) ਦੇ ਇੰਚਾਰਜ ਸੁਪਰਡੈਂਟ ਮਨਦੀਪ ਮੂਕਰ ਨੇ ਕਿਹਾ, 'ਜਾਂਚ ਇੱਥੇ ਖਤਮ ਨਹੀਂ ਹੁੰਦੀ। ਸਾਨੂੰ ਪਤਾ ਹੈ ਕਿ ਇਸ ਕਤਲ ਵਿੱਚ ਕੁਝ ਹੋਰ ਲੋਕਾਂ ਦੀ ਵੀ ਅਹਿਮ ਭੂਮਿਕਾ ਹੈ ਅਤੇ ਅਸੀਂ ਹਰ ਇੱਕ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਂਗੇ।'

# ਪਾਕਿ ਨੇਤਾ ਕਰ ਰਹੇ ਕਾਂਗਰਸ ਦੇ 'ਸ਼ਹਿਜਾਦੇ' ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਦੁਆ : ਮੋਦੀ

ਪਲਾਮੂ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਸਰਜੀਕਲ ਅਤੇ ਹਵਾਈ ਹਮਲਿਆਂ ਨੇ ਪਾਕਿਸਤਾਨ ਨੂੰ ਇੰਨਾ ਹਿਲਾ ਦਿੱਤਾ ਹੈ ਕਿ ਗੁਆਂਢੀ ਦੇਸ਼ ਦੇ ਨੇਤਾ ਉਦੋਂ ਦੁਆ ਕਰ ਰਹੇ ਹਨ ਕਿ ਕਾਂਗਰਸ ਦਾ 'ਸ਼ਹਿਜਾਦਾ' ਭਾਰਤ ਦਾ ਪ੍ਰਧਾਨ ਮੰਤਰੀ ਬਣੇ। ਮੋਦੀ ਨੇ ਪਲਾਮੂ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਦਾ ਨਾਂ ਲਏ ਬਿਨਾਂ ਉਨ੍ਹਾਂ ਤੇ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਗੁਆਂਢੀ ਦੇਸ਼ ਭਾਵੇਂ ਹੀ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦਾ ਹੋਵੇ ਪਰ ਭਾਰਤ ਮਜ਼ਬੂਤ ਪ੍ਰਧਾਨ ਮੰਤਰੀ ਵਾਲਾ ਮਜ਼ਬੂਤ ਦੇਸ਼ ਚਾਹੁੰਦਾ ਹੈ। ਉਨ੍ਹਾਂ ਕਿਹਾ,"ਮਾਂ ਭਾਰਤੀ ਦਾ ਅਪਮਾਨ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਵੇਂ ਭਾਰਤ ਦੇ 'ਸਰਜੀਕਲ ਅਤੇ ਏਅਰ ਸਟ੍ਰਾਈਕ' ਨੇ ਉਸ ਪਾਕਿਸਤਾਨ ਨੂੰ ਹਿਲਾ ਕੇ ਰੱਖ ਦਿੱਤਾ ਸੀ, ਜਿਸ ਨੂੰ ਕਾਂਗਰਸ ਸ਼ਾਸਨ ਦੌਰਾਨ ਭਾਰਤ 'ਤੇ ਅੱਤਵਾਦੀ ਹਮਲਿਆਂ ਦਾ ਸਮਰਥਨ ਕਰਨ ਲਈ ਜਾਣਿਆ ਜਾਂਦਾ ਸੀ।"

ਪੀ.ਐੱਮ. ਮੋਦੀ ਨੇ ਕਿਹਾ,"ਨਵਾਂ ਭਾਰਤ ਜਾਣਦਾ ਹੈ ਕਿ ਦੁਸ਼ਮਣ ਦੇ ਇਲਾਕੇ 'ਚ ਕਿਵੇਂ ਦਾਖ਼ਲ ਹੋਣਾ ਹੈ ਅਤੇ ਹਮਲਾ ਕਰਨਾ ਹੈ... ਸਰਜੀਕਲ ਸਟ੍ਰਾਈਕ ਅਤੇ ਏਅਰ ਸਟ੍ਰਾਈਕ ਨਾਲ ਹਿਲ ਚੁੱਕੇ ਪਾਕਿਸਤਾਨ ਦੇ ਨੇਤਾ ਦੁਆ ਕਰ ਰਹੇ ਹਨ ਕਿ ਕਾਂਗਰਸ ਦਾ ਸ਼ਹਿਜਾਦਾ ਦੇਸ਼ ਦਾ ਪ੍ਰਧਾਨ ਮੰਤਰੀ ਬਣੇ।" ਉਨ੍ਹਾਂ ਨੇ ਵੋਟਰਾਂ ਨੂੰ ਇਕ ਵੋਟ ਦੇ ਮਹੱਤਵ ਨੂੰ ਪਛਾਣਨ ਦੀ ਅਪੀਲ ਕੀਤੀ,"ਜਿਸ ਨੇ 500 ਸਾਲਾਂ ਤੱਕ ਪੀੜ੍ਹੀਆਂ ਦੇ ਸੰਘਰਸ਼ ਤੋਂ ਬਾਅਦ ਰਾਮ ਮੰਦਰ ਦੇ ਨਿਰਮਾਣ 'ਚ ਯੋਗਦਾਨ ਦਿੱਤਾ, ਨਾਲ ਹੀ ਜੰਮੂ ਕਸ਼ਮੀਰ ਤੋਂ ਧਾਰਾ 370 ਨੂੰ ਰੱਦ ਕੀਤਾ।" ਪੀ.ਐੱਮ. ਮੋਦੀ ਨੇ ਇਹ ਵੀ ਕਿਹਾ ਕਿ ਉਹ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਲਈ ਸੰਵਿਧਾਨ ਬਦਲਣ ਦੇ ਕਾਂਗਰਸ ਦੇ ਕਿਸੇ ਵੀ ਮੰਸੂਬੇ ਨੂੰ ਸਫਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ,"ਪਿਛਲੇ 25 ਸਾਲਾਂ 'ਚ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਮੇਰੇ ਉੱਪਰ ਭ੍ਰਿਸ਼ਟਾਚਾਰ ਦਾ ਕੋਈ ਦਾਗ਼ ਨਹੀਂ ਲੱਗਾ ਹੈ। ਮੇਰੇ ਕੋਲ ਨਾ ਤਾਂ ਘਰ ਹੈ ਅਤੇ ਨਾ ਹੀ ਸਾਈਕਲ... ਪਰ ਭ੍ਰਿਸ਼ਟ ਝਾਮੁਮੋ ਅਤੇ ਕਾਂਗਰਸ ਨੇਤਾਵਾਂ ਨੇ ਆਪਣੇ ਬੱਚਿਆਂ ਲਈ ਜ਼ਿਆਦਾ ਜਾਇਦਾਦ ਬਣਾ ਲਈ ਹੈ।"

# ਲੋਕ ਸਭਾ ਚੋਣਾਂ ਦੌਰਾਨ ਜ਼ਬਤੀ ਦੇ ਮਾਮਲਿਆਂ 'ਚ ਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਚੌਥਾ ਸਥਾਨ : ਸਿਬਿਨ ਸੀ

ਚੰਡੀਗੜ੍ਹ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ 'ਚ ਆਦਰਸ਼ ਚੋਣ ਜ਼ਾਬਤੇ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਇਨਫੋਰਸਮੈਂਟ ਏਜੰਸੀਆਂ ਵੱਲੋਂ ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਨਤੀਜੇ ਵਜੋਂ 1 ਮਾਰਚ ਤੋਂ 5 ਮਈ ਤੱਕ 609.38 ਕਰੋੜ ਰੁਪਏ ਦੀ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਵਸਤਾਂ, ਅਤੇ ਹੋਰ ਵਸਤੂਆਂ ਨੂੰ ਜ਼ਬਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 1 ਮਾਰਚ ਤੋਂ 5 ਮਈ ਤੱਕ ਜ਼ਬਤੀ ਵਿੱਚ 11.2 ਕਰੋੜ ਰੁਪਏ ਦੀ ਨਕਦੀ, 18 ਕਰੋੜ ਰੁਪਏ ਦੀ ਕੀਮਤ ਵਾਲੀ 27.95 ਲੱਖ ਲੀਟਰ ਸ਼ਰਾਬ, 563.53 ਕਰੋੜ ਦੀ ਕੀਮਤ ਵਾਲੇ ਨਸ਼ੀਲੇ ਪਦਾਰਥ, 14.94 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 1.69 ਕਰੋੜ ਰੁਪਏ ਦੀ ਕੀਮਤ ਵਾਲਾ ਹੋਰ ਸਮਾਨ ਬਰਾਮਦ ਕੀਤਾ ਗਿਆ ਹੈ।

ਇਸ ਦੀ ਕੁੱਲ ਕੀਮਤ 609.38 ਕਰੋੜ ਰੁਪਏ ਬਣਦੀ ਹੈ। ਜ਼ਬਤੀ ਦੇ ਮਾਮਲੇ ਵਿੱਚ ਪੰਜਾਬ ਰਾਸ਼ਟਰੀ ਪੱਧਰ 'ਤੇ ਚੌਥੇ ਸਥਾਨ 'ਤੇ ਹੈ, ਜਦੋਂ ਕਿ ਤਾਮਿਲਨਾਡੂ, ਗੁਜਰਾਤ ਅਤੇ ਰਾਜਸਥਾਨ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿੱਚ 24 ਇਨਫੋਰਸਮੈਂਟ ਏਜੰਸੀਆਂ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ ਅਤੇ 16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ 5 ਮਈ ਤੱਕ ਸਾਰੀਆਂ ਏਜੰਸੀਆਂ ਵੱਲੋਂ ਕੁੱਲ 514.81 ਕਰੋੜ ਰੁਪਏ ਦੀ ਜ਼ਬਤੀ ਕੀਤੀ ਗਈ ਹੈ। ਪੰਜਾਬ ਪੁਲਸ ਨੇ ਸੂਬੇ ਵਿੱਚ ਸਭ ਤੋਂ ਵੱਧ 404.2 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ। ਇਸੇ ਤਰ੍ਹਾਂ ਬੀ. ਐੱਸ. ਐੱਫ. ਨੇ 23 ਕਰੋੜ ਰੁਪਏ, ਆਮਦਨ ਕਰ ਵਿਭਾਗ ਨੇ 9.28 ਕਰੋੜ ਰੁਪਏ, ਸੂਬੇ ਦੇ ਆਬਕਾਰੀ ਵਿਭਾਗ ਨੇ 8.29 ਕਰੋੜ ਰੁਪਏ, ਸੂਬੇ ਦੇ ਵਸਤੂ ਅਤੇ ਸੇਵਾਵਾਂ ਕਰ ਵਿਭਾਗ ਨੇ 5 ਕਰੋੜ ਰੁਪਏ, ਕਸਟਮ ਵਿਭਾਗ ਨੇ 4.37 ਕਰੋੜ ਰੁਪਏ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਨੇ 2.54 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ।

ਜ਼ਬਤੀ ਦੇ ਮਾਮਲਿਆਂ ਵਿੱਚ ਜ਼ਿਲ੍ਹਿਆਂ 'ਚੋਂ ਜਲੰਧਰ 141.25 ਕਰੋੜ ਰੁਪਏ ਦੀ ਕੁੱਲ ਜ਼ਬਤੀ ਨਾਲ ਸੂਚੀ ਵਿੱਚ ਸਭ ਤੋਂ ਉੱਪਰ ਹੈ। ਇਸੇ ਤਰ੍ਹਾਂ 93.96 ਕਰੋੜ ਰੁਪਏ ਦੀ ਜ਼ਬਤੀ ਨਾਲ ਅੰਮ੍ਰਿਤਸਰ ਦੂਜੇ ਨੰਬਰ 'ਤੇ ਹੈ, ਜਦੋਂ ਕਿ ਤਰਨਤਾਰਨ ਵਿੱਚੋਂ 59.55 ਕਰੋੜ ਰੁਪਏ, ਫ਼ਿਰੋਜ਼ਪੁਰ ਵਿੱਚੋਂ 54.58 ਕਰੋੜ ਰੁਪਏ ਅਤੇ



ਫਾਜ਼ਿਲਕਾ ਵਿੱਚੋਂ 42.1 ਕਰੋੜ ਰੁਪਏ ਦੀਆਂ ਬਰਾਮਦਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਲੁਧਿਆਣਾ 'ਚ 27.86 ਕਰੋੜ ਰੁਪਏ, ਪਠਾਨਕੋਟ 'ਚ 21.4 ਕਰੋੜ ਰੁਪਏ, ਸੰਗਰੂਰ 'ਚ 11.7 ਕਰੋੜ ਰੁਪਏ, ਗੁਰਦਾਸਪੁਰ 'ਚ 10.75 ਕਰੋੜ ਰੁਪਏ, ਪਟਿਆਲਾ 'ਚ 7.29 ਕਰੋੜ ਰੁਪਏ, ਬਰਨਾਲਾ 'ਚ 7.2 ਕਰੋੜ ਰੁਪਏ ਅਤੇ ਮੋਗਾ 'ਚ 6.73 ਕਰੋੜ ਰੁਪਏ ਦੀਆਂ ਜ਼ਬਤੀਆਂ ਕੀਤੀਆਂ ਗਈਆਂ ਹਨ।

ਇਸੇ ਤਰ੍ਹਾਂ ਕਪੂਰਥਲਾ ਵਿੱਚ 6.41 ਕਰੋੜ ਰੁਪਏ, ਹੁਸ਼ਿਆਰਪੁਰ ਵਿੱਚ 5.01 ਕਰੋੜ ਰੁਪਏ, ਬਠਿੰਡਾ ਵਿੱਚ 4.31 ਕਰੋੜ ਰੁਪਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 4.63 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ ਵਿੱਚ 1.75 ਕਰੋੜ ਰੁਪਏ, ਰੂਪਨਗਰ ਵਿੱਚ 1.7 ਕਰੋੜ ਰੁਪਏ, ਮਾਨਸਾ ਵਿੱਚ 1.5 ਕਰੋੜ ਰੁਪਏ, ਸ਼ਹੀਦ ਭਗਤ ਸਿੰਘ ਨਗਰ ਵਿੱਚ 1.15 ਕਰੋੜ ਰੁਪਏ, ਮਲੇਰਕੋਟਲਾ ਵਿੱਚ 2.07 ਕਰੋੜ ਰੁਪਏ, ਫਰੀਦਕੋਟ ਵਿੱਚ 1.29 ਕਰੋੜ ਰੁਪਏ ਅਤੇ ਫਤਿਹਗੜ੍ਹ ਸਾਹਿਬ 64.2 ਲੱਖ ਰੁਪਏ ਦੀਆਂ ਜ਼ਬਤੀਆਂ ਕੀਤੀਆਂ ਗਈਆਂ ਹਨ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਅਮਲਾ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਉਨ੍ਹਾਂ ਨੇ ਚੋਣ ਪ੍ਰਕਿਰਿਆ ਦੌਰਾਨ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਰਹੀਆਂ ਏਜੰਸੀਆਂ ਦੀ ਸ਼ਲਾਘਾ ਕੀਤੀ ਅਤੇ ਲੋਕਤੰਤਰੀ ਸਿਧਾਂਤਾਂ ਤੇ ਵੋਟਰਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਹਰ ਸੰਭਵ ਕਦਮ ਚੁੱਕਣ ਦੀ ਵਚਨਬੱਧਤਾ ਨੂੰ ਦੁਹਰਾਇਆ।

# ਸਿੱਧੂ ਮੂਸੇਵਾਲਾ ਮਾਮਲੇ 'ਚ ਭਗਵੰਤ ਮਾਨ ਨੂੰ ਨਾਮਜ਼ਦ ਕੀਤਾ ਜਾਵੇ: ਚੰਨੀ

ਜਲੰਧਰ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਸਿੱਧੂ ਮੂਸੇਵਾਲਾ ਦੇ ਕਤਲ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਵਿੱਚ ਪੰਜਾਬ ਦੇ ਐਡਵੋਕੇਟ ਅਟਾਰਨੀ ਜਨਰਲ ਨੇ ਸਾਫ਼ ਕਰ ਦਿੱਤਾ ਕਿ ਮੂਸੇਵਾਲਾ ਦਾ ਕਤਲ ਸੁਰੱਖਿਆ ਵਾਪਸ ਲੈਣ ਕਾਰਨ ਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸੁਰੱਖਿਆ ਪ੍ਰਬੰਧਾਂ ਬਾਰੇ ਸੂਚਨਾ ਲੀਕ ਕਰਨ ਵਾਲਿਆਂ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਜਾਵੇ। ਸ੍ਰੀ ਚੰਨੀ ਨੇ ਕਿਹਾ ਕਿ ਐੱਸਆਈਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ, ਉਨ੍ਹਾਂ ਦੇ ਸਾਥੀਆਂ ਅਤੇ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਵਾਲੇ ਗੈਂਗਸਟਰਾਂ ਦੀ ਕਥਿਤ ਮਿਲੀ ਭੁਗਤ ਦੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਕ੍ਰਾਂਤੀਕਾਰੀ ਸੋਚ ਰੱਖਣ ਵਾਲੇ ਪੰਜਾਬ ਦੇ ਹੀਰੇ ਦੀ ਮੌਤ ਦਾ ਇਨਸਾਫ਼ ਮਿਲ ਸਕੇ ਤੇ ਸਿੱਧੂ ਦੇ ਵਿਲਕਦੇ ਮਾਪਿਆਂ ਨੂੰ ਰਾਹਤ ਮਿਲ ਸਕੇ।

# ਕੌਮੀ ਪਾਰਟੀਆਂ ਕਿਸਾਨਾਂ 'ਤੇ ਕਹਿਰ ਢਾਹ ਕੇ ਪੰਜਾਬ ਨੂੰ ਫਿਰ ਤੋਂ ਅੱਗ ਦੀ ਭੱਠੀ 'ਚ ਝੋਕਣਾ ਚਾਹੁੰਦੀਆਂ ਨੇ: ਐਨ ਕੇ ਸ਼ਰਮਾ

## ਪ੍ਰਨੀਤ ਕੌਰ ਦੇ ਪ੍ਰੋਗਰਾਮ ਵਿਚ ਕਿਸਾਨ ਦੀ ਮੌਤ ਨੂੰ ਦੱਸਿਆ ਬੇਹੱਦ ਦੁਖਦਾਈ

ਪਟਿਆਲਾ, 5 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਕੌਮੀ ਪਾਰਟੀਆਂ ਪੰਜਾਬ ਨੂੰ ਫਿਰ ਤੋਂ ਅੱਗ ਦੀ ਭੱਠੀ ਵਿਚ ਝੋਕਣਾ ਚਾਹੁੰਦੀਆਂ ਹਨ ਤੇ ਦੇਸ਼ ਦੇ ਅੰਨਦਾਤੇ 'ਤੇ ਕਹਿਰ ਢਾਹੁਣ ਲੱਗੀਆਂ ਹੋਈਆਂ ਹਨ। ਐਨ ਕੇ ਸ਼ਰਮਾ ਨੇ ਮ੍ਰਿਤਕ ਕਿਸਾਨ ਸੁਰਿੰਦਰ ਸਿੰਘ ਆਕੜੀ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਦੁੱਖ ਦੀ ਘੜੀ ਵਿੱਚ ਉਨਾਂ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਉਨਾਂ ਦੇ ਨਾਲ ਖੜਾ ਹੈ।

ਪਟਿਆਲਾ ਹਲਕੇ ਵਿਚ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਪ੍ਰੋਗਰਾਮ ਵਿਚ ਧੱਕਾ ਮੁੱਕੀ ਕਾਰਣ ਕਿਸਾਨ ਦੀ ਹੋਈ ਮੌਤ ਨੂੰ ਬੇਹੱਦ ਦੁਖਦਾਈ ਕਰਾਰ ਦਿੰਦਿਆਂ ਇਥੇ ਜਾਰੀ ਕੀਤੇ ਬਿਆਨ ਵਿਚ ਐਨ ਕੇ ਸ਼ਰਮਾ ਨੇ ਕਿਹਾ ਕਿ ਸਾਰੀਆਂ ਹੀ ਕੌਮੀ ਪਾਰਟੀਆਂ ਦੇਸ਼ ਦੇ ਅੰਨਦਾਤੇ ਦੀਆਂ ਦੁਸ਼ਮਣ ਸਾਬਤ ਹੋ ਰਹੀਆਂ ਹਨ।

ਉਹਨਾਂ ਕਿਹਾ ਕਿ ਜਿਥੇ ਹਰਿਆਣਾ ਵਿਚ ਭਾਜਪਾ ਸਰਕਾਰ ਨੇ ਪੰਜਾਬ ਦੇ ਬਾਰਡਰ ਸੀਲ ਕੀਤੇ ਹੋਏ ਹਨ ਤੇ ਅੰਨਦਾਤਾ ਨੂੰ ਆਪਣੇ ਹੀ ਦੇਸ਼ ਦੀ ਰਾਜਧਾਨੀ ਵਿਚ ਨਹੀਂ ਜਾਣ ਦੇ ਰਹੇ, ਉਥੇ ਹੀ ਹੁਣ ਕਿਸਾਨਾਂ ਨਾਲ ਧੱਕਾ ਮੁੱਕੀ ਵੀ ਸ਼ੁਰੂ ਕਰ ਦਿੱਤੀ ਹੈ ਜਿਸ ਕਾਰਣ ਕਿਸਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਗੋਲੀਬਾਰੀ ਵਿਚ ਕਿਸਾਨ ਸ਼ੁਭਕਰਨ ਸਿੰਘ ਸ਼ਹੀਦ ਹੋ ਚੁੱਕਾ ਹੈ ਤੇ ਸੈਂਕੜੇ ਹੋਰ ਗੋਲੀਆਂ ਲੱਗਣ ਕਾਰਣ ਜ਼ਖ਼ਮੀ ਹੋ ਚੁੱਕੇ ਹਨ।
ਉਹਨਾਂ ਕਿਹਾ ਕਿ ਲੋਕਤੰਤਰ ਵਿਚ ਵਿਰੋਧ ਕਰਨਾ ਕਿਸਾਨਾਂ ਦਾ ਮੌਲਿਕ ਅਧਿਕਾਰ ਹੈ।

ਕਿਸਾਨਾਂ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਨੇ ਫਸਲਾਂ 'ਤੇ ਐਮ ਐਸ ਪੀ ਦੇਣ ਨੂੰ ਕਾਨੂੰਨੀ ਗਰੰਟੀ ਦਾ ਰੂਪ ਦੇਣ ਦਾ ਆਪਣਾ ਵਾਅਦਾ ਪੂਰਾ ਨਹੀਂ ਕੀਤਾ ਜਿਸ ਕਾਰਣ ਦੇਸ਼ ਭਰ ਵਿਚ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ।
ਉਹਨਾਂ ਕਿਹਾ ਕਿ ਹੁਣ ਪੁਲਿਸ ਦੇ ਮੁਲਾਜ਼ਮਾਂ ਤੇ ਭਾਜਪਾ ਵਰਕਰਾਂ ਵੱਲੋਂ ਕਿਸਾਨਾਂ ਨਾਲ ਧੱਕਾ ਮੁੱਕੀ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਕਾਰਣ ਅੱਜ ਕਿਸਾਨ ਦੀ ਮੌਤ ਹੋਈ ਹੈ ਜੋ ਬੇਹੱਦ ਦੁਖਦਾਈ ਹੈ।

ਐਨ ਕੇ ਸ਼ਰਮਾ ਨੇ ਕਿਹਾ ਕਿ ਇਸੇ ਤਰੀਕੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਵੀ ਅੰਨਦਾਤੇ ਦੀਆਂ ਦੁਸ਼ਮਣ ਬਣੀਆਂ ਹੋਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ 2022 ਵਿਚ ਵਾਅਦਾ ਕੀਤਾ ਸੀ ਕਿ ਉਹ ਸਾਰੀਆਂ 23 ਫਸਲਾਂ 'ਤੇ ਐਮ ਐਸ ਪੀ ਦੇਣਗੇ ਜਦੋਂ ਕਿ ਹੁਣ ਆਪਣੇ ਵਾਅਦੇ ਤੋਂ ਮੁੱਕਰ ਗਏ ਹਨ।

# ਪੰਜਾਬ 'ਚ ਹੋਇਆ ਵੱਡਾ ਅਨਾਜ ਘਪਲਾ, ਦੋਸ਼ੀ ਅ.ਫਸਰਾਂ ਖ਼ਿਲਾ.ਫ ਸ.ਖ਼ਤ ਕਾਰਵਾਈ ਦੇ ਹੁਕਮ



ਚੰਡੀਗੜ੍ਹ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬਠਿੰਡਾ ਦੇ ਪਨਸਪ ਸੈਂਟਰਾਂ 'ਚ ਕਣਕ ਦੇ ਭੰਡਾਰਣ ਨੂੰ ਲੈ ਕੇ ਭਾਰੀ ਬੇਨਿਯਮੀਆਂ ਸਾਹਮਣੇ ਆਈਆਂ ਹਨ। ਇੱਥੇ ਕਣਕ ਖ਼ੁਰਦ-ਬੁਰਦ ਅਤੇ ਨੁਕਸਾਨੀ ਜਾਣ ਕਾਰਨ ਪਨਸਪ ਨੂੰ 4 ਕਰੋੜ, 68 ਲੱਖ, 48 ਹਜ਼ਾਰ, 600 ਰੁਪਏ ਦਾ ਨੁਕਸਾਨ ਹੋਇਆ ਹੈ। ਜਾਂਚ 'ਚ ਕਰੀਬ ਅੱਧਾ ਦਰਜਨ ਅਧਿਕਾਰੀਆਂ ਦੀ ਮਿਲੀ-ਭੁਗਤ ਸਾਹਮਣੇ ਆਈ ਹੈ। ਪਨਸਪ ਨੇ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਪਹਿਲਾਂ ਰਿਟਾਇਰ ਐਡੀਸ਼ਨਲ ਸੈਸ਼ਨ ਜੱਜ ਨੂੰ ਬਤੌਰ ਜਾਂਚ ਅਧਿਕਾਰੀ ਸੌਂਪੀ ਸੀ। ਉਨ੍ਹਾਂ ਦੀ ਜਾਂਚ ਸਬੰਧੀ ਰਿਪੋਰਟ ਦੇ ਆਧਾਰ 'ਤੇ ਫੈਕਟ ਫਾਈਂਡਿੰਗ ਅ.ਫਸਰ ਦੇ ਤੌਰ ਦੇ ਰਿਟਾਇਰ ਐਡੀਸ਼ਨਲ ਸੈਸ਼ਨ ਜੱਜ ਨੂੰ ਲਾਇਆ ਗਿਆ, ਜਿਨ੍ਹਾਂ ਨੇ ਜਾਂਚ 'ਚ ਦੋਸ਼ੀ ਅਧਿਕਾਰੀਆਂ ਤੋਂ ਲੰਬੀ ਪੁੱਛਗਿੱਛ ਮਗਰੋਂ ਘਪਲਾ ਹੋਣਾ ਪਾਇਆ। ਰਿਪੋਰਟ ਦੇ ਆਧਾਰ 'ਤੇ ਅਧਿਕਾਰੀਆਂ ਤੋਂ ਤੁਰੰਤ ਰਿਕਵਰੀ ਦੀ ਸਿਫ਼ਾਰਿਸ਼ 'ਤੇ ਹੁਣ ਪਨਸਪ ਦੀ ਮੈਨੇਜਿੰਗ ਡਾਇਰੈਕਟਰ ਸੁਨਾਲੀ ਗਿਰੀ ਨੇ ਦੋਸ਼ੀ ਅ.ਫਸਰਾਂ ਦੀ ਪਛਾਣ ਕਰਕੇ ਉਨ੍ਹਾਂ ਤੋਂ ਰਿਕਵਰੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜੇਕਰ ਦੋਸ਼ੀ ਰਿਕਵਰੀ ਦੀ ਨਿਰਧਾਰਿਤ ਰਕਮ ਨਹੀਂ ਦਿੰਦੇ ਤਾਂ ਉਨ੍ਹਾਂ ਖ਼ਿਲਾਫ਼ ਐੱਫ. ਆਈ. ਆਰ. ਦਰਜ ਕੀਤੀ ਜਾ ਸਕਦੀ ਹੈ।

**ਸੇਵਾਮੁਕਤ ਹੋ ਚੁੱਕੇ ਹਨ 2 ਅਧਿਕਾਰੀ**

ਦਰਅਸਲ 2012-13 'ਚ ਕਰੀਬ 11 ਸਾਲ ਤੋਂ ਚੱਲੀ ਬਠਿੰਡਾ ਦੀ ਕਣਕ ਦੀ ਢੋਆ-ਢੁਆਈ 'ਚ ਵੱਡੀਆਂ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਦੀ ਜਾਂਚ 'ਚ ਉਸ ਸਮੇਂ ਸਬੰਧਿਤ ਕੇਂਦਰਾਂ 'ਚ ਤਾਇਨਾਤ 5 ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਪਾਏ ਗਏ ਸਨ। ਇਨ੍ਹਾਂ 'ਚੋਂ 2 ਅਧਿਕਾਰੀ ਹੁਣ ਸੇਵਾਮੁਕਤ ਹੋ ਚੁੱਕੇ ਹਨ। ਕਾਰਜਕਾਰੀ ਅਧਿਕਾਰੀਆਂ ਦੀਆਂ ਤਨਖ਼ਾਹਾਂ 'ਚੋਂ ਪੈਸੇ ਕੱਟ ਕੇ ਰਿਕਵਰੀ ਲਈ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਜੇਕਰ ਸਮਾਂ ਨਾ ਹੋਵੇ ਤਾਂ ਐੱਫ. ਆਈ. ਆਰ. ਦਰਜ ਕੀਤੀ ਜਾਵੇ।

# ਪੰਜਾਬ ਚੋਣਾਂ ਵਿੱਚ ਆਨੰਦਪੁਰ ਸਾਹਿਬ ਹਲਕੇ ਦੀ ਬਹੁਤ ਮਹੱਤਤਾ

ਮੁਹਾਲੀ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਕਾਂਗਰਸ ਪਾਰਟੀ ਤੋਂ ਚੋਣ ਲੜਨ ਜਾ ਰਹੇ ਵਿਜੇ ਇੰਦਰ ਸਿੰਗਲਾ ਲਈ ਅੱਜ ਦਾ ਦਿਨ ਇਕ ਮਹੱਤਵਪੂਰਨ ਦਿਨ ਰਿਹਾ ਕਿਉਂਕਿ ਕਾਂਗਰਸ ਪਾਰਟੀ ਦੇ ਆਗੂਆਂ ਦੇ ਨਾਲ-ਨਾਲ ਹਜ਼ਾਰਾਂ ਸਮਰਥਕ ਉਨਾਂ ਦੀ ਲੋਕ ਸਭਾ ਚੋਣਾਂ ਲਈ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਇਕੱਠੇ ਹੋਏ। ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਅਗਵਾਈ ਵਿੱਚ ਕਾਫਲੇ ਨੇ ਸ੍ਰੀ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਮੰਦਿਰ ਦੇ ਪਵਿੱਤਰ ਅਸਥਾਨਾਂ ਵਿੱਚ ਮੱਥਾ ਟੇਕਿਆ ਅਤੇ ਅਸ਼ੀਰਵਾਦ ਲਿਆ।



ਇਸ ਮੌਕੇ ਸੀਨੀਅਰ ਕਾਂਗਰਸੀਆਂ, ਵਰਕਰਾਂ, ਪੰਚਾਂ-ਸਰਪੰਚਾਂ, ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ-ਬਲਾਕ ਕਮੇਟੀ ਮੈਂਬਰਾਂ, ਮੁਹਾਲੀ ਨਿਗਮ ਦੇ ਕੌਂਸਲਰਾਂ, ਸਾਬਕਾ ਕੌਂਸਲਰਾਂ ਅਤੇ ਪਤਵੰਤੇ ਸੱਜਣਾਂ ਦੀ ਭਰਵੀਂ ਸ਼ਮੂਲੀਅਤ ਨੇ ਕਾਂਗਰਸ ਪਾਰਟੀ ਦੀਆਂ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ।

ਇਸ ਮੌਕੇ ਬੋਲਦਿਆਂ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਚੋਣਾਂ ਵਿੱਚ ਆਨੰਦਪੁਰ ਸਾਹਿਬ ਹਲਕੇ ਦੀ ਅਹਿਮ ਭੂਮਿਕਾ @ਤੇ ਜ਼ੋਰ ਦਿੰਦਿਆਂ ਆਨੰਦਪੁਰ ਸਾਹਿਬ ਸਮੇਤ ਸਾਰੇ 13 ਹਲਕਿਆਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਲਈ ਆਪਣੇ ਵਿਸ਼ਵਾਸ ਨੂੰ ਦੁਹਰਾਇਆ।

# ਪੰਜਾਬ 'ਚ ਭਾਜਪਾ ਉਮੀਦਵਾਰ ਦਾ ਵਿਰੋਧ ਕਰ ਰਹੇ ਕਿਸਾਨ ਦੀ ਹੋਈ ਮੌਤ

ਪਟਿਆਲਾ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਵਿਚਾਲੇ ਪਟਿਆਲਾ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਇੱਥੇ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਪਰਨੀਤ ਕੌਰ ਦਾ ਵਿਰੋਧ ਕਰ ਰਹੇ ਕਿਸਾਨਾਂ ਵਿਚੋਂ ਇਕ ਕਿਸਾਨ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਵਿਰੋਧ ਪ੍ਰਦਰਸ਼ਨ ਦੌਰਾਨ ਪੁਲਸ ਅਤੇ ਭਾਜਪਾ ਸਮਰਥਕਾਂ ਵੱਲੋਂ ਧੱਕਾ ਮੁੱਕੀ ਹੋਣ ਕਾਰਨ ਕਿਸਾਨ ਦੀ ਮੌਤ ਹੋਈ ਹੈ।

ਜਾਣਕਾਰੀ ਮੁਤਾਬਕ ਅੱਜ ਪਟਿਆਲਾ ਤੋਂ ਭਾਜਪਾ ਉਮੀਦਵਾਰ ਪਰਨੀਤ ਕੌਰ ਚੋਣ ਪ੍ਰਚਾਰ ਲਈ ਰਾਜਪੁਰਾ ਦੇ ਪਿੰਡ ਸਹਿਰਾ ਸਹਿਰੀ ਪਹੁੰਚੇ ਸੀ। ਇਸ ਦੌਰਾਨ ਕਿਸਾਨ ਉਨ੍ਹਾਂ ਦਾ ਵਿਰੋਧ ਕਰਨ ਲਈ ਮੌਕੇ 'ਤੇ ਪਹੁੰਚੇ ਹੋਏ ਸਨ। ਇਸ ਦੌਰਾਨ ਹੋਈ ਧੱਕਾ-ਮੁੱਕੀ ਵਿਚ ਇਕ ਕਿਸਾਨ ਹੇਠਾਂ ਡਿੱਗ ਗਿਆ ਜਿਸ ਨੂੰ ਸਾਥੀ ਕਿਸਾਨਾਂ ਵੱਲੋਂ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਹੈ। ਮ੍ਰਿਤਕ ਕਿਸਾਨ ਦੀ ਪਛਾਣ ਪਿੰਡ ਆਕੜੀ ਦੇ ਰਹਿਣ ਵਾਲੇ ਸੁਰਿੰਦਰਪਾਲ (45) ਵਜੋਂ ਹੋਈ ਹੈ।

# ਚੰਡੀਗੜ੍ਹ ਨੂੰ ਭਰੋਸਾ, ਭਾਜਪਾ ਦੇ 10 ਸਾਲਾਂ ਦੀ ਭਰਪਾਈ ਕੀਤੀ ਜਾਵੇਗੀ : ਤਿਵਾੜੀ

ਚੰਡੀਗੜ੍ਹ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਚੰਡੀਗੜ੍ਹ ਤੋਂ ਇੰਡੀਆ ਗਠਜੋੜ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਨੇ ਸ਼ਹਿਰ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਭਾਜਪਾ ਦੇ ਸ਼ਾਸਨ ਦੌਰਾਨ ਕੀਮਤੀ 10 ਸਾਲਾਂ ਦੇ ਨੁਕਸਾਨ ਦੀ ਭਰਪਾਈ ਕਰਨਗੇ। ਉਨ੍ਹਾਂ ਕਿਹਾ ਕਿ ਭਾਜਪਾ ਦੇ ਉਲਟ ਕਾਂਗਰਸ ਕੋਲ ਵਿਕਾਸ ਦਾ ਬਹੁ-ਆਯਾਮੀ ਦ੍ਰਿਸ਼ਟੀਕੋਣ ਹੈ, ਜੋ ਪੂਰੇ ਦੇਸ਼ ਦੀਆਂ ਲੋੜਾਂ ਹੀ ਨਹੀਂ ਸਗੋਂ ਸਥਾਨਕ ਲੋੜਾਂ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਇਸ ਤੋਂ ਇਲਾਵਾ, ਪਾਰਟੀ ਲੋੜਵੰਦ ਵਿਅਕਤੀਆਂ ਜਿਵੇਂ ਕਿ ਬੇਰੁਜ਼ਗਾਰ ਨੌਜਵਾਨਾਂ ਜਾਂ ਗਰੀਬ ਪਰਿਵਾਰਾਂ ਨੂੰ ਸਿੱਧੇ ਤੌਰ 'ਤੇ ਨਿਯਮਤ ਮਹੀਨਾਵਾਰ ਆਮਦਨ ਪ੍ਰਦਾਨ ਕਰਕੇ ਮਦਦ ਕੀਤੀ ਜਾਵੇਗੀ। ਤਿਵਾੜੀ ਸੈਕਟਰ 52, 21 ਅਤੇ 22 ਦੇ ਵੱਖ-ਵੱਖ ਬਾਜ਼ਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਲੋਕਾਂ ਨਾਲ ਗੱਲਬਾਤ ਕਰ ਰਹੇ ਸਨ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਸ਼ਹਿਰ ਤੋਂ ਲੈ ਕੇ ਰਾਸ਼ਟਰੀ ਰਾਜਧਾਨੀ ਤੱਕ ਸੱਤਾਧਾਰੀ ਭਾਜਪਾ ਸਰਕਾਰ ਦੀ ਉਦਾਸੀਨਤਾ ਕਾਰਨ ਚੰਡੀਗੜ੍ਹ ਦੇ ਕੀਮਤੀ 10 ਸਾਲਾਂ ਦਾ ਨੁਕਸਾਨ ਹੋ ਚੁੱਕਾ ਹੈ। ਤਿਵਾੜੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਭਾਜਪਾ ਕੋਲ ਸਭ ਕੁਝ ਹੈ, ਫਿਰ ਵੀ ਸ਼ਹਿਰ ਹਰ ਪੱਖ ਤੋਂ ਪਛੜ ਗਿਆ ਹੈ। ਇੱਥੋਂ ਤੱਕ ਕਿ ਸਿਟੀ ਬਿਊਟੀਫੁੱਲ ਚੰਡੀਗੜ੍ਹ ਵੀ ਹੁਣ ਦੇਸ਼ ਦੇ ਸਭ ਤੋਂ ਸਾਫ਼ ਸੁਥਰੇ ਸ਼ਹਿਰਾਂ ਵਿੱਚ ਨਹੀਂ ਗਿਣਿਆ ਜਾਂਦਾ। ਉਨ੍ਹਾਂ ਚੰਡੀਗੜ੍ਹ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਕੋਲ ਇੱਕ ਵਿਜ਼ਨ ਹੈ, ਜਿਸ ਤਹਿਤ ਉਹ ਜਲਦੀ ਹੀ ਇੱਕ ਖੁਸ਼ਹਾਲ ਅਤੇ ਅਗਾਂਹਵਧੂ ਚੰਡੀਗੜ੍ਹ ਬਣਾਉਣ ਦੀ ਯੋਜਨਾ ਉਲੀਕਣਗੇ, ਜਿੱਥੇ ਵਿਕਾਸ ਦੀ ਗੱਡੀ ਅੱਗੇ ਚੱਲੇਗੀ, ਨਾ ਕਿ ਪਿੱਛੇ। ਇਸ ਦਿਸ਼ਾ ਵਿੱਚ, ਇੱਕ ਸਨਮਾਨਯੋਗ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹੋਣ ਦਾ ਵਿਆਪਕ ਅਨੁਭਵ ਰੱਖਣ ਵਾਲੇ ਤਿਵਾੜੀ ਨੇ ਕਿਹਾ ਕਿ ਕਾਂਗਰਸ ਕੋਲ ਤਰੱਕੀ ਅਤੇ ਵਿਕਾਸ ਲਈ ਬਹੁ-ਆਯਾਮੀ ਰਣਨੀਤੀ ਅਤੇ ਪਹੁੰਚ ਹੈ। ਉਨ੍ਹਾਂ ਕਿਹਾ ਕਿ ਪਾਰਟੀ ਕੋਲ ਰਾਸ਼ਟਰ ਨਿਰਮਾਣ ਦੇ ਨਾਲ-ਨਾਲ ਸਥਾਨਕ ਖੇਤਰਾਂ ਦੇ ਵਿਕਾਸ ਲਈ ਵਿਸ਼ੇਸ਼ ਯੋਜਨਾਵਾਂ ਹਨ ਅਤੇ ਸਭ ਤੋਂ ਵੱਧ ਉਹ ਬੇਰੁਜ਼ਗਾਰ ਨੌਜਵਾਨਾਂ ਤੇ ਗਰੀਬ ਔਰਤਾਂ ਵਰਗੇ ਵਿਅਕਤੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਸਿੱਧੀ ਮਹੀਨਾਵਾਰ ਆਮਦਨ ਪ੍ਰਦਾਨ ਕਰਨਾ ਹੈ। ਇਸ ਮੌਕੇ ਤਿਵਾੜੀ ਨੇ ਪਾਰਟੀ ਦੀ 'ਗ੍ਰਹਿਲਕਸ਼ਮੀ' ਯੋਜਨਾ ਦਾ ਜ਼ਿਕਰ ਕੀਤਾ, ਜਿਸ ਤਹਿਤ ਹਰ ਗਰੀਬ ਪਰਿਵਾਰ ਦੀ ਇਕ ਔਰਤ ਨੂੰ ਹਰ ਮਹੀਨੇ 8500 ਰੁਪਏ ਦਿੱਤੇ ਜਾਣਗੇ, ਜੋ ਕਿ ਸਾਲਾਨਾ 1 ਲੱਖ ਰੁਪਏ ਹੈ। ਇਹ ਰਕਮ ਸਿੱਧੀ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਜਾਵੇਗੀ, ਜਿਸ ਨਾਲ ਯਕੀਨੀ ਤੌਰ 'ਤੇ ਸਬੰਧਤ ਪਰਿਵਾਰਾਂ ਨੂੰ ਆਰਥਿਕ ਮਦਦ ਮਿਲੇਗੀ।

# ਸਿੱਧੂ ਮੂਸੇਵਾਲਾ ਕਤਲਕਾਂਡ ਲਈ ਬਣ ਗਈ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ ਭਗਵੰਤ ਮਾਨ: ਜਾਖੜ

## ਕਬੂਲਨਾਮੇ ਮਗਰੋਂ ਸਕਿਊਰਟੀ ਲੈਪਸ ਦੇ ਮੁਲਜ਼ਮਾਂ ਉੱਤੇ ਕਾਰਵਾਈ ਦੀ ਪ੍ਰੈਸ ਕਾਨਫਰੰਸ ਕਦੋਂ ਕਰਨਗੇ ਸੀਐਮ ਭਗਵੰਤ ਮਾਨ

ਚੰਡੀਗੜ੍ਹ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਦੀ ਦਹਾਕਿਆਂ ਤੋਂ ਬੰਦ ਪਈ ਸੜਕ ਦੇ ਇੱਕ ਮਾਮਲੇ ਚ ਬੀਤੇ ਕੱਲ੍ਹ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਇਹ ਤੱਥ ਰੱਖ ਕੇ , ਪੰਜਾਬ ਦੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਉਨ੍ਹਾਂ ਦੀ ਵਾਰਦਾਤ ਵਾਲੇ ਦਿਨ ਤੋਂ ਦੋ ਦਿਨ ਪਹਿਲਾਂ ਘਟਾਈ ਗਈ ਸਕਿਊਰਟੀ ਕਾਰਨ ਹੋਇਆ ਸੀ, ਨੇ ਭਗਵੰਤ ਮਾਨ ਸਰਕਾਰ ਦੇ ਉਸ ਝੂਠ ਦਾ ਭਾਂਡਾ ਭੰਨ ਦਿੱਤਾ ਹੈ, ਜੋ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁਖੀ ਤੇ ਮੰਤਰੀਆਂ ਵੱਲੋਂ ਲਗਾਤਾਰ ਇਸ ਮਾਮਲੇ ਚ ਬੋਲਿਆ ਜਾ ਰਿਹਾ ਸੀ। ਹੁਣ ਭਗਵੰਤ ਮਾਨ ਸਿੱਧੂ ?ਮੂਸੇਵਾਲਾ ਕਤਲ ਕਾਂਡ ਦੀ ਬਣ ਗਈ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ।

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵੱਡੀ ਗੱਲ ਹੈ ਕਿ ਭਗਵੰਤ ਮਾਨ ਸਰਕਾਰ ਨੇ ਕੇਂਦਰ ਸਰਕਾਰ ਦੀਆਂ ਦਲੀਲਾਂ ਕਿ ਪੰਜਾਬ ਦੀ ਸੁਰੱਖਿਆ ਵਿਵਸਥਾ ਸੰਭਾਲਣ ਚ ਸੂਬੇ ਦੀ ਸਰਕਾਰ ਅਸਫਲ ਰਹੀ ਹੈ ਨੂੰ ਆਪਣੇ ਹੀ ਐਡਵੋਕੇਟ ਜਨਰਲ ਦੇ ਜ਼ਰੀਏ ਸੁਪਰੀਮ ਕੋਰਟ ਚ ਮੰਨਿਆ ਹੈ।

ਸੂਬਾ ਪ੍ਰਧਾਨ ਨੇ ਕਿਹਾ ਕਿ ਹੁਣ ਸਿੱਧੂ ਮੂਸੇਵਾਲਾ ਕਤਲਕਾਂਡ ਦੇ ਦੋਸ਼ੀਆਂ ਚ ਭਗਵੰਤ ਮਾਨ ਸਰਕਾਰ ਸਮੇਤ ਮੁੱਖ ਮੰਤਰੀ ਸਿੱਧੇ ਤੌਰ ਉੱਤੇ ਸ਼ਾਮਲ ਹੋ ਗਏ ਹਨ, ਜਿਸ ਸਬੰਧੀ ਸਿੱਧੂ ਮੂਸੇਵਾਲਾ ਦੇ ਪਿਤਾ ਬਾਪੂ ਬਲਕੌਰ ਸਿੰਘ ਨੇ ਮੰਗ ਵੀ ਕੀਤੀ ਹੈ ਕਿ ਉਸ ਦੇ ਪੁੱਤਰ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਸਕਿਊਰਟੀ ਘਟਾਉਣ ਤੇ ਇਸ ਨੂੰ ਜਨਤਕ ਤੌਰ ਉੱਤੇ ਪ੍ਰਚਾਰਨ ਦੇ ਮਾਮਲੇ ਚ ਸ਼ਾਮਲ ਅਧਿਕਾਰੀਆਂ ਖਿਲਾਫ ਐਫਆਈਆਰ ਕੀਤੀ ਜਾਵੇ।



ਸੂਬਾ ਪ੍ਰਧਾਨ ਜਾਖੜ ਨੇ ਸਵਾਲ ਕੀਤਾ ਕਿ ਕੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਇਸ ਹੱਤਿਆਕਾਂਡ ਦੇ ਨਵੇਂ ਅਧਿਆਇ ਦੇ ਮੁਤਾਬਕ ਸਿੱਧੇ ਜਾਂ ਅਸਿੱਧੇ ਰੂਪ ਚ ਸ਼ਾਮਲ ਪੰਜਾਬ ਸਰਕਾਰ ਦੇ ਅਧਿਕਾਰੀਆਂ ਐਫਆਈਆਰ ਦਰਜ ਕਰਨ ਤੇ ਇਸ ਸਬੰਧੀ ਪ੍ਰੈਸ ਕਾਨਫਰੰਸ ਕਰਨ ਦੀ ਜਲਦ ਤੋਂ ਜਲਦ ਖੇਚਲ ਕਰਨਗੇ।

ਜਾਖੜ ਨੇ ਕਿਹਾ ਕਿ ਸਭ ਤੋਂ ਪਹਿਲਾਂ ਸੀਐਮ ਭਗਵੰਤ ਮਾਨ ਨੇ ਸਿੱਧੂ ਮੂਸੇਵਾਲਾ ਦੀ ਸਕਿਊਰਿਟੀ ਘਟਾਈ, ਉਪਰੰਤ ਨਾਸਿਰਫ ਘੋਰ ਲਾਪ੍ਰਵਾਹੀ ਨਾਲ ਇਸ ਨੂੰ ਜਨਤਕ ਕੀਤਾ ਗਿਆ, ਇਸ ਫੈਸਲੇ ਦਾ ਪ੍ਰਚਾਰ ਕਰਕੇ ਆਪਣੇ ਸਿਰ ਸਿਹਰਾ ਵੀ ਬੰਨ੍ਹਿਆ ਗਿਆ।

ਪ੍ਰਧਾਨ ਜਾਖੜ ਨੇ ਕਿਹਾ ਕਿ ਨਾ ਸਿਰਫ ਸਿੱਧੂ ਮੂਸੇਵਾਲਾ ਕਤਲਕਾਂਡ ਚ ਖੁਦ ਨੂੰ ਜ਼ਿੰਮੇਵਾਰ ਮੰਨਣ ਤੇ ਸੂਬੇ ਦੀ ਸੁਰੱਖਿਆ ਵਿਵਸਥਾ ਸੰਭਾਲਣ ਚ ਆਪਣੀ ਅਸਫਲਤਾ ਨੂੰ ਲੈ ਕੇ ਖੁਦ ਮੁੱਖ ਮੰਤਰੀ ਭਗਵੰਤ ਮਾਨ ਇਸ ਨੈਤਿਕ ਜ਼ਿੰਮੇਵਾਰੀ ਤੋਂ ਕਿਵੇਂ ਮੁਨਕਰ ਹੋਣਗੇ ਕਿਉਂ ਜੋ ਉਹ ਇਸ ਘਟਨਾਚੱਕਰ ਮੌਕੇ ਸਰਕਾਰ ਦੇ ਮੁਖੀ ਸਨ। ਇਸ ਦੇ ਨਾਲ ਹੀ ਸੰਵਿਧਾਨਕ ਅਹੁਦੇ ਉੱਤੇ ਬਣੇ ਰਹਿੰਦਿਆਂ ਉਹ ਇਸ ਹੱਤਿਆਕਾਂਡ ਦੇ ਕਾਨੂੰਨੀ ਪਹਿਲੂਆਂ ਤੋਂ ਵੀ ਭੱਜ ਨਹੀਂ ਸਕਦੇ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੇ ਆਗੂਆਂ ਨੂੰ ਇਹ ਸਵਾਲ ਜ਼ਰੂਰ ਪੁੱਛਣਗੇ ਕਿ ਉਕਤ ਮਾਮਲਿਆਂ ਸਬੰਧੀ ਦੋ ਸਾਲ ਕੂੜ ਪ੍ਰਚਾਰ ਕਿਉਂ ਕੀਤਾ ਗਿਆ ਤੇ ਆਖਰ ਹੁਣ ਪੰਜਾਬ ਸਰਕਾਰ ਇਸ ਹਾਈ ਪ੍ਰੋਫਾਈਲ ਕਤਲ ਕਾਂਡ ਚ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਸ਼ਾਮਲ ਸਰਕਾਰੀ ਅਧਿਕਾਰੀਆਂ ਉੱਤੇ ਕਾਰਵਾਈ ਕਦੋਂ ਕਰਨ ਜਾ ਰਹੀ ਹੈ।

# ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਕਾਂਗਰਸ ਨੂੰ ਅਲਵਿਦਾ ਆਖ ਦਰਜਨਾਂ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ

ਸ਼੍ਰੀ ਅਨੰਦਪੁਰ ਸਾਹਿਬ 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਚੰਗਰ ਇਲਾਕੇ ਦੇ ਦਰਜਨਾਂ ਕਾਂਗਰਸੀ ਆਗੂਆਂ ਤੇ ਪਰਿਵਾਰਾਂ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਨੇ ਪਿੰਡ ਕਾਹੀਵਾਲ ਵਿਖੇ ਹੋਈ ਇਤਿਹਾਸਿਕ ਜਨ ਸਭਾ ਦੋਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ,ਇਸ ਮੌਕੇ ਪਿੰਡ ਪਹਾੜਪੁਰ ਤੋਂ ਚੋਧਰੀ ਦੋਲਤ ਰਾਮ ਧਰਮਪਾਲ ਆਪਣੇ ਕੁਟੰਬ ਸਮੇਤ,ਸਮਲਾਹ ਤੋਂ ਸਰਬਨ ਕੁਮਾਰ,ਦਰਸ਼ਨ ਸਿੰਘ ਹਰੀਪੁਰ,ਲੱਕੀ ਹਰੀਪੁਰ ਸਮੇਤ ਸੈਂਕੜੇ ਪਰਿਵਾਰ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ, ਇਸ ਮੋਕੇ ਪਾਰਟੀ ਵਿੱਚ ਸ਼ਾਮਲ ਹੋਏ ਇਨਾਂ ਆਗੂਆਂ ਨੇ ਕਿਹਾ ਕਿ ਉਹ ਪਿਛਲੇ ਦੋ ਸਾਲਾਂ ਤੋਂ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਬਿਨਾਂ ਕਿਸੇ ਭੇਦਭਾਵ ਤੋਂ ਹਲਕੇ ਵਿੱਚ ਕਰਵਾਏ ਜਾ ਰਹੇ ਸਰਬਪੱਖੀ ਵਿਕਾਸ ਤੇ ਹਲਕੇ ਦੀ ਦਿਨ-ਬ-ਦਿਨ ਬਦਲ ਰਹੀ ਨੁਹਾਰ ਨੂੰ ਵੇਖਦੇ ਆ ਰਹੇ ਹਨ।ਉਨਾਂ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਦੀ ਦੋ ਸਾਲਾਂ ਦੀ ਸ਼ਾਨਦਾਰ ਕਾਰਗੁਜਾਰੀ ਦੇਖਦੇ ਹੋਏ ਪਾਰਟੀ ਵਿੱਚ ਸ਼ਾਮਲ ਹੋਏ ਹਨ।ਉਨਾਂ ਕਿਹਾ ਕਿ ਅੱਜ ਤੱਕ ਕਿਸੇ ਵੀ ਸਰਕਾਰ ਵੱਲੋਂ ਚੰਗਰ ਇਲਾਕੇ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਗਿਆ ਪ੍ਰੰਤੂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਕੋਸ਼ਿਸ਼ਾਂ ਸੱਦਕਾ ਚੰਗਰ ਇਲਾਕੇ ਦਾ ਵਿਕਾਸ ਹੋ ਰਿਹਾ ਹੈ।ਉਨਾਂ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਚੰਗਰ ਇਲਾਕੇ ਦਾ ਨਾਮ ਵਿਧਾਨ ਸਭਾ ਵਿੱਚ ਗੂੰਜਿਆ ਤੇ ਇਲਾਕੇ ਦੀ ਪਾਣੀ ਦੀ ਵੱਡੀ ਸਮੱਸਿਆ ਦਾ ਹੱਲ ਕਰਨ ਲਈ ਲਿਫਟ ਇਰੀਗੇਸ਼ਨ ਸਕੀਮ ਤਹਿਤ 80 ਕਰੋੜ ਰੁਪਏ ਦੇ ਪ੍ਰੋਜੈਕਟ ਦਾ ਐਲਾਨ ਹੋਇਆ।ਉਨਾਂ ਕਿਹਾ ਚੰਗਰ ਦੇ ਪਿੰਡ ਲਖੇੜ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਨਵਾਂ ਸਕੂਲ ਬਣਾਇਆ ਜਾ ਰਿਹਾ ਹੈ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੂਬੇ ਦਾ ਲੋਕਾਂ ਨਾਲ ਜਿੰਨੇ ਵੀ ਵਾਅਦੇ ਕੀਤੇ,ਲਗਭਗ ਪੂਰੇ ਕੀਤੇ ਹਨ ਤੇ ਅੱਜ ਪੂਰੇ ਪੰਜਾਬ ਵਿੱਚ ਬਿਜਲੀ ਦੇ ਬਿੱਲ 0 ਆ ਰਹੇ ਹਨ।ਸਿੱਖਿਆ ਦੇ ਖੇਤਰ ਵਿੱਚ ਆਈ ਕ੍ਰਾਂਤੀ ਸਭ ਦੇ ਸਾਹਮਣੇ ਹੈ ਤੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਵਿੱਚ ਆਇਆ ਸੁਧਾਰ ਪੰਜਾਬ ਦੇ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ।ਸਿਹਤ ਸਹੂਲਤਾਂ ਦੀ ਗੱਲ ਕਰਦਿਆਂ ਉਨਾਂ ਕਿਹਾ ਕਿ ਅੱਜ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਮੁਫਤ ਮਿਲ ਰਹੀਆਂ ਹਨ ਤੇ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਉਨਾਂ ਕਿਹਾ ਕਿ ਉਪਰੋਕਤ ਸਾਰੀਆਂ ਸਹੂਲਤਾਂ ਤੋਂ ਪ੍ਰਭਾਵਿਤ ਹੋ ਕੇ ਆਪ ਵਿੱਚ ਸ਼ਾਮਲ ਹੋ ਰਹੇ ਹਨ ਤੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਬਿਹਤਰੀ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ।ਉਨਾਂ ਕਿਹਾ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਲਈ ਗਈ ਨਿੱਜੀ ਦਿਲਚਸਪੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼੍ਰੀ ਅਨੰਦਪੁਰ ਸਾਹਿਬ ਦੀ ਸ਼ਾਨ ਵਧਾ ਰਿਹਾ ਹੈ ਤੇ ਹਜਾਰਾਂ ਦੀ ਗਿਣਤੀ ਵਿੱਚ ਰੋਜਾਨਾ ਸ਼੍ਰੀ ਅਨੰਦਪੁਰ ਸਾਹਿਬ ਆ ਰਹੀਆਂ ਸੰਗਤਾਂ ਇਸ ਪਾਰਕ ਵਿੱਚ ਜਾ ਕੇ ਸਰਕਾਰ ਵੱਲੋਂ ਕੀਤੇ ਗਏ ਸ਼ਾਨਦਾਰ ਕਾਰਜ ਦੀਆਂ ਸਿਫਤਾਂ ਕਰਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।

